ਨਵੀਂ ਦਿੱਲੀ 5 ਅਗਸਤ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਸੁਪਰੀਮ ਕੋਰਟ ਵਲੋਂ ਰਾਹੁਲ ਗਾਂਧੀ ਦੇ ਫ਼ੌਜ ਨਾਲ ਸੰਬੰਧਤ ਇਕ ਬਿਆਨ ਨੂੰ ਲੈ ਕੇ ਨਾਖੁਸ਼ੀ ਜਤਾਏ ਜਾਣ ਦੇ ਇਕ ਦਿਨ ਬਾਅਦ ਮੰਗਲਵਾਰ ਨੂੰ ਕਿਹਾ ਕਿ ਜੱਜ ਇਹ ਤੈਅ ਨਹੀਂ ਕਰ ਸਕਦੇ ਕਿ ਕੌਣ ਸੱਚਾ ਭਾਰਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਰਾਹੁਲ ਗਾਂਧੀ ਦਾ ਫਰਜ਼ ਹੈ ਕਿ ਉਹ ਸਰਕਾਰ ਤੋਂ ਸਵਾਲ ਪੁੱਛਣ। ਪ੍ਰਿਯੰਕਾ ਗਾਂਧੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਭਰਾ ਫੌਜ ਦਾ ਬਹੁਤ ਸਤਿਕਾਰ ਕਰਦਾ ਹੈ ਪਰ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ। ਸੁਪਰੀਮ ਕੋਰਟ ਨੇ ਦਸੰਬਰ 2022 'ਚ 'ਭਾਰਤ ਜੋੜੋ ਯਾਤਰਾ' ਦੌਰਾਨ ਫ਼ੌਜ ਬਾਰੇ ਕੀਤੀ ਗਈ ਟਿੱਪਣੀ ਨੂੰ ਲੈ ਕੇ ਲਖਨਊ ਦੀ ਇਕ ਅਦਾਲਤ 'ਚ ਰਾਹੁਲ ਖ਼?ਲਾਫ਼ ਜਾਰੀ ਕਾਰਵਾਈ 'ਤੇ ਸੋਮਵਾਰ ਨੂੰ ਰੋਕ ਲਗਾ ਦਿੱਤੀ। ਹਾਲਾਂਕਿ ਅਦਾਲਤ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੋਂ ਨਾਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਜੇਕਰ ਉਹ ਸੱਚੇ ਭਾਰਤੀ ਹਨ ਤਾਂ ਅਜਿਹੀ ਗੱਲ ਨਹੀਂ ਕਹਿਣਗੇ। ਪ੍ਰਿਯੰਕਾ ਗਾਂਧੀ ਨੇ ਮੰਗਲਵਾਰ ਨੂੰ ਸੰਸਦ ਕੰਪਲੈਕਸ 'ਚ ਪੱਤਰਕਾਰਾਂ ਨੂੰ ਕਿਹਾ,''ਸੁਪਰੀਮ ਕੋਰਟ ਦੇ ਜੱਜਾਂ ਦਾ ਪੂਰਾ ਸਨਮਾਨ ਕਰਦੇ ਹੋਏ ਇਹ ਕਹਿਣਾ ਚਾਹੁੰਦੀ ਹਾਂ ਕਿ ਉਹ ਇਹ ਤੈਅ ਨਹੀਂ ਕਰ ਸਕਦੇ ਕਿ ਸੱਚਾ ਭਾਰਤੀ ਕੌਣ ਹੈ। ਇਹ ਵਿਰੋਧੀ ਧਿਰ ਦੇ ਨੇਤਾ ਦਾ ਕੰਮ ਅਤੇ ਕਰਤੱਵ ਹੈ ਕਿ ਸਰਕਾਰ ਤੋਂ ਪੁੱਛੇ ਅਤੇ ਉਸ ਨੂੰ ਚੁਣੌਤੀ ਦੇਵੇ।'' ਉਨ੍ਹਾਂ ਦਾ ਕਹਿਣਾ ਸੀ,''ਮੇਰਾ ਭਰਾ ਫ਼ੌਜ ਦੇ ਖ਼?ਲਾਫ਼ ਕਦੇ ਕੁਝ ਨਹੀਂ ਕਹਿਣਗੇ। ਉਹ ਫ਼ੌਜ ਦਾ ਬਹੁਤ ਸਨਮਾਨ ਕਰਦੇ ਹਨ। ਇਸ ਲਈ (ਉਨ੍ਹਾਂ ਦੀ ਟਿੱਪਣੀ ਨੂੰ) ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।''

# ਯੁਵਕ ਖੁਦ ਕਰ ਰਹੇ ਹਨ ਸਫਾਈ, ਸਵੱਛਤਾ ਇੱਕ ਅੰਦੋਲਨ ਬਣ ਗਈ ਹੈ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ: 5 ਅਗਸਤ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸਵੱਛ ਦਿੱਲੀ ਦੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਕੱਲ੍ਹ ਤਿਮਾਰਪੁਰ ਵਿਧਾਨ ਸਭਾ ਦੀ ਸੰਜੇ ਬਸਤੀ, ਮਾਲ ਰੋਡ (ਬੰਸਲ ਸਵੀਟਸ ਦੇ ਨੇੜੇ) ਵਿਖੇ "ਦਿੱਲੀ ਨੂੰ ਕੂੜੇ ਤੋਂ ਆਜ਼ਾਦੀ"ਅਭਿਆਨ ਦੇ ਅੰਤਰਗਤ ਚੱਲ ਰਹੇ ਮਹੀਨੇ ਭਰ ਦੇ ਸਫਾਈ ਅਭਿਆਨ ਦੀ ਅਗਵਾਈ ਕੀਤੀ ਅਤੇ ਖੁਦ ਝਾੜੂ ਲਗਾ ਕੇ ਨਾਗਰਿਕਾਂ ਨੂੰ ਸਵੱਛਤਾ ਲਈ ਪ੍ਰੇਰਿਤ ਕੀਤਾ। ਇੱਕ ਹੋਰ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ 'ਦਿੱਲੀ ਨੂੰ ਕੂੜੇ ਤੋਂ ਆਜ਼ਾਦੀ' ਅਭਿਆਨ ਵਿੱਚ ਆਮ ਜਨਤਾ ਦੀ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ 'ਸਵੱਛਤਾ ਚੈਲੰਜ' ਜਲਦੀ ਸ਼ੁਰੂ ਕੀਤਾ ਜਾਵੇਗਾ। ਇਸ ਅਭਿਆਨ ਵਿੱਚ ਪ੍ਰਸਿੱਧ ਹਸਤੀਆਂ ਨੂੰ ਵੀ ਜੋੜਿਆ ਜਾਵੇਗਾ। ਮੁੱਖ ਮੰਤਰੀ ਨੇ ਤਿਮਾਰਪੁਰ ਖੇਤਰ ਵਿੱਚ ਸਥਿਤ ਜੇਜੇ ਕਾਲੋਨੀ ਅਤੇ ਆਸਪਾਸ ਦੀਆਂ ਗਲੀਆਂ ਦਾ ਨਿਰੀਖਣ ਕਰਦਿਆਂ ਪਾਇਆ ਕਿ ਸਫਾਈ ਵਿਵਸਥਾ ਪ੍ਰਤੀ ਹੁਣ ਜਾਗਰੂਕਤਾ ਤੇਜ਼ੀ ਨਾਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਮੈਂ ਇੱਕ ਯੁਵਕ ਨੂੰ ਸਵੈ-ਇੱਛਾ ਨਾਲ ਬੱਸ ਸਟੈਂਡ ਦੀ ਸਫਾਈ ਕਰਦੇ ਦੇਖਿਆ। ਇਹ ਸੰਕੇਤ ਹੈ ਕਿ ਹੁਣ ਦਿੱਲੀ ਵਿੱਚ ਸਵੱਛਤਾ ਇੱਕ ਅੰਦੋਲਨ ਬਣ ਚੁੱਕੀ ਹੈ। ਯਹੀ ਨਾਗਰਿਕ ਭਾਗੀਦਾਰੀ ਇਸ ਅਭਿਆਨ ਦੀ ਆਤਮਾ ਹੈ। ਮੁੱਖ ਮੰਤਰੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਡੀਡੀਏ ਦੀਆਂ ਖਾਲੀ ਪਈਆਂ ਜ਼ਮੀਨਾਂ ਨੂੰ ਵੀ ਇਸ ਅਭਿਆਨ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਤੁਰੰਤ ਸਫਾਈ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਰੀਆਂ ਸਰਕਾਰੀ ਏਜੰਸੀਆਂ ਨੂੰ ਮਿਲ ਕੇ ਇਕਜੁੱਟ ਹੋ ਕੇ ਕੰਮ ਕਰਨਾ ਹੋਵੇਗਾ, ਤਦ ਹੀ ਦਿੱਲੀ ਨੂੰ ਸੱਚਮੁੱਚ ਕੂੜੇ ਤੋਂ ਮੁਕਤ ਕੀਤਾ ਜਾ ਸਕੇਗਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਅਭਿਆਨ ਨੂੰ ਸਿਰਫ ਸਫਾਈ ਤੱਕ ਸੀਮਤ ਨਾ ਸਮਝਣ, ਸਗੋਂ ਇਸ ਨੂੰ ਇੱਕ ਵਿਵਹਾਰ ਪਰਿਵਰਤਨ ਦੀ ਪਹਿਲ ਸਮਝਣ। ਉਨ੍ਹਾਂ ਕਿਹਾ ਕਿ ਇਹ ਅਭਿਆਨ ਦਿੱਲੀ ਨੂੰ ਸਵੱਛ, ਸੁੰਦਰ ਅਤੇ ਸਿਹਤਮੰਦ ਬਣਾਉਣ ਦੀ ਸਾਡੀ ਵਚਨਬੱਧਤਾ ਦਾ ਸਬੂਤ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਡਾ ਟੀਚਾ ਸਿਰਫ ਸਫਾਈ ਕਰਨਾ ਨਹੀਂ, ਸਗੋਂ ਲੋਕਾਂ ਦੀ ਸੋਚ ਨੂੰ ਬਦਲਣਾ ਹੈ। ਦਿੱਲੀ ਸਰਕਾਰ ਰਾਜਧਾਨੀ ਨੂੰ ਸਵੱਛ, ਆਧੁਨਿਕ ਅਤੇ ਨਾਗਰਿਕ-



ਕੇਂਦਰਿਤ ਰਾਜਧਾਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸ ਅਭਿਆਨ ਨਾਲ ਰਾਜਧਾਨੀ ਦਿੱਲੀ ਵਿੱਚ ਇੱਕ ਨਵੀਂ ਸ਼ੁਰੂਆਤ ਹੋ ਚੁੱਕੀ ਹੈ। ਇਸ ਜਨ-ਜਾਗਰਣ ਦੀ ਪਹਿਲ ਵਿੱਚ ਮੁੱਖ ਮੰਤਰੀ ਦੇ ਨਾਲ ਸਥਾਨਕ ਵਿਧਾਇਕ ਸ੍ਰੀ ਸੂਰਜ ਪ੍ਰਕਾਸ਼ ਖੱਤਰੀ, ਮੇਅਰ ਸਰਦਾਰ ਰਾਜਾ ਇਕਬਾਲ ਸਿੰਘ, ਐਮਸੀਡੀ ਕਮਿਸ਼ਨਰ, ਅਧਿਕਾਰੀ, ਸਫਾਈ ਕਰਮਚਾਰੀ, ਆਰਡਬਲਯੂਏ ਪ੍ਰਤੀਨਿਧੀ, ਸਮਾਜਿਕ ਸੰਸਥਾਵਾਂ ਦੇ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਵੀ ਸ਼ਾਮਲ ਹੋਏ। ਇੱਕ ਹੋਰ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਨੂੰ ਕੂੜੇ ਤੋਂ ਆਜ਼ਾਦੀ ਅਭਿਆਨ ਵਿੱਚ ਆਮ ਜਨਤਾ ਦੀ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ 'ਸਵੱਛਤਾ ਚੈਲੰਜ' ਜਲਦੀ ਸ਼ੁਰੂ ਕੀਤਾ ਜਾਵੇਗਾ। ਇਸ ਚੈਲੰਜ ਦੇ ਤਹਿਤ ਦੇਸ਼ ਦੀ ਆਜ਼ਾਦੀ ਦੇ 78 ਸਾਲਾਂ ਦੀ ਪ੍ਰਤੀਕਾਤਮਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼ੁਰੂਆਤ ਵਿੱਚ 78 ਨਾਗਰਿਕਾਂ ਨੂੰ ਨਾਮਜ਼ਦ ਕੀਤਾ ਜਾਵੇਗਾ। ਹਰ ਨਾਮਜ਼ਦ ਵਿਅਕਤੀ ਅੱਗੇ ਪੰਜ ਹੋਰ ਲੋਕਾਂ ਨੂੰ ਚੁਣ ਕੇ ਅਭਿਆਨ ਨਾਲ ਜੋੜੇਗਾ, ਜਿਸ ਨਾਲ ਰਾਜਧਾਨੀ ਵਿੱਚ ਸਵੱਛਤਾ ਦਾ ਇੱਕ ਮਜ਼ਬੂਤ ਅਤੇ ਵਿਸਤ੍ਰਿਤ ਨੈਟਵਰਕ ਤਿਆਰ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਅਭਿਆਨ ਵਿੱਚ ਯੁਵਾਵਾਂ ਨੂੰ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਪ੍ਰਸਿੱਧ ਸੈਲੀਬ੍ਰਿਟੀਜ਼ ਨੂੰ ਵੀ ਜੋੜਿਆ ਜਾਵੇਗਾ। ਇਨ੍ਹਾਂ ਦੀ ਭਾਗੀਦਾਰੀ ਨਾਲ ਜਾਗਰੂਕਤਾ ਨੂੰ ਨਵਾਂ ਆਯਾਮ ਮਿਲੇਗਾ ਅਤੇ ਅਭਿਆਨ ਵਿੱਚ ਵਿਆਪਕ ਜਨ-ਭਾਗੀਦਾਰੀ ਸੁਨਿਸ਼ਚਿਤ ਹੋਵੇਗੀ।

ਕੌਮੀ ਪੱਤ੍ਰਿਕਾ

# ਮੋਹਾਲੀ ਵਿੱਚ ਤਿੰਨ ਮਹੀਨੇ ਦੇ ਵਿੱਤੀ ਸਮਾਵੇਸ਼ਨ ਸੈਚੂਰੇਸ਼ਨ ਮੁਹਿੰਮ ਦਾ ਵਿਸ਼ੇਸ਼ ਕੈਂਪ ਆਯੋਜਿਤ

**ਮੁਹਾਲੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਅਤੇ ਭਾਰਤੀ ਰਿਜ਼ਰਵ ਬੈਂਕ ਦੀ ਅਗਵਾਈ ਹੇਠ ਜ਼ਿਲ੍ਹਾ ਮੋਹਾਲੀ ਦੇ ਪਿੰਡ ਬਿਊਰੋਹੇੜੀ ਵਿੱਚ ਤਿੰਨ ਮਹੀਨੇ ਦੇ ਵਿੱਤੀ ਸਮਾਵੇਸ਼ਨ ਸੈਚੂਰੇਸ਼ਨ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼੍ਰੀ ਅਜੇ ਕੁਮਾਰ, ਭਾਰਤੀ ਰਿਜ਼ਰਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਮੌਜੂਦ ਰਹੇ। ਉਨ੍ਹਾਂ ਦੇ ਨਾਲ ਹੀ ਸ਼੍ਰੀ ਅਸ਼ੋਕ ਚੰਦਰ, ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ, ਸ਼੍ਰੀ ਵਿਵੇਕ ਸ਼੍ਰੀਵਾਸਤਵ, ਖੇਤਰੀ ਨਿਦੇਸ਼ਕ, ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ, ਸ਼੍ਰੀ ਵਿਨੋਦ ਕੁਮਾਰ ਆਰੀਆ, ਮੁੱਖ ਜਨਰਲ ਮੈਨੇਜਰ, ਨਾਬਾਰਡ, ਸ਼੍ਰੀ ਪੰਕਜ ਸੇਤੀਆ, ਜਨਰਲ ਮੈਨੇਜਰ ਵੀ ਮੌਜੂਦ ਰਹੇ।



ਇਸ ਅਵਸਰ 'ਤੇ ਪਰਮੇਸ਼ ਕੁਮਾਰ, ਸੰਯੋਜਕ, ਐੱਸਐੱਲਬੀਸੀ ਪੰਜਾਬ, ਰਾਮ ਕਿਸ਼ੋਰ ਮੀਣਾ, ਡਿਪਟੀ ਜਨਰਲ ਮੈਨੇਜਰ, ਪੀਐੱਨਬੀ ਅਤੇ ਐੱਸਐੱਲਬੀਸੀ ਪੰਜਾਬ, ਪੰਕਜ ਆਨੰਦ, ਸਰਕਲ ਹੈੱਡ, ਪੀਐੱਨਬੀ, ਅਤੇ ਐੱਮ.ਕੇ. ਭਾਰਦਵਾਜ, ਐੱਲਡੀਐੱਮ ਮੋਹਾਲੀ ਵੀ ਮੌਜੂਦ ਸਨ। ਇਸ ਤੋਂ ਇਲਾਵਾ, ਐੱਸਬੀਆਈ, ਪੀਜੀਬੀ, ਪੀਐੱਸਬੀ, ਬੀਓਬੀ, ਯੂਬੀਆਈ, ਕੇਨਰਾ ਬੈਂਕ, ਐਕਸਿਸ ਬੈਂਕ, ਐੱਚਡੀਐੱਫਸੀ ਬੈਂਕ ਅਤੇ ਆਈਸੀਆਈਸੀਆਈ ਬੈਂਕ ਦੇ ਰਾਜ ਮੁਖੀਆਂ ਅਤੇ ਸੀਨੀਅਰ ਅਧਿਕਾਰੀਆਂ ਦੀ ਵੀ ਸਰਗਰਮ ਭਾਗੀਦਾਰੀ ਰਹੀ।

ਭਾਰਤੀ ਰਿਜ਼ਰਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ, ਅਜੇ ਕੁਮਾਰ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ 1 ਜੁਲਾਈ ਤੋਂ 30 ਸਤੰਬਰ 2025 ਤੱਕ ਚਲਾਈ ਜਾ ਰਹੀ ਇਹ ਤਿੰਨ ਮਹੀਨਿਆਂ ਦੀ ਵਿਸ਼ੇਸ਼ ਵਿੱਤੀ ਸਮਾਵੇਸ਼ ਰਜਿਸਟ੍ਰੇਸ਼ਨ ਮੁਹਿੰਮ, ਸਮਾਜਿਕ ਸੁਰੱਖਿਆ ਅਤੇ ਆਤਮ-ਨਿਰਭਰ ਭਾਰਤ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਗ੍ਰਾਮ ਪੰਚਾਇਤ ਪੱਧਰ 'ਤੇ ਲਗਾਏ ਜਾ ਰਹੇ ਕੈਂਪਾਂ ਵਿੱਚ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤਹਿਤ ਖਾਤੇ ਖੋਲ੍ਹਣਾ, ਅਕਿਰਿਆਸ਼ੀਲ ਖਾਤਿਆਂ ਵਿੱਚ ਕੇਵਾਈਸੀ ਦਸਤਾਵੇਜ਼ ਪ੍ਰਾਪਤ ਕਰਨਾ, ਜੀਵਨ ਅਤੇ ਦੁਰਘਟਨਾ ਬੀਮਾ ਯੋਜਨਾਵਾਂ (ਪੀਐੱਮਜੇਜੇਬੀਵਾਈ, ਪੀਐੱਮਐੱਸਬੀਵਾਈ), ਅਟਲ ਪੈਨਸ਼ਨ ਯੋਜਨਾ (ਏਪੀਵਾਈ) ਵਿੱਚ ਨਾਮਾਂਕਨ, ਡਿਜੀਟਲ ਧੋਖਾਧੜੀ ਨੂੰ ਰੋਕਣ ਦੇ ਉਪਾਵਾਂ ਬਾਰੇ ਜਾਣਕਾਰੀ, ਅਤੇ ਸ਼ਿਕਾਇਤ ਸਮਾਧਾਨ ਦੀ ਪ੍ਰਕਿਰਿਆ ਨਾਲ ਸਬੰਧਤ ਸੇਵਾਵਾਂ ਇੱਕ ਥਾਂ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਸਿਰਫ਼ ਇੱਕ ਬੈਂਕਿੰਗ ਗਤੀਵਿਧੀ ਨਹੀਂ, ਸਗੋਂ ਇੱਕ ਸਮਾਜਿਕ ਮਿਸ਼ਨ ਹੈ, ਜਿਸ ਵਿੱਚ ਹਰ ਵਿਅਕਤੀ ਨੂੰ ਨਾ ਸਿਰਫ਼ ਖੁਦ ਨੂੰ ਜੁੜਨਾ ਹੈ, ਸਗੋਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਜੋੜਨਾ ਹੈ, ਤਾਂਕਿ ਕੋਈ ਵੀ ਯੋਗ ਨਾਗਰਿਕ ਇਸ ਸੁਰੱਖਿਆ ਜਾਲ ਤੋਂ ਵਾਂਝਾ ਨਾ ਰਹੇ। ਪੰਜਾਬ ਵਿੱਚ ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਜੋੜਿਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਅਭਿਯਾਨ ਹੋਰ ਤੇਜ਼ੀ ਨਾਲ ਅੱਗੇ ਵਧੇਗਾ।

ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਅਸ਼ੋਕ ਚੰਦਰ ਨੇ ਕਿਹਾ ਕਿ ਵਿੱਤੀ ਸਮਾਵੇਸ਼ਨ ਸੈਚੂਰੇਸ਼ਨ ਮੁਹਿੰਮ ਦੇਸ਼ ਦੇ ਹਰੇਕ ਨਾਗਰਿਕ ਤੱਕ ਬੈਂਕਿੰਗ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਵੱਲ ਇੱਕ ਵੱਡਾ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੈਸ਼ਨਲ ਬੈਂਕ, ਐੱਸਐੱਲਬੀਸੀ ਪੰਜਾਬ ਦੇ ਸੰਯੋਜਕ ਬੈਂਕ ਵਜੋਂ, 10 ਜ਼ਿਲ੍ਹਿਆਂ ਵਿੱਚ ਲੀਡ ਬੈਂਕ ਦੀ ਭੂਮਿਕਾ ਨਿਭਾ ਰਿਹਾ ਹੈ ਅਤੇ ਪਿੰਡ-ਪਿੰਡ ਜਾ ਕੇ ਵਿੱਤੀ ਸਾਖਰਤਾ ਨੂੰ ਉਤਸ਼ਾਹਿਤ ਕਰ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੀਐੱਨਬੀ ਨੇ ਹੁਣ ਤੱਕ ਕਰੋੜਾਂ ਲੋਕਾਂ ਨੂੰ ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਜੀਵਨ ਬੀਮਾ ਯੋਜਨਾਵਾਂ ਅਤੇ ਅਟਲ ਪੈਨਸ਼ਨ ਯੋਜਨਾ ਨਾਲ ਜੋੜਿਆ ਹੈ, ਅਤੇ ਬੈਂਕ ਦੀਆਂ 10,000+ ਸ਼ਾਖਾਵਾਂ, 33,000+ ਬੀਸੀ ਪੁਆਇੰਟਸ, ਮੋਬਾਈਲ ਐਪ ਅਤੇ ਨੈੱਟ ਬੈਂਕਿੰਗ ਰਾਹੀਂ ਇਹ ਸੇਵਾਵਾਂ ਸੁਚਾਰੂ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਨੇ ਸਾਈਬਰ ਸੁਰੱਖਿਆ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਗਾਹਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਨਿਜੀ ਜਾਣਕਾਰੀ ਕਿਸੇ ਨਾਲ ਸਾਂਝਾ ਨਾ ਕਰਨ, ਅਤੇ ਕਿਸੇ ਵੀ ਧੋਖਾਧੜੀ ਦੀ ਸਥਿਤੀ ਵਿੱਚ ਤੁਰੰਤ ਸਾਈਬਰ ਪੋਰਟਲ ਜਾਂ ਹੈਲਪਲਾਈਨ ਨੰਬਰ 1930 'ਤੇ ਸ਼ਿਕਾਇਤ ਦਰਜ ਕਰਵਾਉਣ।

ਉਨ੍ਹਾਂ ਨੇ ਕਿਹਾ ਕਿ ਇਹ ਮੁਹਿੰਮ ਨਾ ਸਿਰਫ਼ ਵਿੱਤੀ ਸਮਾਵੇਸ਼ਨ ਨੂੰ ਉਤਸ਼ਾਹਿਤ ਕਰਦੀ ਹੈ ਸਗੋਂ ÷ਹਰੇਕ ਨਾਗਰਿਕ ਨੂੰ ਸੁਰੱਖਿਆ, ਹਰ ਪਰਿਵਾਰ ਨੂੰ ਵਿੱਤੀ ਸਹਾਇਤਾ÷ ਯਕੀਨੀ ਬਣਾਉਣ ਵੱਲ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦਾ ਇੱਕ ਸਸ਼ਕਤ ਮਾਧਿਅਮ ਵੀ ਹੈ। ਉਨ੍ਹਾਂ ਨੇ ਸਾਰੇ ਨਾਗਰਿਕਾਂ, ਬੈਂਕ ਕਰਮਚਾਰੀਆਂ ਅਤੇ ਭਾਈਵਾਲ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਮੁਹਿੰਮ ਨੂੰ ਇੱਕ ਜਨ ਅੰਦੋਲਨ ਦਾ ਰੂਪ ਦੇਣ ਅਤੇ ਇਕੱਠੇ ਹੋ ਕੇ ਇਸ ਦੇ ਟੀਚੇ ਦੀ ਪ੍ਰਾਪਤੀ ਨੂੰ ਯਕੀਨੀ ਬਣਾਉਣ।

ਪ੍ਰੋਗਰਾਮ ਵਿੱਚ ਬੈਂਕਾਂ ਦੁਆਰਾ ਮੌਕੇ 'ਤੇ ਹੀ ਕੇਵਾਈਸੀ ਅਤੇ ਸੁਰੱਖਿਆ ਯੋਜਨਾਵਾਂ ਵਿੱਚ ਰਜਿਸਟ੍ਰੇਸ਼ਨ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੌਰਾਨ, ਮੌਤ ਦੇ ਦਾਅਵਿਆਂ ਅਧੀਨ ਸੁਰੱਖਿਆ ਬੀਮਾ ਲਾਭਾਰਥੀਆਂ ਨੂੰ 2-2 ਲੱਖ ਰੁਪਏ ਦੇ ਚੈੱਕ ਵੀ ਵੰਡੇ ਗਏ। ਐੱਸਬੀਆਈ ਦੇ ਜਨਰਲ ਮੈਨੇਜਰ ਨੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲਾਂ ਵਿੱਚ ਡੇਂਗੂ ਦੀ ਰੋਕਥਾਮ ਲਈ ਕੀਤੀਆਂ ਗਈਆਂ ਗਤੀਵਿਧੀਆਂ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਹਤ ਮੰਤਰੀ ਡਾ੍ਹ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਪਟਿਆਲਾ ਡਾ੍ਹ ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਟਿਆਲਾ ਜਿਲ੍ਹੇ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ।

ਇਸ ਦੌਰਾਨ ਡੇਂਗੂ ਦੀ ਰੋਕਥਾਮ ਤੇ ਜਾਗਰੂਕਤਾ ਫੈਲਾਉਣ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਨਾਲ ਹੀ ਲਾਰਵੇ ਦੀ ਜਾਂਚ ਕਰਨ ਉਪਰੰਤ ਨਾਲ ਦੀ ਨਾਲ ਹੀ ਉਸ ਨੂੰ ਖਤਮ ਕਰਵਾਇਆ ਗਿਆ। ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਅਮਲੇ ਨੂੰ ਡੇਂਗੂ ਬਾਰੇ ਜਾਗਰੂਕ ਕਰਨ ਲਈ ਸਿਹਤ ਅਧਿਕਾਰੀਆਂ ਵੱਲੋਂ ਲੈਕਚਰ ਦਿੱਤੇ ਗਏ ਤੇ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਪਛਾਣ ਵੀ ਕਰਵਾਈ ਗਈ।

ਅੱਜ ਦੀ ਮੁਹਿਮ ਵਿੱਚ ਪਟਿਆਲਾ ਸ਼ਹਿਰੀ ਖੇਤਰ ਵਿੱਚ ਗੌਰਮੈਂਟ ਸ਼ਕੁੰਤਲਾ ਸੀਨੀਅਰ ਸੈਕੰਡਰੀ ਸਕੂਲ, ਪਲੇਅਵੇਅ ਹਾਈ ਸਕੂਲ, ਬੀਐਨ ਖਾਲਸਾ ਸਕੂਲ, ਅਰਬਿੰਦੋ ਸਕੂਲ, ਬੁੱਢਾ ਦਲ ਪਬਲਿਕ ਸਕੂਲ, ਗੁਰੂ ਨਾਨਕ ਫਾਊਂਡੇਸ਼ਨ ਸਕੂਲ, ਵੀਰ ਹਕੀਕਤ ਰਾਏ ਸਕੂਲ, ਆਰੀਆ ਹਾਈ ਸਕੂਲ, ਦੇਹਰਾਦੂਨ ਪਬਲਿਕ ਸਕੂਲ ਡੀਐਲਐਫ ਕਲੋਨੀ, ਗੌਰਮੈਂਟ ਸਾਂਝਾ ਸਕੂਲ ਤ੍ਰਿਪੜੀ, ਗੌਰਮੈਂਟ ਮਿਡਲ ਸਕੂਲ ਨਿਊ ਯਾਦਵਿੰਦਰਾ ਕਲੋਨੀ, ਗੌਰਮੈਂਟ ਮਿਡਲ ਸਕੂਲ ਫੈਕਟਰੀ ਏਰੀਆ, ਸਿਵਲ ਲਾਈਨਜ਼ ਸਕੂਲ, ਮਲਟੀਪਰਪਸ ਸਕੂਲ, ਵਿਕਟੋਰੀਆ ਸਕੂਲ ਕਿਤਾਬਾਂ ਵਾਲਾ ਬਜ਼ਾਰ, ਗੌਰਮੈਂਟ ਗਰਲਜ਼ ਸਕੂਲ ਪੁਲਿਸ ਲਾਈਨ ਸਮਾਨੀਆ ਗੇਟ, ਗੌਰਮੈਂਟ ਮਿਡਲ ਸਕੂਲ ਕਰਤਾਰ ਕਲੋਨੀ, ਡੀਏਵੀ ਸਕੂਲ ਕਵਰ ਕੀਤੇ ਗਏ ਅਤੇ ਕਈ ਥਾਵਾਂ ਤੇ ਮਿਲਿਆ ਲਾਰਵਾ ਨਸ਼ਟ ਕਰਵਾਇਆ ਗਿਆ। ਜਿਲ੍ਹਾ ਐਪੀਡੇਮੋਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰ ਬਰਸਾਤ ਦਾ ਮੌਸਮ ਜਲਦ ਸ਼ੁਰੂ ਹੋਣ ਅਤੇ ਬਾਰ-ਬਾਰ ਹੋ ਰਹੀ ਬਰਸਾਤ ਕਾਰਨ ਡੇਂਗੂ ਦਾ ਲਾਰਵਾ ਵੱਧ ਤਾਦਾਦ ਵਿੱਚ ਮਿਲ ਰਿਹਾ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਿਆ ਜਾਵੇ ਤੇ ਘਰਾਂ ਦੇ ਨੇੜੇ ਤੇੜੇ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ। ਉਨ੍ਹਾਂ ਇਹ ਵੀ ਆਖਿਆ ਕਿ ਜਿੱਥੇ ਕਿਤੇ ਵੀ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਲਾਰਵਾ ਮਿਲ ਰਿਹਾ ਹੈ ਉਸ ਨੂੰ ਮੌਕੇ ਉੱਤੇ ਹੀ ਨਸ਼ਟ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਖੜ੍ਹੇ ਪਾਣੀ ਉੱਤੇ ਵੀ ਲਾਰਵੀਸਾਈਡ ਦਾ ਸਪਰੇਅ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜਿਲ੍ਹੇ ਵਿੱਚ ਹੁਣ ਤੱਕ 15 ਡੇਂਗੂ ਦੇ ਕੇਸ ਪਾਏ ਗਏ ਹਨ। ਉਹਨਾਂ ਤੇਜ਼ ਬੁਖਾਰ ਅਤੇ ਬਦਨ ਦਰਦ ਦੀ ਸ਼ਿਕਾਇਤ ਹੋਣ ਤੇ ਡੇਂਗੂ ਜਾਂਚ ਕਰਵਾਉਣ ਦੀ ਸਲਾਹ ਦਿੱਤੀ। ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ, ਨਰਸਿੰਗ ਸਟਾਫ, ਵੀਐਚ ਐਨਸੀ ਮੈਂਬਰਾਂ ਤੇ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਇਸ ਹਫਤੇ ਜਿਲ੍ਹੇ ਭਰ ਦੇ 41540 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 421 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 507991 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 2789 ਥਾਂਵਾ ਤੇ ਮਿਲੇ ਲਾਰਵਾ ਮਿਲਿਆ ਜਿਸ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।

# ਗੁਰਮੀਤ ਸਿੰਘ ਖੁੱਡੀਆਂ ਨੇ 11 ਨਵ-ਨਿਯੁਕਤ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਆਪਣੇ ਦਫ਼ਤਰ ਵਿਖੇ ਖੇਤੀਬਾੜੀ ਵਿਭਾਗ ਵਿੱਚ 11 ਨੌਜਵਾਨਾਂ ਨੂੰ ਖੇਤੀਬਾੜੀ ਵਿਕਾਸ ਅਫ਼ਸਰ (ਏ.ਡੀ.ਓ.) ਵਜੋਂ ਨਿਯੁਕਤੀ ਪੱਤਰ ਸੌਂਪੇ।

ਨਵ-ਨਿਯੁਕਤ ਏ.ਡੀ.ਓਜ਼ ਨੂੰ ਵਧਾਈ ਦਿੰਦੇ ਹੋਏ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਉਨ੍ਹਾਂ ਨੂੰ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦਿਆਂ ਸੂਬੇ ਦੇ ਕਿਸਾਨਾਂ ਦੀ ਬਿਹਤਰੀ ਅਤੇ ਖੇਤੀਬਾੜੀ ਸੈਕਟਰ ਦੇ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਲਿਜਾਣ ਲਈ ਅਣਥੱਕ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਅਫਸਰਾਂ ਦੀਆਂ ਜ਼ਿੰਮੇਵਾਰੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਪੰਜਾਬ ਨੂੰ ਇੱਕ ਖੁਸ਼ਹਾਲ ਖੇਤੀਬਾੜੀ ਸੂਬਾ ਬਣਾਉਣ ਲਈ ਕਿਸਾਨਾਂ ਨੂੰ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ।

ਖੇਤੀਬਾੜੀ ਵਿਭਾਗ ਦੀ ਭਰਤੀ ਮੁਹਿੰਮ 'ਤੇ ਚਾਨਣਾ ਪਾਉਂਦਿਆਂ ਸ. ਖੁੱਡੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ 20 ਮਈ, 2025 ਨੂੰ 184 ਖੇਤੀਬਾੜੀ ਵਿਕਾਸ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਸਨ। ਇਨ੍ਹਾਂ 11 ਨਵ-ਨਿਯੁਕਤ ਏ.ਡੀ.ਓਜ਼ ਦੀ ਭਰਤੀ ਨਾਲ ਵਿਭਾਗ ਵਿੱਚ ਭਰਤੀ ਕੀਤੇ ਗਏ ਏ.ਡੀ.ਓਜ਼ ਦੀ ਕੁੱਲ ਗਿਣਤੀ ਹੁਣ 195 ਹੋ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੱਤਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਸੂਬੇ ਦੇ ਨੌਜਵਾਨਾਂ ਨੂੰ 55000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਹ ਭਰਤੀ ਵਿਭਾਗ ਦੀ ਸਮਰੱਥਾ ਵਿੱਚ ਵਾਧਾ ਕਰੇਗੀ ਜਿਸ ਨਾਲ ਸੂਬੇ ਦੇ ਕਿਸਾਨਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਕੁਸ਼ਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਨਵ-ਨਿਯੁਕਤ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# 15 ਅਗਸਤ ਤੱਕ ਪ੍ਰਾਪਰਟੀ ਟੈਕਸ ਭਰਨ ਦੀ ਮਿਤੀ ਵਧਾਈ



**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰੀ ਵਾਸੀਆਂ ਲਈ ਨਗਰ ਨਿਗਮ ਪਟਿਆਲਾ ਵੱਲੋਂ ਇੱਕ ਵੱਡੀ ਰਾਹਤ ਦੀ ਖ਼ਬਰ ਆਈ ਹੈ। ਨਗਰ ਨਿਗਮ ਨੇ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਪ੍ਰਾਪਰਟੀ ਟੈਕਸ ਭਰਨ ਦੀ ਮਿਤੀ 31 ਜੁਲਾਈ ਤੋਂ ਵਧਾ ਕੇ ਹੁਣ 15 ਅਗਸਤ 2025 ਕਰ ਦਿੱਤੀ ਹੈ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਵੱਲੋਂ ਸਾਂਝੇ ਤੌਰ ਤੇ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਜੋ ਲੋਕ ਆਪਣਾ ਪਿੱਛਲਾ ਬਕਾਇਆ ਪ੍ਰਾਪਰਟੀ ਟੈਕਸ ਭਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਕੋਈ ਪੈਨਲਟੀ ਜਾਂ ਵਿਆਜ ਨਹੀਂ ਲੱਗੇਗਾ। ਇਹ ਮੌਕਾ ਉਨ੍ਹਾਂ ਲਈ ਵਧੀਆ ਹੈ ਜੋ ਕਿਸੇ ਕਾਰਨ ਕਰਕੇ ਹਾਲੇ ਤੱਕ ਆਪਣਾ ਟੈਕਸ ਨਹੀਂ ਭਰ ਸਕੇ।

ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਕਿਹਾ ਕਿ ÷ਸਾਡਾ ਉਦੇਸ਼ ਹੈ ਕਿ ਸ਼ਹਿਰ ਵਾਸੀਆਂ ਨੂੰ ਇਸ ਵਨ ਟਾਈਮ ਸੈਟਲਮੈਂਟ ਦਾ ਲਾਭ ਲੈਣਾ ਚਾਹੀਦਾ ਹੈ। ਅਸੀਂ ਨਗਰ ਨਿਗਮ ਵਿਚ ਵਾਧੂ ਕਾਊਂਟਰ ਲਗਾਏ ਹਨ, ਛੁੱਟੀ ਵਾਲੇ ਦਿਨ ਵੀ ਦਫਤਰ ਖੁੱਲ੍ਹਾ ਰੱਖਿਆ ਗਿਆ ਹੈ ਅਤੇ ਆਨਲਾਈਨ ਭੁਗਤਾਨ ਦੀ ਵੀ ਸਹੂਲਤ ਦਿੱਤੀ ਗਈ ਹੈ, ਤਾਂ ਜੋ ਕੋਈ ਵੀ ਮੁਸ਼ਕਲ ਨਾ ਹੋਵੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਅਧਿਕਾਰਿਕ ਵੈੱਬਸਾਈਟ ਰਾਹੀਂ ਘਰ ਬੈਠਿਆਂ ਵੀ ਪ੍ਰਾਪਰਟੀ ਟੈਕਸ ਭਰਿਆ ਜਾ ਸਕਦਾ ਹੈ।

ਜੋ ਵਸੀਲੇ ਨਹੀਂ ਜਾਣਦੇ, ਉਨ੍ਹਾਂ ਲਈ ਦਫਤਰਾਂ ਵਿੱਚ ਸਹਾਇਤਾ ਡੈਸਕ ਵੀ ਲਗਾਏ ਗਏ ਹਨ।

**ਨਗਰ ਨਿਗਮ ਵੱਲੋਂ ਵਾਧੂ ਉਪਰਾਲੇ:**

15 ਅਗਸਤ ਤੱਕ ਬਿਨਾਂ ਪੈਨਲਟੀ ਟੈਕਸ ਭਰਨ ਦੀ ਛੂਟ

ਹਫ਼ਤੇ ਦੇ 7ਵੇਂ ਦਿਨ (ਸ਼ਨੀਵਾਰ-ਐਤਵਾਰ) ਦਫਤਰ ਖੁੱਲ੍ਹਾਆਨਲਾਈਨ ਭੁਗਤਾਨ ਪੋਰਟਲ ਤੇ ਆਸਾਨ ਪੜਾਅ

ਅੰਤ ਵਿੱਚ, ਨਗਰ ਨਿਗਮ ਨੇ ਵਾਸੀਆਂ ਨੂੰ ਸਚੇਤ ਕਰਦੇ ਹੋਏ ਕਿਹਾ ਕਿ 15 ਅਗਸਤ ਤੋਂ ਬਾਅਦ ਵਾਪਸ ਪੂਰਨ ਪੈਨਲਟੀ ਲਾਗੂ ਹੋ ਜਾਵੇਗੀ, ਇਸ ਲਈ ਵਕਤ-ਸਿਰ ਟੈਕਸ ਅਦਾ ਕਰਨਾ ਸਭ ਤੋਂ ਵਧੀਆ ਵਿਕਲਪ ਹੈ। ਪ੍ਰਸ਼ਾਸਨ ਵੱਲੋਂ ਉਮੀਦ ਜਤਾਈ ਗਈ ਕਿ ਵਾਸੀ ਆਪਣੀ ਨਾਗਰਿਕ ਜ਼ਿੰਮੇਵਾਰੀ ਨੂੰ ਸਮਝਦਿਆਂ ਇਸ ਮੁਹਿੰਮ ਵਿਚ ਭਾਗੀਦਾਰ ਬਣਣਗੇ।

# 13 ਸਤੰਬਰ ਨੂੰ ਪਟਿਆਲਾ ਵਿੱਚ ਨੈਸ਼ਨਲ ਲੋਕ ਅਦਾਲਤ ਕੀਤੀ ਜਾਵੇਗੀ ਆਯੋਜਿਤ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ, ਦੀ ਯੋਗ ਅਗਵਾਈ ਹੇਠ 13 ਸਤੰਬਰ 2025 ਨੂੰ ਜ਼ਿਲ੍ਹਾ ਪਟਿਆਲਾ ਵਿੱਚ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿੱਚ ਨਿਆਂਇਕ ਅਦਾਲਤਾਂ ਦੇ ਬੈਂਚ ਬਣਾਏ ਜਾਣਗੇ।

ਇਸ ਲੋਕ ਅਦਾਲਤ ਵਿੱਚ ਚੈੱਕ ਬਾਊਂਸ ਕੇਸ, ਪੈਸੇ ਦੀ ਵਸੂਲੀ ਵਾਲੇ ਕੇਸ, ਲੇਬਰ ਅਤੇ ਰੁਜ਼ਗਾਰ ਸੰਬੰਧੀ ਝਗੜੇ, ਬਿਜਲੀ, ਪਾਣੀ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਸਿਰਫ ਗੈਰ-ਕੰਪਾਉਂਡੇਬਲ ਕੇਸਾਂ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਉਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਜਿਵੇਂ ਕਿ ਵਿਆਹੁਤਾ ਸੰਬੰਧੀ ਮਾਮਲੇ (ਤਲਾਕ ਤੋਂ ਇਲਾਵਾ), ਜ਼ਮੀਨ ਗ੍ਰਹਿਣ ਮਾਮਲੇ, ਤਨਖ਼ਾਹ ਅਤੇ ਭੱਤਿਆਂ ਦੇ ਕੇਸ, ਸੇਵਾਮੁਕਤੀ ਲਾਭਾਂ ਅਤੇ ਮਾਲ ਸੰਬੰਧੀ ਮਾਮਲੇ ਸੁਲਝਾਏ ਜਾਣਗੇ।

ਇਸ ਦੇ ਨਾਲ ਹੀ ਕ੍ਰਿਮੀਨਲ ਕੰਪਾਉਂਡੇਬਲ ਓਫੈਂਸ, ਐਮਏਸੀਟੀ ਕੇਸ ਅਤੇ ਮਨੀ ਰਿਕਵਰੀ ਦੇ ਕੇਸ ਵੀ ਲੋਕ ਅਦਾਲਤ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਸੀਜੇਐਮ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸਕੱਤਰ ਅਮਨਦੀਪ ਕੰਬੋਜ, ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਲੋਕ ਅਦਾਲਤਾਂ ਦਾ ਮਕਸਦ ਮੂਲ ਰੂਪ ਵਿੱਚ ਝਗੜਿਆਂ ਨੂੰ ਸਮਝੌਤਿਆਂ ਰਾਹੀਂ ਸੁਲਝਾਉਣਾ ਹੈ, ਜਿਸ ਨਾਲ ਧਿਰਾਂ ਦਾ ਕੀਮਤੀ ਸਮਾਂ ਅਤੇ ਪੈਸਾ ਬਚਦਾ ਹੈ ਅਤੇ ਆਪਸੀ ਰੰਜਸ਼ਾਂ ਘੱਟ ਹੁੰਦੀਆਂ ਹਨ। ਇਸ ਪ੍ਰਕਿਰਿਆ ਵਿੱਚ ਜੇ ਕੇਸ ਦਾ ਨਿਪਟਾਰਾ ਹੋ ਜਾਂਦਾ ਹੈ ਤਾਂ ਉਹ ਫੈਸਲਾ ਅੰਤਿਮ ਅਤੇ ਅਪੀਲ ਤੋਂ ਬਹਿਰ ਹੋ ਜਾਂਦਾ ਹੈ। ਇਸ ਤਰ੍ਹਾਂ ਪਾਰਟੀਆਂ ਨੂੰ ਤੇਜ਼ੀ ਨਾਲ ਅਤੇ ਬਿਨਾਂ ਵਧੀਆ ਖਰਚ ਤੋਂ ਆਪਣੇ ਮੁੱਦੇ ਦਾ ਹੱਲ ਮਿਲ ਜਾਂਦਾ ਹੈ। ਇਸ ਲਈ ਸਾਰੇ ਪਾਰਟੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਲੰਬਿਤ ਕੇਸਾਂ ਨੂੰ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਪੇਸ਼ ਕਰਕੇ ਆਪਣੇ ਸਮੇਂ ਅਤੇ ਮਿਹਨਤ ਦੀ ਕਮਾਈ ਦੀ ਬਚਤ ਕਰਨ। ਕੇਸਾਂ ਦੀ ਸੁਲਝਾਈ ਲਈ ਸੰਬੰਧਤ ਅਦਾਲਤ ਦੇ ਪ੍ਰੀਜ਼ਾਈਡਿੰਗ ਅਫਸਰ ਜਾਂ ਜੇ ਪ੍ਰੀ-ਲਿਟੀਗੇਟਿਵ ਕੇਸ ਹੋਣ ਤਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸਕੱਤਰ ਨੂੰ ਬੇਨਤੀ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ www.pulsa.gov.in ਵੈਬਸਾਈਟ ਵੇਖੀ ਜਾ ਸਕਦੀ ਹੈ ਜਾਂ ਐਨਏਐਲਐਸਏ ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸੰਪਰਕ ਨੰਬਰ 0175-2306500 'ਤੇ ਸਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨਵੇਂ ਬਿਜਲੀ ਕੁਨੈਕਸ਼ਨਾਂ ਲਈ ਔਨਲਾਈਨ ਅਰਜ਼ੀ ਪ੍ਰਕਿਰਿਆ ਬਾਰੇ ਸਪੱਸ਼ਟੀਕਰਨ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਐਸਪੀਸੀਐਲ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਖਪਤਕਾਰ ਨੂੰ ਨਵਾਂ ਕੁਨੈਕਸ਼ਨ ਦੇਣ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਉਹ ਖਪਤਕਾਰ ਜੋ ਆਪਣੇ ਆਪ ਆਨਲਾਈਨ ਅਪਲਾਈ ਕਰਨ ਵਿੱਚ ਅਸਮਰੱਥ ਹਨ, ਦੀ ਸਹਾਇਤਾ ਲਈ ਮੋਹਾਲੀ ਅਤੇ ਜ਼ੀਰਕਪੁਰ ਡਿਵੀਜ਼ਨਾਂ ਵਿੱਚ ਸਮਰਪਿਤ ਹੈਲਪ ਡੈਸਕ ਪਹਿਲਾਂ ਹੀ ਸਥਾਪਿਤ ਕੀਤੇ ਜਾ ਚੁੱਕੇ ਹਨ, ਜਿੱਥੇ ਪੀਐਸਪੀਸੀਐਲ ਸਟਾਫ ਅਰਜ਼ੀਆਂ ਔਨਲਾਈਨ ਜਮ ?ਹਾਂ ਕਰਵਾਉਣ ਦੇ ਨਾਲ-ਨਾਲ ਉਹਨਾਂ ਲੋਕਾਂ ਨੂੰ ਪੂਰੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਡਿਜੀਟਲ ਪ੍ਰਕਿਰਿਆ ਨੂੰ ਸੁਤੰਤਰ ਤੌਰ 'ਤੇ ਨੈਵੀਗੇਟ ਕਰਨ ਵਿੱਚ ਅਸਮਰੱਥ ਹਨ।

ਪੀ.ਐਸ.ਪੀ.ਸੀ.ਐਲ. ਦਫਤਰਾਂ 'ਤੇ ਜਾਣ ਵਾਲੇ ਖਪਤਕਾਰਾਂ ਨੂੰ ਹੈਲਪ ਡੈਸਕ ਕਰਮਚਾਰੀਆਂ ਦੁਆਰਾ ਮਾਰਗਦਰਸ਼ਨ ਅਤੇ ਸਹਾਇਤਾ ਦਿੱਤੀ ਜਾਂਦੀ ਹੈ ਜੋ ਜਾਂ ਤਾਂ ਉਹਨਾਂ ਨੂੰ ਖੁਦ ਆਨਲਾਈਨ ਅਪਲਾਈ ਕਰਨ ਵਿੱਚ ਮਦਦ ਕਰਦੇ ਹਨ ਜਾਂ ਉਹਨਾਂ ਦੀ ਤਰਫੋਂ ਪੂਰੀ ਤਰ੍ਹਾਂ ਮੁਫਤ ਔਨਲਾਈਨ ਅਰਜ਼ੀ ਅੱਪਲਾਈ ਕਰਦੇ ਹਨ। ਇਸ ਪ੍ਰਕਿਰਿਆ ਦਾ ਉਦੇਸ਼ ਪਾਰਦਰਸ਼ਤਾ ਨੂੰ ਵਧਾਉਣਾ, ਵਿਚੋਲਿਆਂ ਨੂੰ ਖਤਮ ਕਰਨਾ ਅਤੇ ਨਵੇਂ ਬਿਨੈਕਾਰਾਂ ਦੇ ਸ਼ੋਸ਼ਣ ਦੇ ਨੂੰ ਰੋਕਣਾ ਹੈ।

ਇਸ ਤੋਂ ਇਲਾਵਾ, ਮਾਨਯੋਗ PSERC ਦੁਆਰਾ ਜਾਰੀ ਕੀਤੇ ਗਏ ਨਵੀਨਤਮ ਸਪਲਾਈ ਕੋਡ 2024 ਦੇ ਅਨੁਸਾਰ ਸਾਰੇ ਘਰੇਲੂ ਸਪਲਾਈ (DS) ਕੁਨੈਕਸ਼ਨਾਂ ਲਈ ਟੈਸਟ ਰਿਪੋਰਟ ਜਮ ?ਹਾਂ ਕਰਾਉਣਾ ਲਾਜ਼ਮੀ ਹੈ। ਪਹਿਲਾਂ, 20 ਕਿਲੋਵਾਟ ਤੱਕ ਦੇ ਲੋਡ ਲਈ ਅਜਿਹੀਆਂ ਰਿਪੋਰਟਾਂ ਦੀ ਲੋੜ ਨਹੀਂ ਸੀ। ਪੀਐਸਪੀਸੀਐਲ ਇਸ ਸਬੰਧ ਵਿੱਚ ਲੋੜੀਂਦੀ ਸਮੀਖਿਆ ਅਤੇ ਰਾਹਤ ਲਈ ਰੈਗੂਲੇਟਰ ਕੋਲ ਮਾਮਲਾ ਉਠਾ ਰਿਹਾ ਹੈ।

ਇੰਦਰਪਾਲ ਸਿੰਘ, ਡਾਇਰੈਕਟਰ ਡਿਸਟਰੀਬਿਊਸ਼ਨ ਨੇ ਦੱਸਿਆ ਕਿ ਖਪਤਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭ੍ਰਿਸ਼ਟਾਚਾਰ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਨੂੰ ਵਟਸਐਪ ਰਾਹੀਂ ਸਿੱਧੇ ਤੌਰ ਤੇ ਨੰਬਰ 96461-75770 ਜਾਂ https://grms.pspcl.in ਪੋਰਟਲ ਰਾਹੀ ਸੂਚਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਮ ?ਹਾਂ ਕਰਵਾਈ ਗਈ ਹਰੇਕ ਔਨਲਾਈਨ ਅਰਜ਼ੀ ਲਈ, ਖਪਤਕਾਰ ਨੂੰ ਵਿਸ਼ੇਸ਼ ਐਸਐਮਐਸ ਲਿੰਕ ਭੇਜਿਆ ਜਾਂਦਾ ਹੈ, ਜਿਸ ਨਾਲ ਉਹ ਪ੍ਰਕਿਰਿਆ ਦੌਰਾਨ ਹੋਏ ਭ੍ਰਿਸ਼ਟਾਚਾਰ ਜਾਂ ਪਰੇਸ਼ਾਨੀ ਦੀ ਕਿਸੇ ਵੀ ਘਟਨਾ ਦੀ ਸਿੱਧੇ ਤੌਰ 'ਤੇ ਰਿਪੋਰਟ ਕਰ ਸਕਦੇ ਹਨ। ਜੇਕਰ ਕੋਈ ਵੀ ਕਰਮਚਾਰੀ ਕਿਸੇ ਤਰ੍ਹਾਂ ਦੀ ਕੁਤਾਹੀ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਖ਼ ?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਖਪਤਕਾਰ PSPCL ਚੌਵੀ ਘੰਟੇ ਚੱਲਦੇ ਸੋਸ਼ਲ ਮੀਡੀਆ ਹੈਲਪਡੈਸਕ 'ਤੇ ਵੀ ਸੰਪਰਕ ਕਰ ਸਕਦੇ ਹਨ 19120pspcl.in, fb.com/PSPCLPb, x.com/PSPCLPb, instagram.com/PSPCLPb ਜਾਂ 96461-06835 'ਤੇ WhatsApp ਰਾਹੀਂ।

# ਪੰਜਾਬ ਪੁਲਿਸ ਦੀ ਵੱਡੀ ਕਾਰਵਾਈ; 1000 ਕਿਲੋ ਹੈਰੋਇਨ ਸਮੇਤ ਕਾਬੂ 24089 ਨਸ਼ਾ ਤਸਕਰ

## ਪੁਲਿਸ ਟੀਮਾਂ ਨੇ 12 ਕਰੋੜ ਰੁਪਏ ਦੀ ਡਰੱਗ ਮਨੀ, 344 ਕਿਲੋ ਅਫੀਮ, 204 ਕਿਲੋ ਚੂਰਾ-ਪੋਸਤ, 31 ਲੱਖ ਨਸ਼ੀਲੀਆਂ ਗੋਲੀਆਂ ਵੀ ਕੀਤੀਆਂ ਜ਼ਬਤ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਫੈਸਲਾਕੁੰਨ ਜੰਗ 'ਯੁੱਧ ਨਸ਼ਿਆਂ ਵਿਰੁੱਧ' ਦੇ ਪੰਜ ਮਹੀਨੇ ਪੂਰੇ ਹੋ ਗਏ ਹਨ ਅਤੇ ਪੰਜਾਬ ਪੁਲਿਸ 1 ਮਾਰਚ, 2025 ਤੋਂ ਹੁਣ ਤੱਕ 15242 ਐਫ.ਆਈ.ਆਰਜ਼ ਦਰਜ ਕੀਤੀਆਂ ਹਨ ਅਤੇ 24,089 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਦੇ ਨਾਲ 1000 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਇਸ ਨਸ਼ਾ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ, ਪੰਜਾਬ ਪੁਲਿਸ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ, ਸੂਬੇ ਦੇ ਸਾਰੇ 28 ਪੁਲਿਸ ਜ਼ਿਲਿ ?ਹਆਂ ਵਿੱਚ ਰੋਜ਼ਾਨਾ ਕਾਰਵਾਈ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਸੀ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ ( ਕਾਨੂੰਨ ਅਤੇ ਵਿਵਸਥਾ )ਅਰਪਿਤ ਸ਼ੁਕਲਾ, ਜੋ ਕਿ ਇਨ੍ਹਾਂ ਆਪ੍ਰੇਸ਼ਨਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ, ਨੇ ਖੁਲਾਸਾ ਕੀਤਾ ਕਿ 1000 ਕਿਲੋਗ੍ਰਾਮ ਹੈਰੋਇਨ ਤੋਂ ਇਲਾਵਾ, ਪੁਲਿਸ ਨੇ 344 ਕਿਲੋਗ੍ਰਾਮ ਅਫੀਮ, 204 ਕੁਇੰਟਲ ਭੁੱਕੀ, 14 ਕਿਲੋਗ੍ਰਾਮ ਚਰਸ, 367 ਕਿਲੋਗ੍ਰਾਮ ਗਾਂਜਾ, 6 ਕਿਲੋਗ੍ਰਾਮ ਆਈ.ਸੀ.ਈ., 31.27 ਲੱਖ ਨਸ਼ੀਲੀਆਂ ਗੋਲੀਆਂ ਅਤੇ 12.12 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ। 153ਵੇਂ ਦਿਨ ਦੇ ਨਤੀਜਿਆਂ ਦੇ ਵੇਰਵੇ ਸਾਂਝੇ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ 92 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.7 ਕਿਲੋਗ੍ਰਾਮ ਹੈਰੋਇਨ, 2 ਕਿਲੋਗ੍ਰਾਮ ਗਾਂਜਾ, 404 ਕਿਲੋਗ੍ਰਾਮ ਭੁੱਕੀ, 4865 ਨਸ਼ੀਲੀਆਂ ਗੋਲੀਆਂ ਅਤੇ 2490 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਉਨ੍ਹਾਂ ਕਿਹਾ ਕਿ 76 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 378 ਥਾਵਾਂ 'ਤੇ ਛਾਪੇਮਾਰੀ ਕੀਤੀ , ਇਸ ਦੌਰਾਨ ਸੂਬੇ ਭਰ ਵਿੱਚ 65 ਐਫਆਈਆਰਜ਼ ਦਰਜ ਕੀਤੀਆਂ ਗਈਆਂ । ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 407 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਹੈ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ 59 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਬ੍ਰਹਮਾਕੁਮਾਰੀ ਗੁਲਸ਼ਨ ਦੀਦੀ ਜੀ ਦੀ ਚੌਥੀ ਬਰਸੀ ਮੌਕੇ 3 ਅਗਸਤ ਨੂੰ ਲਗਾਇਆ ਜਾਵੇਗਾ ਖੂਨਦਾਨ ਕੈਂਪ

**ਨਾਭਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਜਯੋਗਿਨੀ ਬ੍ਰਹਮਾਕੁਮਾਰੀ ਗੁਲਸ਼ਨ ਦੀਦੀ ਜੀ ਦੀ ਚੌਥੀ ਬਰਸੀ ਮੌਕੇ ਬ੍ਰਹਮਾਕੁਮਾਰੀਜ਼ ਆਸ਼ਰਮ ਨਾਭਾ ਵੱਲੋਂ ਮਾਨਵ ਸੇਵਾ ਉੱਤਮ ਸੇਵਾ (ਰਜਿ.) ਸਟੇਟ ਐਵਾਰਡੀ ਸੰਸਥਾ ਨਾਭਾ ਦੇ ਸਹਿਯੋਗ ਨਾਲ ਚੌਥਾ ਫ਼ਰੀ ਮੈਡੀਕਲ ਚੈੱਕਅਪ ਅਤੇ 26ਵਾਂ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਦੀ ਜਾਣਕਾਰੀ ਦਿੰਦਿਆਂ ਵੀਨਾ ਦੀਦੀ ਅਤੇ ਰੇਖਾ ਦੀਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੈਂਪ ਮਿਤੀ: 3 ਅਗਸਤ 2025, ਦਿਨ ਐਤਵਾਰ, ਬ੍ਰਹਮਾਕੁਮਾਰੀਜ, ਗਲੀ ਨੰ. 6, ਸੰਗਤਪੁਰਾ ਮਹੁੱਲਾ, ਪਟਿਆਲਾ ਗੇਟ, ਨਾਭਾ ਵਿਖੇ ਸਮਾਂ: ਸਵੇਰੇ 9.30 ਤੋਂ 1.30 ਵਜੇ ਤੱਕ ਲਗਾਇਆ ਜਾਵੇਗਾ। ਉਹਨਾਂ ਕਿਹਾ ਕਿ ਇਸ ਕੈਂਪ ਵਿੱਚ ਡਾ. ਸੰਦੀਪ ਤਿਆਲ (ਅੱਖਾਂ ਦੇ ਰੋਗਾ ਦੇ ਮਾਹਿਰ) ਐਮ ਬੀ ਬੀ ਐਸ, ਐਮਐਸ (ਆਈ) ਪੀਜੀਆਈ ਚੰਡੀਗੜ੍ਹ ਚੰਡੀਗੜ੍ਹ ਆਈ ਕੇਅਰ ਹਸਪਤਾਲ, ਨਾਭਾ ਅਤੇ ਡਾ. ਗੌਰਵ ਬਾਠਲਾ (ਹੱਡੀਆਂ ਦੇ ਜੋੜਾ ਦੇ ਮਾਹਿਰ) ਵੱਲੋਂ ਮਰੀਜ਼ਾਂ ਦਾ ਮੁਫਤ ਚੈੱਕ ਕੀਤਾ ਜਾਵੇਗਾ। ਕੈਂਪ ਵਿੱਚ ਜਨ ਔਸ਼ਧੀ ਕੇਂਦਰ ਮੋਤੀ ਬਾਗ, ਅਲੌਹਰਾਂ ਗੇਟ, ਨਾਭਾ ਵੱਲੋਂ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।

# ਫੇਫੜਿਆਂ ਦਾ ਕੈਂਸਰ ਦੁਨੀਆ ਭਰ ਵਿੱਚ ਸਭ ਤੋਂ ਆਮ ਕੈਂਸਰ: ਮਾਹਰ




**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫੇਫੜਿਆਂ ਦਾ ਕੈਂਸਰ ਦੁਨੀਆ ਭਰ ਵਿੱਚ ਸਭ ਤੋਂ ਆਮ ਕੈਂਸਰ ਹੈ। ਸਾਲ 2022 ਵਿੱਚ, 2.4 ਮਿਲੀਅਨ ਮਾਮਲੇ ਸਾਹਮਣੇ ਆਏ। ਚੀਨ, ਅਮਰੀਕਾ, ਜਾਪਾਨ ਅਤੇ ਭਾਰਤ ਫੇਫੜਿਆਂ ਦੇ ਕੈਂਸਰ ਦੇ ਸਭ ਤੋਂ ਵੱਧ ਕੇਸਾਂ ਵਾਲੇ ਚੋਟੀ ਦੇ 4 ਦੇਸ਼ਾਂ ਵਿੱਚ ਸ਼ਾਮਲ ਹਨ। ਭਾਰਤ ਫੇਫੜਿਆਂ ਦੇ ਕੈਂਸਰ ਤੋਂ ਸਭ ਤੋਂ ਵੱਧ ਮੌਤ ਦਰ ਵਾਲੇ ਚੋਟੀ ਦੇ 4 ਦੇਸ਼ਾਂ ਵਿੱਚੋਂ ਇੱਕ ਹੈ।

ਸ਼ੁੱਕਰਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਲਿਵਾਸਾ ਹਸਪਤਾਲ, ਮੋਹਾਲੀ ਦੇ ਪਲਮਨਰੀ ਮੈਡੀਸਨ ਸਲਾਹਕਾਰ ਡਾ. ਸੋਨਲ ਨੇ ਕਿਹਾ, "ਕੈਂਸਰ ਨਾਲ ਹੋਣ ਵਾਲੀਆਂ ਸਾਰੀਆਂ ਮੌਤਾਂ ਵਿੱਚੋਂ, ਹਰ ਪੰਜ ਵਿੱਚੋਂ ਇੱਕ ਫੇਫੜਿਆਂ ਦੇ ਕੈਂਸਰ ਕਾਰਨ ਹੁੰਦੀ ਹੈ। ਫੇਫੜਿਆਂ ਦਾ ਕੈਂਸਰ ਇੱਕ ਕਿਸਮ ਦਾ ਕੈਂਸਰ ਹੈ ਜੋ ਆਮ ਤੌਰ 'ਤੇ ਸਾਹ ਨਾਲੀਆਂ ਦੇ ਅੰਦਰਲੇ ਸੈੱਲਾਂ ਵਿੱਚ ਫੇਫੜਿਆਂ ਵਿੱਚ ਸ਼ੁਰੂ ਹੁੰਦਾ ਹੈ । ਇਹ ਦੁਨੀਆ ਭਰ ਵਿੱਚ ਕੈਂਸਰ ਦੀਆਂ ਸਭ ਤੋਂ ਆਮ ਅਤੇ ਘਾਤਕ ਕਿਸਮਾਂ ਵਿੱਚੋਂ ਇੱਕ ਹੈ, ਜਿਸ ਵਿੱਚ ਸਿਗਰਟਨੋਸ਼ੀ 80% ਮੌਤਾਂ ਦਾ ਮੁੱਖ ਜੋਖਮ ਕਾਰਕ ਹੈ।

ਫੇਫੜਿਆਂ ਦੇ ਕੈਂਸਰ ਦੇ ਲੱਛਣਾਂ ਬਾਰੇ ਗੱਲ ਕਰਦੇ ਹੋਏ, ਮੋਹਾਲੀ ਦੇ ਲਿਵਾਸਾ ਹਸਪਤਾਲ ਦੇ ਪਲਮਨਰੀ ਮੈਡੀਸਨ ਸਲਾਹਕਾਰ ਡਾ. ਕ੍ਰਿਤਾਰਥ ਨੇ ਕਿਹਾ, ਫੇਫੜਿਆਂ ਦੇ ਕੈਂਸਰ ਵਿੱਚ ਅਕਸਰ ਲਗਾਤਾਰ ਖੰਘ, ਛਾਤੀ ਵਿੱਚ ਦਰਦ, ਸਾਹ ਚੜ੍ਹਨਾ ਅਤੇ ਖੰਘਦੇ ਹੋਏ ਖੂਨ ਆਉਣਾ ਸ਼ਾਮਲ ਹੁੰਦਾ ਹੈ।

ਸਫਲ ਇਲਾਜ ਦੀਆਂ ਸੰਭਾਵਨਾਵਾਂ ਨੂੰ ਬਿਹਤਰ ਬਣਾਉਣ ਲਈ ਜਲਦੀ ਪਤਾ ਲਗਾਉਣਾ ਮਹੱਤਵਪੂਰਨ ਹੈ, ਹਾਲਾਂਕਿ ਸ਼ੁਰੂਆਤੀ ਪੜਾਵਾਂ ਵਿੱਚ ਲੱਛਣਾਂ ਦੀ ਅਣਹੋਂਦ ਕਾਰਨ ਇਹ ਮੁਸ਼ਕਲ ਹੋ ਸਕਦਾ ਹੈ।

ਫੇਫੜਿਆਂ ਦੇ ਕੈਂਸਰ ਦਾ ਸ਼ੁਰੂਆਤੀ ਪਤਾ ਲਗਾਉਣ ਵਿੱਚ ਸਕ੍ਰੀਨਿੰਗ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਡਾ. ਕ੍ਰਿਤਾਰਥ ਨੇ ਕਿਹਾ ਕਿ ਸ਼ੁਰੂਆਤੀ ਪੜਾਅ 'ਤੇ ਨਿਦਾਨ ਅਤੇ ਇਲਾਜ ਜੀਵਨ ਦੀ ਸੰਭਾਵਨਾ ਨੂੰ 5 ਸਾਲ ਵਧਾ ਸਕਦਾ ਹੈ।

ਸਕ੍ਰੀਨਿੰਗ ਰਾਹੀਂ ਸ਼ੁਰੂਆਤੀ ਪਤਾ ਲਗਾਉਣਾ ਜਾਨਾਂ ਬਚਾਉਣ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿੱਚੋਂ ਇੱਕ ਹੈ। ਡਾ. ਸੋਨਲ ਨੇ ਕਿਹਾ ਕਿ ਬਦਕਿਸਮਤੀ ਨਾਲ, ਦੁਨੀਆ ਦੇ ਕਈ ਹਿੱਸਿਆਂ ਵਿੱਚ ਇਹਨਾਂ ਸਕ੍ਰੀਨਿੰਗ ਪ੍ਰੋਗਰਾਮਾਂ ਤੱਕ ਪਹੁੰਚ ਇੱਕ ਚੁਣੌਤੀ ਬਣੀ ਹੋਈ ਹੈ।

# ਕੁਲਦੀਪ ਪਾਲੀਆ ਕਿਸਾਨ ਕਾਂਗਰਸ ਪੰਜਾਬ ਦਾ ਸੂਬਾ ਸਕੱਤਰ ਨਿਯੁਕਤ



**ਨਾਭਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਹਾਈ ਕਮਾਂਡ ਵੱਲੋਂ ਚੰਗੀ ਕਾਰਗੁਜ਼ਾਰੀ ਨੂੰ ਵੇਖਦਿਆਂ ਕਾਂਗਰਸੀ ਆਗੂ ਕੁਲਦੀਪ ਸਿੰਘ ਪਾਲੀਆ ਨੂੰ ਕਿਸਾਨ ਕਾਂਗਰਸ ਸੈਲ ਦਾ ਸੂਬਾ ਸਕੱਤਰ ਨਿਯੁਕਤ ਕੀਤਾ ਗਿਆ ਹੈ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਅਤੇ ਪੰਜਾਬ ਪ੍ਰਧਾਨ ਕਿਰਨਜੀਤ ਮਿੱਠਾ ਨੇ ਕੁਲਦੀਪ ਸਿੰਘ ਪਾਲੀਆ ਨੂੰ ਨਿਯੁਕਤੀ ਪੱਤਰ ਦਿੱਤਾ ਇਸ ਮੌਕੇ ਸਾਧੂ ਸਿੰਘ ਧਰਮਸੋਤ ਅਤੇ ਕਿਰਨਜੀਤ ਮਿੱਠਾ ਨੇ ਕਿਹਾ ਕਿ ਕੁਲਦੀਪ ਸਿੰਘ ਪਾਲੀਆ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਇਹ ਜਿੰਮੇਵਾਰੀ ਸੌਂਪੀ ਗਈ ਹੈ ਇਸ ਮੌਕੇ ਕੁਲਦੀਪ ਸਿੰਘ ਪਾਲੀਆ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ ਇਸ ਕੁਲਦੀਪ ਸਿੰਘ ਪਾਲੀਆ ਨੇ ਕਾਂਗਰਸ ਪਾਰਟੀ ਦੀ ਸਮੁੱਚੀ ਹਾਈ ਕਮਾਂਡ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸੁਖਪਾਲ ਸਿੰਘ ਖਹਿਰਾ, ਕਿਰਨਜੀਤ ਸਿੰਘ ਮਿੱਠਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਬਿਨਾਹੇੜੀ, ਸਵਰਨ ਸਿੰਘ ਰਾਮਗੜ੍ਹ ,ਬਲਵਿੰਦਰ ਸਿੰਘ ਬਿੱਟੂ ਢਿੰਗੀ, ਪ੍ਰਦੀਪ ਗੌਤਮ ,ਇੱਛਿਆਮਾਨ ਸਿੰਘ ਭੋਜੋ ਮਾਜਰੀ ਮਨਜਿੰਦਰ ਸਿੰਘ ਜਿੰਦਰੀ, ਸੰਤੋਖ ਸਿੰਘ ਬੁੱਗਾ ,ਗੁਣਜੀਤ ਸਿੰਘ ਫਤਿਹਪੁਰ, ਚਰਨਜੀਤ ਬਾਤਿਸ ਅਤੇ ਚਮਕੌਰ ਸਿੰਘ ਬੋੜਾਂ ਤੋਂ ਇਲਾਵਾ ਹੋਰ ਵੀ ਕਾਂਗਰਸੀ ਆਗੂ ਮੌਜੂਦ ਸਨ।

# ਅਸੱਭਿਅਕ ਗਾਇਕੀ ਲਈ ਕੌਣ ਜ਼ਿੰਮੇਵਾਰ



ਕਿਸੇ ਦੇਸ਼, ਕੌਮ ਜਾਂ ਮੁਲਕ ਦਾ ਚਿਹਰਾ ਹੁੰਦਾ ਹੈ ਸੱਭਿਆਚਾਰ। ਇੱਕ ਸਮਾਂ ਸੀ ਜਦੋਂ ਗੀਤਕਾਰ ਅਜਿਹੇ ਗੀਤ ਲਿਖਦੇ ਸਨ ਅਤੇ ਗਾਇਕ ਗਾਉਂਦੇ ਸਨ, ਜੋ ਚੰਗੇ ਸਮਾਜ ਦੀ ਸਿਰਜਣਾ ਲਈ ਇੱਕ ਸੰਦੇਸ਼ ਹੋਣ ਦੇ ਨਾਲ-ਨਾਲ ਸਿੱਖਿਆਦਾਇਕ ਵੀ ਹੁੰਦੇ ਸਨ। ਇਨ੍ਹਾਂ ਵਿੱਚ ਦਿਉਰ-ਭਰਜਾਈ, ਜੀਜਾ-ਸਾਲੀ ਆਦਿ ਰਿਸ਼ਤਿਆਂ ਵਿੱਚ ਆਪਸੀ ਪਿਆਰ ਅਤੇ ਹਾਸਰਸ ਵਿਅੰਗ ਵਾਂਗੂੰ ਹੁੰਦੇ ਸਨ ਨਾ ਕਿ ਅੱਜ ਦੀ ਤਰ੍ਹਾਂ ਅਸ਼ਲੀਲ।

ਮੌਜੂਦਾ ਦੌਰ ਵਿੱਚ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਸਾਡੀ ਸੱਭਿਆਚਾਰਕ ਗਾਇਕੀ ਜਿਸ 'ਤੇ ਹਰ ਛੋਟੀ-ਵੱਡੀ ਉਮਰ ਦੇ ਪੰਜਾਬੀ ਨੂੰ ਮਾਣ ਹੁੰਦਾ ਸੀ, ਜਿਸ ਵਿੱਚ ਸ਼ੁੱਧ ਪੰਜਾਬੀ ਅਲਫ਼ਾਜ਼ ਹੁੰਦੇ ਸਨ, ਅੱਜ ਮਿਲਗੋਭਾ ਹੋ ਕੇ ਰਹਿ ਗਈ ਹੈ। ਅੱਜ ਦੀ ਗਾਇਕੀ ਦਾ ਮਿਆਰ ਐਨਾ ਜ਼ਿਆਦਾ ਥੱਲੇ ਡਿੱਗ ਚੁੱਕਿਆ ਹੈ ਕਿ ਉਮੀਦ ਰੱਖਣੀ ਮੁਸ਼ਕਿਲ ਜਾਪਦੀ ਹੈ ਕਿ ਇਸ ਨੂੰ ਠੱਲ੍ਹ ਪਾਈ ਵੀ ਜਾ ਸਕੇਗੀ ਕਿ ਨਹੀਂ। ਅੱਜ 95 ਫ਼ੀਸਦੀ ਗੀਤ ਪਰਿਵਾਰ ਵਿੱਚ ਸੁਣਨ ਵਾਲੇ ਨਹੀਂ ਰਹੇ। ਦਿਓਰ-ਭਾਬੀ, ਜੀਜਾ-ਸਾਲੀ ਨੂੰ ਗੰਦੇ ਵਿਅੰਗਾਂ, ਅਸ਼ਲੀਲ ਵੀਡੀਉ ਰਾਹੀਂ ਦਰਸਾ ਕੇ ਪਵਿੱਤਰ ਰਿਸ਼ਤਿਆਂ ਦੀ ਮਿੱਟੀ ਪਲੀਤ ਕੀਤੀ ਜਾ ਰਹੀ ਹੈ।

ਅਧਨੰਗੀਆਂ ਮਾਡਲਾਂ 'ਤੇ ਕੈਮਰਾ ਮਾਰ ਕੇ ਪਤਾ ਨਹੀਂ ਅਖੌਤੀ ਸੱਭਿਆਚਾਰ ਗਰੁੱਪਾਂ ਅਤੇ ਗਾਇਕਾਂ ਵੱਲੋਂ ਕਿਹੜੇ ਸੱਭਿਆਚਾਰ ਦੀ ਸੇਵਾ ਕੀਤੀ ਜਾ ਰਹੀ ਹੈ? ਗੀਤਾਂ ਦੇ ਰੂਪ ਵਿੱਚ ਪਰੋਸੀ ਜਾ ਰਹੀ ਲੱਚਰਤਾ ਨੌਜਵਾਨਾਂ 'ਤੇ ਬੁਰਾ ਪ੍ਰਭਾਵ ਪਾ ਰਹੀ ਹੈ, ਜਿਸ ਦਾ ਅਸਰ ਸਾਡੀ ਨੌਜਵਾਨ ਪੀੜ੍ਹੀ 'ਤੇ ਪ੍ਰਤੱਖ ਨਜ਼ਰ ਆਉਂਦਾ ਹੈ। ਅੱਜ ਬਹੁਤੇ ਨੌਜਵਾਨਾਂ ਦੇ ਦਾੜ੍ਹੀ-ਕੇਸ ਕੱਟੇ ਹੋਏ ਹਨ। ਜੇ ਚੁੰਨੀ ਦੀ ਗੱਲ ਹੋ ਰਹੀ ਹੈ ਤਾਂ ਕੁੜੀ ਦੇ ਸਿਰੋਂ ਚੁੰਨੀ ਹੀ ਗਾਇਬ ਹੈ। ਕੋਈ ਵੀ ਚੈਨਲ ਲਾ ਕੇ ਵੇਖ ਲਵੋ, ਹਰ ਪਾਸੇ ਅਸ਼ਲੀਲਤਾ, ਕਾਮੁਕਤਾ ਭਰੇ ਦ੍ਰਿਸ਼ ਧੀਆਂ-ਭੈਣਾਂ ਦੀ ਇੱਜ਼ਤ ਦਾ ਦੀਵਾਲਾ ਕੱਢਦੇ ਹੋਏ ਇਨ੍ਹਾਂ ਪਵਿੱਤਰ ਰਿਸ਼ਤਿਆਂ ਦੀ ਮਿੱਟੀ ਪਲੀਤ ਕਰ ਰਹੇ ਹਨ।

ਅਧਨੰਗੀਆਂ ਕੁੜੀਆਂ ਦੇ ਸਰੀਰਾਂ ਦੀ ਨੁਮਾਇਸ਼, ਭ੍ਰਿਸ਼ਟਾਚਾਰ ਅਤੇ ਨੈਤਿਕਤਾ ਦੀਆਂ ਸਾਰੀਆਂ ਹੱਦਾਂ ਟੱਪਦੇ ਹੋਏ ਹੀਰੋ-ਹੀਰੋਇਨਾਂ ਦੇ ਅਸ਼ਲੀਲ ਦ੍ਰਿਸ਼ ਪੰਜਾਬੀ ਸੱਭਿਆਚਾਰ ਦਾ ਬੇੜਾ ਗਰਕ ਕਰ ਰਹੇ ਹਨ। ਅਜੋਕੇ ਗਾਇਕ ਬਿਨਾਂ ਰਿਆਜ਼, ਉਸਤਾਦ ਤੇ ਸਖ਼ਤ ਘਾਲਣਾ ਦੇ ਜੱਦੀ-ਪੁਸ਼ਤੀ ਜ਼ਮੀਨ ਵੇਚ ਕੇ, ਕੰਨੀ ਨੱਤੀਆਂ, ਗਲਾਂ ਵਿੱਚ ਸੰਗਲ ਪਾ ਕੇ, ਟੁੱਟੇ ਹੱਥਾਂ ਨਾਲ ਕੈਮਰੇ ਵੱਲ ਇਸ਼ਾਰੇ ਕਰਕੇ ਤੇ ਤੁੱਕਾ ਬੰਦ ਗੀਤਕਾਰਾਂ ਕੋਲੋਂ ਗਿਰਾਈ ਧੀ-ਭੈਣ ਦੇ ਸਬੰਧ ਵਿੱਚ ਘਟੀਆ ਗੀਤ ਲਿਖਵਾ ਕੇ ਆਪਣੀ ਕੈਸਿਟ ਨੂੰ ਹਿੱਟ ਕਰਵਾਉਣ ਲਈ ਅਧਨੰਗੇ ਸਰੀਰਾਂ 'ਤੇ ਕੈਮਰੇ ਮਾਰ-ਮਾਰ ਕੇ ਸੱਭਿਆਚਾਰ ਦਾ ਗਲਾ ਘੁੱਟ ਰਹੇ ਹਨ। ਧੰਨ ਸਾਡੇ ਜਿਗਰੇ ਕਿ ਬੜੇ ਫ਼ਖ਼ਰ ਨਾਲ ਪਰਿਵਾਰ ਵਿੱਚ ਬੈਠ ਕੇ ਆਪਣਾ ਮਨੋਰੰਜਨ ਕੀਤਾ ਜਾ ਰਿਹਾ ਹੈ। ਕੋਈ ਪ੍ਰਤੀਕਰਮ ਜਾਂ ਵਿਰੋਧ ਜਬਰਦਸਤ ਰੂਪ ਵਿੱਚ ਕਿਸੇ ਪਾਸਿਉਂ ਵੀ ਸਾਹਮਣੇ ਨਹੀਂ ਆ ਰਿਹਾ। ਹਰ ਪਾਸੇ ਤੇਜ਼ੀ ਨਾਲ ਫੈਲ ਰਹੀ ਲੱਚਰਤਾ ਲੋਕਾਈ ਨੂੰ ਧਰਮ ਤੋਂ ਦੂਰ ਕਰ ਰਹੀ ਹੈ। ਕੁਝ ਸੁਚੇਤ ਲੋਕ ਇਨ੍ਹਾਂ ਗਾਇਕਾਂ ਦੀ ਕਿਸੇ ਕੈਸਿਟ ਨੂੰ ਤਵੱਜੋਂ ਨਹੀਂ ਦਿੰਦੇ ਤਾਂ ਇਹ ਬਾਂਦਰ ਵਾਂਗ ਟਪੂਸੀਆਂ ਮਾਰਨ ਵਾਲੇ ਕਲੀਨ ਸ਼ੇਵਨ ਗਾਇਕ ਸਿਰ 'ਤੇ ਕੇਸਕੀ ਸਜਾ, ਉੱਤੇ ਖੰਡਾ ਲਾ ਅਤੇ ਹੱਥ ਵਿੱਚ ਕਿਰਪਾਨ ਫੜ ਕੇ ਧਾਰਮਿਕ ਕੈਸਿਟ ਕੱਢ ਮਾਰਦੇ ਹਨ। ਕਹਿਣ ਤੋਂ ਭਾਵ ਕਿ ਆਪਣਾ ਤੋਰੀ ਫੁਲਕਾ ਚਲਾਉਣ ਲਈ ਇਹ ਧਰਮ ਨੂੰ ਵੀ ਵੇਚਣਾ ਸ਼ੁਰੂ ਕਰ ਦਿੰਦੇ ਹਨ। ਜੇ ਇਹੀ ਰੁਝਾਨ ਰਿਹਾ ਤਾਂ ਜਾਪਦਾ ਹੈ ਕਿ ਇੱਕ ਦਿਨ ਸਾਨੂੰ ਸੱਭਿਆਚਾਰ ਸ਼ਬਦ ਤੋਂ ਵੀ ਨਫ਼ਰਤ ਹੋ ਜਾਵੇਗੀ। ਘਟੀਆ ਸ਼ਬਦਾਵਲੀ ਅਤੇ ਦਿਸ਼ਾਹੀਣ ਗਾਇਕੀ ਅਤੇ ਗੀਤਕਾਰ ਸਮਾਜ ਵਿੱਚ ਸ਼ਰ੍ਹੇਆਮ ਗੰਦਗੀ ਪਰੋਸ ਰਹੇ ਹਨ ਪਰ ਅਸੀਂ ਪੰਜਾਬੀ ਜੋ ਕਦੇ ਔਰਤ ਦੀ ਪੱਤ ਦੀ ਰਾਖੀ ਕਰਨ ਲਈ ਜਾਣੇ-ਜਾਂਦੇ ਸੀ, ਅਜੇ ਤਕ ਕੋਈ ਵੀ ਸਖ਼ਤ ਕਦਮ ਚੁੱਕਣ ਲਈ ਤਿਆਰ ਨਹੀਂ। ਇਨ੍ਹਾਂ ਅਖੌਤੀ ਗਾਇਕਾਂ ਨੂੰ ਦੇਖ ਕੇ ਹੀ ਕਿਸੇ ਕਵੀ ਨੇ ਲਿਖਿਆ ਹੈ:

ਕੋਈ ਕੰਮ ਨਹੀਂ ਮਿਲਦਾ ਤਾਂ ਫੇਰ ਕੀ ਆ?<br>
ਨਹੀਂ ਆਉਂਦਾ ਤਾਂ ਫੇਰ ਵੀ ਗਾਉਣ ਲੱਗ ਜਾ!<br>
ਨਹੀਂ ਸੁਰ ਦੀ ਸਮਝ ਤਾਂ ਫੇਰ ਕੀ ਆ?<br>
ਕੋਈ ਨਹੀਂ ਸੁਣਦਾ ਤਾਂ ਵੀ ਸੁਣਾਉਣ ਲੱਗ ਜਾ!<br>
ਪੱਲਿਓਂ ਖਰਚ ਪੈਸੇ ਆਪੇ ਕਲਾਕਾਰ ਬਣ ਜਾ,<br>
ਸ਼ੋਰ-ਸ਼ਰਾਬੇ ਦਾ ਪ੍ਰਦੂਸ਼ਣ ਫੈਲਾਉਣ ਲੱਗ ਜਾ!

ਮਹਿੰਗੀਆਂ ਕਾਰਾਂ, ਸ਼ਰਾਬਾਂ, ਅਫੀਮ ਆਦਿ ਨਸ਼ਿਆਂ ਵੱਲ ਪ੍ਰੇਰਦੇ, ਨੌਜਵਾਨ ਕੁੜੀਆਂ ਨੂੰ ਲਾਲ ਪਰੀ, ਸ਼ਰਾਬ ਦੀ ਬੋਤਲ ਆਦਿ ਨਾਂ ਦੇਣ ਵਾਲੇ ਗੀਤਾਂ 'ਤੇ ਸਖ਼ਤ ਪਾਬੰਦੀ ਹੋਣੀ ਚਾਹੀਦੀ ਹੈ। ਗਾਇਕ ਐਨੇ ਘਟੀਆ ਪੱਧਰ 'ਤੇ ਆ ਗਏ ਹਨ ਕਿ ਰੂਹਾਨੀ ਇਸ਼ਕ ਨੂੰ ਵੀ ਜਿਸਮੀ ਇਸ਼ਕ ਨਾਲ ਮਿਲਾ ਕੇ ਬਦਨਾਮ ਕਰ ਰਹੇ ਹਨ। ਕੁੜੀਆਂ ਨੂੰ ਜ਼ਬਰਦਸਤੀ ਘਰੋਂ ਭਜਾਉਣਾ, ਸਕੂਲਾਂ-ਕਾਲਜਾਂ ਵਿੱਚ ਸ਼ੂਟਿੰਗ ਦੌਰਾਨ ਪੜ੍ਹਾਈ ਦੀਆਂ ਕਿਤਾਬਾਂ ਨੂੰ ਹੱਥਾਂ ਵਿੱਚੋਂ ਉਤਾਰ ਨੂੰ ਸੁੱਟਣਾ, ਕਲਾਸਾਂ ਨਾ ਲਾਉਣ ਦੀਆਂ ਗੱਲਾਂ, ਲੜਾਈਆਂ, ਗੁਸਾ ਆਦਿ ਗੀਤਾਂ ਦੇ ਦ੍ਰਿਸ਼ ਕਿਹੜੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਉਤਾਂਹ ਚੁੱਕਣਗੇ? ਸਰਸਰੀ ਨਜ਼ਰ ਮਾਰੀ ਜਾਵੇ ਤਾਂ ਇਸ ਗੰਦੀ ਗਾਇਕੀ ਲਈ ਚਾਰ ਤਰ੍ਹਾਂ ਦੇ ਲੋਕ ਜ਼ਿੰਮੇਵਾਰ ਹਨ। ਪਹਿਲੇ ਨੰਬਰ 'ਤੇ ਇਨ੍ਹਾਂ ਗੀਤਾਂ ਨੂੰ ਲਿਖਣ ਵਾਲੇ, ਦੂਜਾ ਗਾਉਣ ਵਾਲੇ, ਤੀਜਾ ਇਨ੍ਹਾਂ ਦਾ ਅਤਿ ਅਸ਼ਲੀਲ ਵੀਡੀਓ ਤਿਆਰ ਕਰਨ ਵਾਲੇ ਤੇ ਚੌਥੇ ਨੰਬਰ 'ਤੇ ਆਉਂਦੇ ਹਾਂ ਅਸੀਂ ਸਭ ਇਨ੍ਹਾਂ ਨੂੰ ਚਾਹੇ ਜਾਂ ਅਣਚਾਹੇ ਸੁਣਨ ਅਤੇ ਦੇਖਣ ਵਾਲੇ। ਜੇ ਸੁਣਨ ਤੇ ਦੇਖਣ ਵਾਲੇ ਸੁਚੇਤ ਹੋ ਕੇ ਇਸ ਅਸੱਭਿਅਕ ਗਾਇਕੀ ਵਿਰੁੱਧ ਜੇਹਾਦ ਛੇੜ ਦੇਣ ਤਾਂ ਪਹਿਲੇ ਤਿੰਨ ਜ਼ਿੰਮੇਵਾਰ ਤਬਕੇ ਕੁਝ ਕੁ ਮਹੀਨਿਆਂ ਵਿੱਚ ਗਾਇਬ ਹੋ ਜਾਣਗੇ ਪਰ ਅਜਿਹਾ ਕਰੇ ਕੌਣ? ਆਉ! ਕਦਮ ਨਾਲ ਕਦਮ ਮਿਲਾਉ। ਸਾਂਝਾ ਪਲੇਟਫਾਰਮ ਤਿਆਰ ਕਰੋ, ਇਸ ਅਸੱਭਿਅਕ ਗਾਇਕੀ ਵਿਰੁੱਧ ਜਿਨ੍ਹਾਂ ਨੇ ਸਾਡੇ ਸਾਰਿਆਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਤਾਰ-ਤਾਰ ਕਰਨ ਦਾ ਠੇਕਾ ਗੰਦੇ ਗੀਤਾਂ ਦੇ ਜ਼ਰੀਏ ਲਿਆ ਹੋਇਆ ਹੈ। ਮੁਕੰਮਲ ਬਾਈਕਾਟ ਕਰੀਏ ਇਨ੍ਹਾਂ ਦੀਆਂ ਕੈਸਿਟਾਂ ਤੇ ਲਾਈਵ ਪ੍ਰੋਗਰਾਮਾਂ ਦਾ।

ਸਾਡਾ ਫ਼ਰਜ਼ ਹੈ ਕਿ ਅਸੀਂ ਇੱਕ ਇਸਤਰੀ ਜੋ ਕਿ ਮਾਂ, ਭੈਣ, ਪਤਨੀ ਅਤੇ ਧੀ ਦੇ ਰੂਪ ਵਿੱਚ ਸਿਹਤਮੰਦ ਸਮਾਜ ਸਿਰਜਣ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ, ਉਸ ਦਾ ਬਣਦਾ ਮਾਣ-ਸਨਮਾਨ ਉਸ ਨੂੰ ਦਿੱਤਾ ਜਾਵੇ ਨਾ ਕਿ ਉਸ ਨੂੰ ਇੱਕ ਅਸ਼ਲੀਲ ਅਤੇ ਕਾਮੁਕ ਵਸਤੂ ਵਜੋਂ ਪੇਸ਼ ਕੀਤਾ ਜਾਵੇ।

ਸੱਭਿਆਚਾਰ ਨੂੰ ਕਲੰਕਿਤ ਕਰ ਰਹੀ ਅਸੱਭਿਅਕ ਗਾਇਕੀ ਨੂੰ ਠੱਲ੍ਹ ਪਾਈ ਜਾਵੇ। ਬੇਸ਼ੱਕ ਇਸਤਰੀ ਜਾਗ੍ਰਿਤੀ ਮੰਚ ਪੰਜਾਬ ਵੱਲੋਂ ਅਮਲੀ ਰੂਪ ਵਿੱਚ ਮੁਹਿੰਮ ਆਰੰਭ ਕਰ ਦਿੱਤੀ ਗਈ ਹੈ ਪਰ ਹੋਰ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਹਾਲੇ ਉਸ ਦੀ ਹਮਾਇਤ ਵਿੱਚ ਨਹੀਂ ਨਿੱਤਰੀਆਂ।

ਆਉ! ਇੱਕਜੁਟ ਹੋ ਕੇ ਅਸ਼ਲੀਲਤਾ ਤੇ ਲੱਚਰਤਾ ਵਿਰੁੱਧ ਮੋਰਚਾ ਲਗਾਈਏ ਜੋ ਅਜੋਕੇ ਸਮੇਂ ਦੀ ਲੋੜ ਹੈ।

**-ਇਕਵਾਕ ਸਿੰਘ ਪੱਟੀ**

## ਕਹਾਣੀ

# ਤੀਜੇ ਪਹਿਰ ਦੀ ਧੁੱਪ

**-ਸੁਰਿੰਦਰ ਸਿੰਘ ਲੂਥਰ**

ਇੱਕ ਦਿਨ ਛਾਤੀ ਵਿੱਚ ਦਰਦ ਹੋਇਆ, ਲੱਗਿਆ ਜਿਵੇਂ 'ਹਾਰਟ ਅਟੈਕ' ਹੈ। ਜਦ ਕਦੇ ਕਿਸੇ ਬਾਂਹ ਵਿੱਚ ਚੀਸ ਪੈਂਦੀ ਹੈ, ਜਾਪਦਾ ਜਿਵੇਂ ਅਧਰੰਗ ਨਾ ਹੋ ਜਾਵੇ। ਬੀਮਾਰ ਰਹਿੰਦੀ ਪਤਨੀ ਦੀ ਚਿੰਤਾ ਹੈ ਪਰ ਮੈਂ ਸੋਚ ਲਿਆ ਹੈ ਕਿ ਇਹ ਸਭ ਇਸ ਉਮਰ ਦਾ ਮਿਜ਼ਾਜ ਹੈ। ਨੌਕਰੀ ਤੋਂ ਸੇਵਾਮੁਕਤ ਹੋਣ ਦੇ ਅਰਥ ਇਹ ਨਹੀਂ, ਬਈ ਬੰਦਾ ਚਿੰਤਾਵਾਂ ਤੇ ਮਜਬੂਰੀਆਂ ਤੋਂ ਮੁਕਤ ਹੋ ਜਾਵੇ। ਬਾਬਾ ਬਖਤੌਰਾ ਕਿਹਾ ਕਰਦਾ ਸੀ, "ਪਹਿਲੀ ਉਮਰੇ ਸਰੀਰ ਬਣਦੈ ਪਿਛਲੇ ਉਮਰੇ ਸਰੀਰ ਟੁੱਟਦੈ।" ਸੋ ਕਦੇ-ਕਦੇ ਮੈਂ ਸੋਚਦਾ ਹਾਂ, ਗੱਲ ਤਾਂ ਬਾਬੇ ਦੀ ਠੀਕ ਹੈ। ਪੁਰਾਣੀ ਚੀਜ਼ ਪਈ-ਪਈ ਬੋਦੀ ਹੋ ਜਾਂਦੀ ਹੈ। ਸਮੇਂ ਦੇ ਨਾਲ ਪੁਰਾਣੇ ਪੱਤੇ ਝੜ ਜਾਂਦੇ ਹਨ, ਨਵੇਂ ਨਿਕਲ ਆਉਂਦੇ ਹਨ। ਅੱਗੋਂ ਕੀ ਹੋਣਾ ਹੈ, ਦੀ ਚਿੰਤਾ ਕਰਨੀ ਠੀਕ ਨਹੀਂ ਪਰ ਮੇਰੀ ਸੋਚ ਦਾ ਕੀ ਐ? ਬਾਬੇ ਬਖਤੌਰੇ ਦੀ ਗੱਲ ਤਾਂ ਠੀਕ ਹੈ, "ਮਰ ਤਾਂ ਸਭ ਨੇ ਜਾਣਾ ਹੈ। ਬੇਫ਼ਿਕਰੀ ਨਾਲ ਫਿਰ ਕਿਉਂ ਨਾ ਮਰਿਆ ਜਾਵੇ। ਜਿਹੜਾ ਆਦਮੀ ਚਿੰਤਾਵਾਂ ਨਾਲ ਘਿਰਿਆ ਹੈ, ਉਹ ਤਾਂ ਹਰ ਰੋਜ਼ ਮਰਦਾ ਹੈ।" ਆਖ਼ਰ ਇਹ ਕਥਨ ਸਭ ਫੋਕੇ ਲੱਗਦੇ ਨੇ। ਮੈਂ ਤਾਂ ਇਸ ਨਤੀਜੇ ਉੱਪਰ ਪਹੁੰਚਦਾ ਹਾਂ, ਜੇ ਚਿੰਤਾਵਾਂ ਮਜਬੂਰੀਆਂ ਨਾ ਹੋਣ ਤਾਂ ਜ਼ਿੰਦਗੀ ਬੇਰਸੀ ਬਣ ਜਾਵੇ। ਗੁਪਤੇ ਦਾ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ, ਉਸ ਨੂੰ ਨੀਂਦ ਘੱਟ ਆਉਂਦੀ ਹੈ। ਆਖ਼ਰ ਇਸ ਦਾ ਵੀ ਕੋਈ ਕਾਰਨ ਹੈ। ਅਸੀਂ ਸਾਰੇ ਇੱਕੋ ਥੈਲੀ ਦੇ ਚੱਟੇ ਵੱਟੇ ਹਾਂ ਮੈਂ ਸਭ ਕੁਝ ਸੋਚਦਾ-ਸੋਚਦਾ ਆਪਣੇ-ਆਪ ਨਾਲ ਗੱਲਾਂ ਕਰਦਾ ਰਹਿੰਦਾ ਹਾਂ। ਪਹਿਲੀ ਵਾਰ ਜਦੋਂ ਮੈਂ ਪੈਨਸ਼ਨ ਲੈਣ ਲਈ ਖਜ਼ਾਨੇ ਗਿਆ, ਉਥੇ ਬੁੱਢੇ ਹੋ ਰਹੇ ਅਤੇ ਬੁੱਢਿਆਂ ਦੀ ਨਵੀਂ ਦੁਨੀਆਂ ਵੇਖੀ। ਮੈਂ ਵੇਖਿਆ ਉਥੇ ਅਠਵੰਜਾ ਸਾਲ ਤੋਂ ਲੈ ਕੇ ਅੱਸੀ-ਪਚਾਸੀ ਸਾਲ ਦੇ ਬੰਦੇ ਵੀ ਸਨ। ਭਾਵੇਂ ਉਨ੍ਹਾਂ ਵਿੱਚ ਕੁਝ ਨਾ ਕੁਝ ਥੋੜ੍ਹਾ ਮੋਟਾ ਕੰਮ ਕਰਨ ਦੇ ਯੋਗ ਸਨ ਪਰ ਬਹੁਤੇ ਵਿਹਲੇ ਅਤੇ ਇਕੱਲੇ ਸਨ। ਇਸ ਅਨੋਖੇ ਸੰਸਾਰ ਵਿੱਚ ਥਾਣੇਦਾਰ, ਤਹਿਸੀਲਦਾਰ, ਕਾਨੂੰਗੋ, ਪਟਵਾਰੀ, ਡਾਕਟਰ, ਮਾਸਟਰ, ਵੈਦ, ਸਿਪਾਹੀ, ਫ਼ੌਜੀ, ਅਫ਼ਸਰ, ਕਲਰਕ ਰਹਿ ਚੁੱਕੇ ਹਰ ਪ੍ਰਕਾਰ ਦੇ ਪੈਨਸ਼ਨਰ ਮਿਲ ਜਾਂਦੇ ਹਨ। ਉਨ੍ਹਾਂ ਨੂੰ ਵੇਖ ਕੇ ਮੇਰੇ ਮਨ ਨੂੰ ਤਸੱਲੀ ਹੋਈ ਕਿ ਮੈਂ ਇਕੱਲਾ ਹੀ ਵਿਹਲਾ ਨਹੀਂ। ਹਰ ਸ਼ਹਿਰ, ਗਰਾਂ, ਪਿੰਡਾਂ ਵਿੱਚ ਮੇਰੇ ਵਰਗੇ ਅਨੇਕਾਂ ਲੋਕ ਹਨ। ਪੜ੍ਹੇ-ਲਿਖੇ, ਅਨਪੜ੍ਹ, ਅਜੇ ਸਰੀਰਕ ਪੱਖੋਂ ਤਕੜੇ, ਬੁੱਢੇ ਹੋ ਰਹੇ, ਬੁੱਢੇ ਅਤੇ ਅਤਿ ਬੁੱਢੇ। ਪੈਨਸ਼ਨਰਾਂ ਦੀ ਆਪਣੀ ਦੁਨੀਆਂ ਹੈ। ਮੈਨੂੰ ਉਸ ਦਿਨ ਮਹਿਸੂਸ ਹੋਇਆ ਕਿ ਪੈਨਸ਼ਨਰ ਲਈ ਪੈਨਸ਼ਨ ਲੈਣੀ ਕਿੰਨੀ ਮਹੱਤਵਪੂਰਨ ਗੱਲ ਹੈ। ਪਤਾ ਨਹੀਂ ਇਹ ਲੋਕ ਪੈਨਸ਼ਨ ਲੈ ਕੇ ਆਪਣੀਆਂ ਕੀ-ਕੀ ਗ਼ਰਜ਼ਾਂ ਪੂਰੀਆਂ ਕਰਦੇ ਹੋਣਗੇ। ਮੈਨੂੰ ਪਤਾ ਲੱਗਿਆ ਸੈਂਕੜੇ ਪੈਨਸ਼ਨਰਾਂ ਵਿੱਚ ਬਹੁਤ ਅਜਿਹੇ ਹਨ, ਜਿਨ੍ਹਾਂ ਨੂੰ ਗੁਜ਼ਾਰੇਯੋਗ ਪੈਨਸ਼ਨ ਵੀ ਨਹੀਂ ਮਿਲਦੀ, ਫਿਰ ਵੀ ਉਨ੍ਹਾਂ ਲਈ ਜੋ ਮਿਲਦੈ, ਉਹ ਸਵਾ ਲੱਖ ਦੇ ਬਰਾਬਰ ਹੈ। ਹੌਲੇ-ਹੌਲੇ ਮੈਂ ਆਪਣੇ-ਆਪ ਨੂੰ ਹਾਲਾਤ ਦੇ ਅਨੁਸਾਰ ਢਾਲਣ ਲੱਗਾ। ਇੱਕ ਦਿਨ ਮੇਰਾ ਸਾਥੀ ਰਿਟਾਇਰ ਥਾਣੇਦਾਰ ਹੁਕਮ ਸਿੰਘ ਕਹਿਣ ਲੱਗਾ, "ਸ਼ਰਮਾ ਜੀ! ਆਦਮੀ ਨੂੰ ਅਠਵੰਜਾ ਸਾਲ ਪਿੱਛੋਂ ਮਜਬੂਰਨ ਬੁੱਢਾ ਬਣਾ ਦਿੱਤਾ ਜਾਂਦਾ ਹੈ।"

ਮੈਂ ਅਖ਼ਬਾਰ ਪੜ੍ਹ ਰਿਹਾ ਸਾਂ ਅਖ਼ਬਾਰ ਪਰ੍ਹੇ ਕਰਕੇ ਉਸ ਤੋਂ ਪੁੱਛਿਆ, "ਕਿਉਂ ਤੇ ਕਿਵੇਂ?"

ਉਸ ਨੇ ਆਪਣੀ ਆਦਤ ਅਨੁਸਾਰ ਉਚੀ ਹੱਸਦਿਆਂ ਤਾੜੀ ਮਾਰ ਕੇ ਕਿਹਾ, "ਕਿਹੜਾ ਉਲੂ ਦਾ ਪੱਠਾ, ਤੁਹਾਨੂੰ ਤੇ ਮੈਨੂੰ ਬੁੱਢਾ ਕਹਿ ਸਕਦਾ?" "ਕਿਉਂ?"

"ਕਿਉਂਕਿ ਅਜੇ ਵੀ ਅਸੀਂ ਆਪਣੇ-ਆਪਣੇ ਖੇਤਰ ਦਾ ਕੰਮ ਉਨ੍ਹਾਂ ਤੋਂ ਵਧੀਆ ਤੇ ਵੱਧ ਕਰ ਸਕਦੇ ਹਾਂ, ਜਿਹੜੇ ਆਪਣੇ-ਆਪ ਨੂੰ ਗੱਭਰੂ ਅਖਵਾਉਣ ਵਾਲੇ ਹਨ।"

"ਪਰ ਇਹ ਅੰਗਰੇਜ਼ਾਂ ਨੇ ਜੋ ਕਰਤਾ, ਕਰਤਾ, ਇਦ੍ਹੇ ਬਾਰੇ ਕੌਣ ਸੋਚਦੈ ਕਿ ਪੈਨਸ਼ਨਰ ਕੀ ਕਰ ਸਕਦੇ ਨੇ, ਕੀ ਕਰਨ, ਕਿੱਥੇ ਜਾਣ?"

"ਪਰ ਇਨ੍ਹਾਂ ਰਾਜਨੀਤੀਵਾਨਾਂ, ਨੇਤਾਵਾਂ 'ਤੇ ਉਮਰ ਦੀ ਕੋਈ ਪਾਬੰਦੀ ਨਹੀਂ?" ਥਾਣੇਦਾਰ ਆਪਣੇ ਮਨ ਦੀ ਭੜਾਸ ਕੱਢ ਰਿਹਾ ਸੀ। ਮੈਂ ਉਸ ਤੋਂ ਖਹਿੜਾ ਛੁਡਾਉਣ ਲਈ ਐਨਾ ਹੀ ਕਹਿ ਦਿੱਤਾ, "ਕੌਣ ਕਹੇ ਰਾਣੀਏ, ਅੱਗਾ ਢੱਕ" ਪਰ ਮੈਨੂੰ ਉਸ ਦੇ ਕਥਨ ਵਿੱਚ ਕੁਝ ਵੀ ਝੂਠ ਨਹੀਂ ਸੀ ਜਾਪਦਾ। ਇੱਕ ਦਿਨ ਮੀਂਹ ਪੈ ਰਿਹਾ ਸੀ। ਮੌਸਮ ਖ਼ੁਸ਼ਗਵਾਰ ਤੇ ਸੁਹਾਵਣਾ ਸੀ। ਮੈਂ ਅਖ਼ਬਾਰ ਪੜ੍ਹ ਕੇ ਹਟਿਆ ਹੀ ਸਾਂ ਕਿ ਮੇਰਾ ਕਿਸੇ ਸਮੇਂ ਰਿਹਾ ਕਲਾਸਫੈਲੋ ਕਰਨੈਲ ਸਿੰਘ ਉਚੇਚੇ ਤੌਰ 'ਤੇ ਮੈਨੂੰ ਮਿਲਣ ਆਇਆ। ਉਹ ਵੀ ਪਿਛਲੇ ਸਾਲ ਹੀ ਰਿਟਾਇਰ ਹੋਇਆ ਸੀ। ਬਹੁਤ ਸਾਲਾਂ ਪਿੱਛੋਂ ਮਿਲਿਆ ਸੀ। ਘਰੋਂ ਚੰਗਾ ਸੀ। ਜ਼ਮੀਨ-ਜਾਇਦਾਦ ਬਹੁਤ ਸੀ। ਉਸ ਨੂੰ ਵੇਖ ਕੇ ਮੈਨੂੰ ਲੱਗਾ, ਉਸ ਦੇ ਚਿਹਰੇ 'ਤੇ ਜਿਵੇਂ ਉਦਾਸੀ ਹੋਵੇ ਅਤੇ ਮਨ ਵਿੱਚ ਨਿਰਾਸ਼ਾ। ਉਸ ਦੀ ਦਾੜ੍ਹੀ ਦੇ ਵਾਲ ਸਫ਼ੈਦ ਹੋ ਚੁੱਕੇ ਸਨ। ਮੱਥੇ ਉੱਪਰ ਝੁਰੜੀਆਂ ਪੈ ਚੁੱਕੀਆਂ ਸਨ। ਉਹਦਾ ਚਿਹਰਾ ਅੱਗੇ ਨਾਲੋਂ ਕਮਜ਼ੋਰ ਤੇ ਲਮੂਤਰਾ ਜਿਹਾ ਹੋ ਗਿਆ ਸੀ। ਉਹ ਮੈਨੂੰ ਓਪਰਾ-ਓਪਰਾ ਜਾਪਿਆ। ਮਿਲਿਆ ਤਾਂ ਮੈਨੂੰ ਲੱਗਾ, ਜਿਵੇਂ ਕਰਨੈਲ ਸਿੰਘ ਬਹੁਤ ਬਦਲ ਗਿਆ ਹੋਵੇ। ਮੈਂ ਉਸ ਨਾਲ ਗੱਲਾਂ ਕਰਦਾ ਹੋਇਆ ਮਨ ਹੀ ਮਨ ਸੋਚ ਰਿਹਾ ਹਾਂ, 'ਉਮਰ ਦੇ ਤੀਜੇ ਪਹਿਰ, ਆਦਮੀ ਇੰਜ ਕਿਉਂ ਬਦਲ ਜਾਂਦਾ ਹੈ। ਕਰਨੈਲ ਸਿੰਘ ਤਾਂ ਧੜੱਲੇਦਾਰ ਬੰਦਾ ਹੈ ਪਰ ਅੱਜ-ਕੱਲ੍ਹ ਉਹ ਮੈਨੂੰ ਕਮਜ਼ੋਰ ਜਾਪਦਾ ਹੈ।' ਗੱਲਾਂ-ਗੱਲਾਂ ਵਿੱਚ ਉਸ ਨੇ ਦੱਸਿਆ ਕਿ ਅੱਜ-ਕੱਲ੍ਹ ਉਹ ਬਿਲਕੁਲ ਇਕੱਲਾ ਰਹਿ ਗਿਆ ਹੈ। ਉਸ ਦੀ ਘਰਵਾਲੀ ਚਾਰ ਕੁ ਸਾਲ ਪਹਿਲਾਂ ਹੀ ਚੱਲ ਵਸੀ ਸੀ। ਜਦੋਂ ਤੋਂ ਉਸ ਨੇ ਆਪਣੀਆਂ ਦੋ ਧੀਆਂ ਵਿਆਹ ਦਿੱਤੀਆਂ, ਉਸ ਵੇਲੇ ਤੋਂ ਉਹ ਨਿਆਸਰਾ ਜਿਹਾ ਹੋ ਗਿਆ ਹੈ। ਸੁੱਖ ਨਾਲ ਉਸ ਦਾ ਇੱਕੋ-ਇੱਕ ਮੁੰਡਾ ਹੈ, ਜੋ ਦਿੱਲੀ ਇੱਕ ਵੱਡਾ ਅਫ਼ਸਰ ਲੱਗਾ ਹੋਇਆ ਹੈ ਪਰ ਦਿੱਲੀ ਵਰਗੇ ਮਹਾਂਨਗਰ ਵਿੱਚ ਉਸ ਦਾ ਜੀਅ ਨਹੀਂ ਲੱਗਦਾ। ਇਸ ਲਈ ਉਹ ਆਪਣੇ ਸ਼ਹਿਰ-ਨੁਮਾ ਕਸਬੇ ਵਿੱਚ ਇਕੱਲਾ ਹੀ ਰਹਿੰਦਾ ਹੈ। ਗੱਲਾਂ-ਗੱਲਾਂ ਵਿੱਚ ਉਸ ਨੇ ਦੱਸਿਆ, "ਆਦਮੀ ਖਾਂਦਾ, ਪੀਂਦਾ, ਪੈਸੇ ਵਾਲਾ ਹੋਵੇ, ਜ਼ਰੂਰੀ ਨਹੀਂ ਸੁੱਖ ਭੋਗਦਾ ਹੋਵੇ। ਮੈਨੂੰ ਪੈਸੇ ਦੀ ਘਾਟ ਨਹੀਂ। ਜਦੋਂ ਦੀ ਘਰਵਾਲੀ ਗੁਜ਼ਰੀ ਹੈ, ਮੈਂ ਆਪਣੇ-ਆਪ ਨੂੰ ਕੰਗਾਲ ਸਮਝਦਾ ਹਾਂ"

"ਗੱਲ ਤਾਂ ਤੇਰੀ ਠੀਕ ਹੈ ਪਰ", ਮੈਂ ਹੁੰਗਾਰਾ ਭਰਦਿਆਂ ਕਿਹਾ।

"ਪਰ ਆਦਮੀ ਨੂੰ ਹਾਲਾਤ ਅਨੁਸਾਰ ਆਪਣੇ-ਆਪ ਨੂੰ ਢਾਲ ਲੈਣਾ ਚਾਹੀਦੈ।" ਪਰ ਕਰਨੈਲ ਸਿੰਘ ਭਾਵੁਕ ਹੋਇਆ, ਮੈਨੂੰ ਫਿਰ ਕਹਿਣ ਲੱਗਾ, "ਨਹੀਂ ਸ਼ਰਮਾ! ਤੈਨੂੰ ਮੇਰੇ ਦਰਦ ਦਾ ਪਤਾ ਨਹੀਂ। ਆਦਮੀ ਕੋਲ ਨਿੱਕੀਆਂ-ਨਿੱਕੀਆਂ ਬੇਮਤਲਬ ਦੀਆਂ ਗੱਲਾਂ ਉਹ ਆਪਣੀ ਜੀਵਨ ਸਾਥਣ ਨਾਲ ਹੀ ਕਰ ਸਕਦੈ। ਪੁੱਤਾਂ ਧੀਆਂ, ਨੂੰਹਾਂ ਕੋਲ ਐਨੀ ਵਿਹਲ ਨਹੀਂ ਕਿ ਥੋਡੀ ਢਿੱਡ ਦੀ ਗੱਲ ਸੁਣ ਲੈਣ।"

ਮੈਨੂੰ ਕਰਨੈਲ ਸਿੰਘ ਦਰਅਸਲ ਆਪਣਾ ਢਿੱਡ ਫੋਲ ਕੇ ਵਿਖਾ ਰਿਹਾ ਸੀ। ਉਸ ਕੋਲ ਸਭ ਕੁਝ ਸੀ ਪਰ ਉਸ ਦੇ ਅੰਦਰ ਸੁੱਖ-ਚੈਨ ਨਹੀਂ ਸੀ। ਗੱਲਾਂ-ਗੱਲਾਂ ਵਿੱਚ ਜਦ ਉਸ ਨੇ ਅਜਿਹੀ ਅਣਹੋਣੀ ਗੱਲ ਕਹਿ ਦਿੱਤੀ ਕਿ ਮੇਰਾ ਮੂੰਹ ਟੱਡਿਆ ਰਹਿ ਗਿਆ, "ਸ਼ਰਮਾ ਜੀ! ਮੈਂ ਫ਼ੈਸਲਾ ਕਰ ਲਿਆ ਬਈ ਕੋਈ ਸ਼ਰੀਕੇ ਹਯਾਤ ਬਣਾ ਲਵਾਂ।"

"ਇਸ ਉਮਰ ਵਿੱਚ, ਲੋਕੀਂ ਕੀ ਕਹਿਣਗੇ?" ਮੈਂ ਕਿਹਾ।

"ਜੋ ਮਰਜ਼ੀ ਕਹਿਣ। ਹਾਂ! ਲੋੜ ਤਾਂ ਵਧੇਰੇ, ਏਸੇ ਉਮਰ ਵਿੱਚ ਹੈ। ਮੈਂ ਇਕੱਲਾ ਹਾਂ ਸੁੰਨਾ ਘਰ ਵੱਢ-ਵੱਢ ਖਾਂਦੈ। ਪੈਸਾ ਮੈਂ ਚੱਟਣੈ, ਕਦੇ ਗੋਡਾ ਕਦੇ ਮੋਢਾ, ਕਦੇ ਢਿੱਡ, ਕਦੇ ਜਦ ਸਿਰ ਦੁਖਦੈ, ਚੁੱਪ ਕਰਕੇ ਦਵਾਈ ਬੂਟੀ ਤਾਂ ਲੈ ਲਈਦੀ ਹੈ ਪਰ ਆਪਣਾ ਦੁੱਖ ਦਰਦ, ਮਨ ਦੀ ਗੱਲ ਪੁੱਛਣ ਵਾਲਾ, ਮੇਰਾ ਕੋਈ ਨਹੀਂ ਹੈ। ਮੈਨੂੰ ਪਤੈ ਆਪਣਾ ਦੁੱਖ, ਆਪਣੀ ਘਰਵਾਲੀ ਨੂੰ ਦੱਸਣ-ਪੁੱਛਣ ਨਾਲ ਅੱਧਾ ਘਟ ਜਾਂਦੈ। ਸ਼ਰਮਾ! ਤੂੰ ਕਰਮਾਂ ਵਾਲਾ ਏਂ, ਅਜੇ ਤੇਰੀ ਤ੍ਰੀਮਤ ਜਿਉਂਦੀ ਐ। ਇਕੱਲਾ ਤਾਂ ਬੰਦਾ ਪਾਗਲ ਹੋ ਜਾਂਦੈ। ਤੈਨੂੰ ਮੈਂ ਕੀ ਦੱਸਾਂ?" ਕਰਨੈਲ ਸਿੰਘ ਇੱਕੋ ਸਾਹੇ ਸਭ ਕੁਝ ਕਹਿ ਗਿਆ। ਮੁੜ ਵਿਆਹ ਕਰਵਾਉਣਾ ਇਸ ਉਮਰੇ ਭਾਵੇਂ ਸਭ ਨੂੰ ਭੈੜਾ ਲੱਗੇ ਪਰ ਉਹ ਆਪ ਇਸ ਦੀ ਵਕਾਲਤ ਕਰ ਰਿਹਾ ਸੀ। ਮੈਂ ਉਸ ਵੱਲ ਵੇਖ ਬੁੱਲ੍ਹਾਂ ਵਿੱਚ ਮੁਸਕਰਾਇਆ ਤੇ ਪੁੱਛਿਆ, "ਸਾਡੀ ਨਵੀਂ ਭਾਬੀ ਸਾਹਿਬਾ ਕੌਣ ਐ ਫੇਰ ਕਰਨੈਲ ਸਿਆਂ?"

"ਹੈ ਮੇਰੀ ਰਿਸ਼ਤੇਦਾਰੀ ਵਿੱਚ, ਮੇਰੇ ਮਾਮੇ ਦੇ ਮੁੰਡੇ ਦੀ ਵਿਧਵਾ, ਜਿਸ ਦੇ ਕੋਈ ਬਾਲ ਬੱਚਾ ਨਹੀਂ।"

"ਉਹ ਮੰਨ ਜਾਵੇਗੀ?"

"ਹਾਂ! ਅਸੀਂ ਅਕਸਰ ਇੱਕ-ਦੂਜੇ ਨੂੰ ਮਿਲਦੇ ਆਂ ਗੱਲ ਬਣ ਹੀ ਜਾਵੇਗੀ।"

ਮੈਂ ਇਸ ਵਿਸ਼ੇ ਉਪਰ ਹੋਰ ਵਿਸਥਾਰ ਨਾਲ ਗੱਲ ਕਰਨੀ ਮੁਨਾਸਬ ਨਾ ਸਮਝੀ। ਬੱਸ ਐਨਾ ਹੀ ਕਹਿ ਦਿੱਤਾ, "ਤੇਰੀ ਮਰਜ਼ੀ ਹੈ।" ਕਰਨੈਲ ਸਿੰਘ ਦੀਆਂ ਅੱਖਾਂ ਵਿੱਚ ਚਮਕ ਆ ਗਈ ਸੀ। ਉਸ ਨੇ ਆਪਣੇ ਸੁਨਹਿਰੇ ਭਵਿੱਖ ਲਈ ਜੋ ਸੁਪਨਾ ਲਿਆ ਸੀ, ਸ਼ਾਇਦ ਪੂਰਾ ਹੋ ਜਾਵੇ। ਉਸ ਦਿਨ ਉਹ ਮੇਰੇ ਕੋਲ ਹੀ ਰਿਹਾ। ਅਸੀਂ ਆਥਣੇ ਇਕੱਠੇ ਸੈਰ ਨੂੰ ਗਏ। ਖ਼ੂਬ ਗੱਲਾਂ ਕੀਤੀਆਂ ਦੂਜੇ ਦਿਨ ਜਦੋਂ ਉਹ ਜਾਣ ਲੱਗਾ, ਮੁਸਕਰਾਉਂਦਾ ਸੀ। ਹੁਣ ਮੈਨੂੰ ਉਹ ਚੜ੍ਹਦੀ ਕਲਾ ਵਿੱਚ ਲੱਗਦਾ ਸੀ। ਜਿਵੇਂ ਗੱਲਾਂ ਕਰ ਕੇ ਫੁੱਲ ਵਰਗਾ ਹੌਲਾ ਹੋ ਗਿਆ ਹੋਵੇ। ਜਦੋਂ ਤੋਂ ਮੈਂ ਰਿਟਾਇਰ ਹੋਇਆ ਹਾਂ ਮੈਂ ਇਕੱਲਾ ਰਹਿਣ ਦੀ ਕਲਾ ਸਿੱਖ ਲਈ ਹੈ। ਪਹਿਲਾਂ ਮੈਂ ਸਮਝਦਾ ਸਾਂ ਕਿ ਆਦਮੀ ਨੌਕਰੀ ਤੋਂ ਸੇਵਾਮੁਕਤ ਹੋ ਕੇ ਸਿਰਫ਼ ਵਿਹਲਾ ਤੇ ਨਿਕੰਮਾ ਹੈ ਪਰ ਹੁਣ ਮੈਨੂੰ ਆਪਣੇ ਆਲੇ-ਦੁਆਲੇ ਵਿੱਚੋਂ ਕੰਮ ਲੱਭਣ ਦਾ ਹੁਨਰ ਆ ਗਿਆ ਹੈ। ਤੁਸੀਂ ਪੁੱਛੋਗੇ, ਉਹ ਕਿਹੜਾ ਹੈ? ਮੈਂ ਤੁਹਾਨੂੰ ਇਹੋ ਕਹਾਂਗਾ, "ਕਰਨ ਲਈ ਕੰਮਾਂ ਦੀ ਘਾਟ ਨਹੀਂ। ਤੁਹਾਡੇ ਕੋਲ ਕੰਮ ਕਰਨ ਦਾ ਚਾਅ ਹੋਵੇ। ਜੇ ਤੁਸੀਂ ਵਕਤ ਲੰਘਾਉਣ ਲਈ ਕੰਮ ਕਰਨੈ ਤਾਂ ਸੈਂਕੜੇ ਕੰਮ ਹਨ। ਜਿਵੇਂ ਜੋ ਜੀਅ ਕਰਦਾ, ਕਰ ਲਵੋ। ਘਰ ਵਿੱਚ ਕਿਚਨ ਗਾਰਡਨ ਦਾ ਕੰਮ ਵਧੀਆ, ਫੁੱਲ ਲਗਾਓ ਤੇ ਮਹਿਕ ਪ੍ਰਾਪਤ ਕਰੋ।

ਘਰ ਦੀਆਂ ਨਿੱਕੀਆਂ-ਨਿੱਕੀਆਂ ਵਸਤਾਂ ਦੀ ਸਫ਼ਾਈ ਕਰੋ। ਪੁਸਤਕਾਂ ਸੰਭਾਲੋ ਤੇ ਪੜ੍ਹੋ। ਡਾਇਰੀ ਲਿਖੋ ਤੇ ਆਪਣਾ ਮਨ ਹੌਲਾ ਕਰੋ। ਸੈਰ ਕਰੋ ਤੇ ਖੁੱਲ੍ਹੀ ਹਵਾ ਦਾ ਆਨੰਦ ਮਾਣੋ ਆਦਿ।" ਅਜੇ ਮੈਂ ਇੰਜ ਸੋਚ ਹੀ ਰਿਹਾ ਸਾਂ ਕਿ ਮੇਰੇ ਅੰਦਰੋਂ ਫਿਰ ਆਵਾਜ਼ ਆਈ, "ਕੰਮ ਕਰਨਾ ਦਾ ਚਾਅ ਜਨਾਬ, ਤੁਹਾਡੀ ਸਿਹਤ ਉਪਰ ਨਿਰਭਰ ਕਰਦਾ ਹੈ।" ਮੈਂ ਕੁਰਸੀ ਉਪਰ ਬੈਠ ਜਾਂਦਾ ਹੈ। ਮੈਨੂੰ ਫਿਰ ਉਨ੍ਹਾਂ ਲੋਕਾਂ ਦਾ ਖ਼ਿਆਲ ਆਉਂਦਾ ਹੈ, ਜਿਹੜੇ ਰਿਟਾਇਰ ਹੋਣ ਪਿੱਛੋਂ ਦੀ ਮਜਬੂਰੀ ਵਿੱਚ ਕੰਮ ਕਰਦੇ ਹਨ। ਮੈਂ ਫਿਰ ਸੋਚਣ ਲੱਗਦਾ ਹਾਂ, "ਐਵੇਂ ਤਾਂ ਕਿਸੇ ਨੂੰ ਹੱਡ ਗੋਡੇ ਰਗੜਨ ਦਾ ਚਾਅ ਨਹੀਂ। ਕੋਈ ਨਾ ਕੋਈ ਮਜਬੂਰੀ ਹੁੰਦੀ ਹੈ, ਜਿਹੜੇ ਬੁਢਾਪੇ ਵਿੱਚ ਕੰਮ ਕਰਦੇ ਆ।" ਕੁਝ ਦਿਨ ਹੋਏ ਮੈਨੂੰ ਪ੍ਰੋ. ਪ੍ਰਭਦਿਆਲ ਮਿਲਿਆ। ਉਹ ਕਿਸੇ ਪ੍ਰਾਈਵੇਟ ਕਾਲਜ ਵਿੱਚ ਘੱਟ ਤਨਖਾਹ ਉੱਪਰ ਨੌਕਰੀ ਕਰਦਾ ਹੈ। ਸਰਕਾਰੀ ਕਾਲਜ ਵਿੱਚੋਂ ਸੇਵਾਮੁਕਤ ਹੋਣ ਪਿੱਛੋਂ ਉਸ ਦੀ ਘੱਟ ਤਨਖਾਹ ਉੱਪਰ ਨੌਕਰੀ ਕਰਨ ਦੀ ਮਜਬੂਰੀ ਇਹ ਹੈ ਕਿ ਉਸ ਦੀਆਂ ਦੋ ਧੀਆਂ ਦੇ ਅਜੇ ਵਿਆਹ ਕਰਨ ਵਾਲੇ ਪਏ ਹਨ। ਹੈੱਡ ਕਲਰਕ ਸ਼ੰਭੂ ਨਾਥ ਕਚਹਿਰੀ ਵਿੱਚ ਕੁਰਸੀ ਮੇਜ਼ ਲੈ ਕੇ ਲਿਖਣ-ਪੜ੍ਹਨ ਦਾ ਕੰਮ ਕਰਨ ਲੱਗਾ ਹੈ ਕਿਉਂਕਿ ਉਸ ਦਾ ਇੱਕੋ-ਇੱਕ ਪੁੱਤ ਉਸ ਨਾਲੋਂ ਵੱਖ ਹੋ ਗਿਆ ਹੈ। ਮਾਸਟਰ ਲੱਭੂ ਰਾਮ ਨੇ ਰਿਟਾਇਰ ਹੋਣ ਪਿੱਛੋਂ ਨਿੱਕੀ ਮੋਟੀ ਦੁਕਾਨ ਪਾ ਲਈ ਹੈ। ਬੰਦਾ ਕਰੇ ਤਾਂ ਕੀ ਕਰੇ? ਕਈ ਰਿਟਾਇਰ ਹੋ ਕੇ ਆਪਣੇ ਪੁੱਤਾਂ ਨਾਲ ਖੇਤੀਬਾੜੀ ਦੇ ਧੰਦੇ ਵਿੱਚ ਰੁੱਝ ਜਾਂਦੇ ਹਨ। ਕਦੇ-ਕਦੇ ਸ਼ਾਮੀਂ ਨਗਰਪਾਲਿਕਾ ਦੇ ਪਾਰਕ ਵਿੱਚ ਸੈਰ ਕਰਨ ਲਈ ਜਾਂਦਾ ਹਾਂ ਉਥੇ ਵਧੇਰੇ ਬੁੱਢੇ ਬੈਠੇ ਹੁੰਦੇ ਹਨ। ਕਈ ਟੋਲੀ ਬਣਾ ਕੇ ਤਾਸ਼ ਖੇਡ ਰਹੇ ਹੁੰਦੇ ਸਨ, ਕਈ ਗੱਲਾਂ ਮਾਰ ਰਹੇ ਹੁੰਦੇ ਹਨ। ਕਈ ਵਿਚਾਰੇ ਇੱਕ ਪਾਸੇ ਚੁੱਪ ਸਾਧੀ ਬੈਠੇ ਹੁੰਦੇ ਹਨ। ਮੈਂ ਉਨ੍ਹਾਂ ਦੇ ਕੋਲੋਂ ਦੀ ਲੰਘਦਾ-ਲੰਘਦਾ ਅਨੁਭਵ ਕਰਦਾ ਹਾਂ ਕਿ ਉਮਰ ਦੇ ਤੀਜੇ ਪਹਿਰ ਦੀ ਧੁੱਪ ਸੇਕਣ ਵਾਲਿਆਂ ਦੀ ਦੁਨੀਆਂ ਵੀ ਅਜੀਬ ਹੈ। ਮੈਂ ਵੀ ਇੱਕ ਦਿਨ ਉਨ੍ਹਾਂ ਦੀ ਢਾਣੀ ਵਿੱਚ ਆ ਰਲਣਾ ਹੈ। ਸ਼ਾਇਦ ਮੈਂ ਜਾਂ ਮੇਰੀ ਪਤਨੀ ਕਰਨੈਲ ਸਿੰਘ ਵਾਂਗ ਇਕੱਲਾ ਰਹਿ ਜਾਣ ਦਾ ਮੌਕਾ ਪ੍ਰਾਪਤ ਕਰ ਲਈਏ। ਜੋ ਕੱਲ੍ਹ ਵਧੀਆ ਸੀ, ਅੱਜ ਵਧੀਆ ਹੈ, ਕੀ ਪਤਾ ਭਲਕ ਕਿਹੋ ਜਿਹਾ ਹੋਵੇ। ਪਰ ਸ਼ਾਮ ਦੇ ਹਨੇਰੇ ਵਿੱਚ ਜਦੋਂ ਮੈਂ ਘਰ ਪਰਤਦਾ ਹਾਂ, ਆਪਣੇ-ਆਪ ਨੂੰ ਕਰਮਾਂ ਵਾਲਾ ਸਮਝਦਾ ਹਾਂ। ਧੀਆਂ-ਪੁੱਤਾਂ ਵੱਲੋਂ ਠੰਢੀ ਹਵਾ ਦੇ ਬੁੱਲ੍ਹੇ ਆਉਂਦੇ ਹਨ। ਸਭ ਤੋਂ ਵਧੀਆ ਗੱਲ ਮੇਰੀ ਜੀਵਨ ਸਾਥਣ ਅਜੇ ਮੇਰੇ ਅੰਗ-ਸੰਗ ਹੈ। ਸ਼ੁਕਰ ਹੈ, ਅਜੇ ਮੈਂ ਕਰਨੈਲ ਸਿੰਘ ਨਹੀਂ ਬਣਿਆ। ਨਾ ਹੀ ਗੁਪਤੇ ਵਾਂਗ ਸੋਚਦਾ ਹਾਂ ਪ੍ਰੋ. ਪ੍ਰਭੂ ਦਿਆਲ ਤੇ ਸ਼ੰਭੂ ਨਾਥ ਵਰਗੀ ਮੇਰੀ ਹਾਲਤ ਨਹੀਂ। ਮੈਂ ਸੈਰ ਕਰਕੇ ਜਦੋਂ ਵਾਪਸ ਘਰੇ ਆਉਂਦਾ ਹਾਂ, ਬੱਚੇ ਮੁਸਕਰਾ ਕੇ ਮਿਲਦੇ ਹਨ। ਪਤਨੀ ਹਲੀਮੀ ਨਾਲ ਪੁੱਛੀ ਹੈ, "ਕਿਉਂ ਜੀ ਠੀਕ ਤਾਂ ਹੋ?" ਉਸ ਵੇਲੇ ਮੈਨੂੰ ਉਮਰ ਦੇ ਤੀਜੇ ਪਹਿਰ ਦੀ ਧੁੱਪ ਚੰਗੀ ਲੱਗਦੀ ਹੈ। ਮੈਂ ਪਤਨੀ ਦੇ ਝੁਰੜੀਆਂ ਵਾਲੇ ਚਿਹਰੇ ਵੱਲ ਵੇਖ ਕੇ ਮੁਸਕਰਾ ਪੈਂਦਾ ਹਾਂ।



# ਪਾਖੰਡਵਾਦ ਵਿਰੁੱਧ ਜਨ-ਚੇਤਨਾ ਜ਼ਰੂਰੀ

ਧਾਰਮਿਕ ਆਸਥਾ ਦੇ ਨਾਂ ਹੇਠ ਡੇਰਾਵਾਦ ਵੱਡੇ ਪੱਧਰ ਉੱਤੇ ਵੱਧ-ਫੁਲ ਰਿਹਾ ਹੈ। ਜ਼ਿਆਦਾਤਰ ਲੋਕ ਅੰਧ-ਵਿਸ਼ਵਾਸੀ ਮਾਨਸਿਕਤਾ ਦੇ ਧਾਰਨੀ ਹੋਣ ਕਰਕੇ ਇਨ੍ਹਾਂ ਡੇਰਿਆਂ, ਬਾਬਿਆਂ, ਸਾਧਾਂ-ਸੰਤਾਂ ਅਤੇ ਸਵਾਮੀਆਂ ਅੱਗੇ ਕਈ-ਕਈ ਸਾਲ ਮੱਥੇ ਰਗੜਦੇ ਹੋਏ, ਆਪਣੀ ਹੱਕ ਹਲਾਲ ਦੀ ਕਮਾਈ ਲੁਟਾਉਂਦੇ ਹਨ। ਯਥਾਰਥਵਾਦੀ ਅਤੇ ਵਿਗਿਆਨਕ ਸੋਚ ਤੋਂ ਦੂਰ ਅਜਿਹੇ ਲੋਕ ਜੀਵਨ ਵਿੱਚ ਸੰਘਰਸ਼ ਕਰਨ ਦੀ ਬਜਾਏ ਡੇਰਿਆਂ ਉੱਤੇ ਟੇਕ ਰੱਖਦੇ ਹਨ। ਜਦੋਂ ਕਦੇ ਅਜਿਹੇ ਬਾਬਿਆਂ, ਸਾਧਾਂ-ਸੰਤਾਂ ਸਵਾਮੀਆਂ ਦੇ ਪਾਖੰਡ ਅਤੇ ਅਨੈਤਿਕਤਾ ਦੇ ਸਕੈਂਡਲ ਸਾਹਮਣੇ ਆਉਂਦੇ ਹਨ ਤਾਂ ਉਹ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ। ਪਿਛਲੇ ਦਿਨੀਂ ਵੱਖ-ਵੱਖ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਵੱਲੋਂ ਅਜਿਹੇ ਹੀ ਇੱਕ ਬਾਬੇ ਦੀ ਕਥਿਤ ਗ਼ੈਬੀ ਸ਼ਕਤੀ ਦਾ ਪਰਦਾਫ਼ਾਸ਼ ਕੀਤਾ ਗਿਆ ਹੈ, ਜਿਸ ਵੱਲੋਂ ਪਿਛਲੇ ਕਈ ਸਾਲਾਂ ਤੋਂ ਕਈ ਟੀ.ਵੀ. ਚੈਨਲਾਂ ਉੱਤੇ ਪ੍ਰਸਾਰਤ ਹੋ ਰਹੇ ਪ੍ਰੋਗਰਾਮਾਂ, ਵਿਗਿਆਪਨਾਂ ਵਿੱਚ ਆਪਣੀ ਅਖੌਤੀ ਪ੍ਰਭੂ ਕ੍ਰਿਪਾ ਨਾਲ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਸੀ। ਤਰਕਸ਼ਾਸਤਰੀਆਂ, ਮਨੋਵਿਗਿਆਨੀਆਂ, ਡਾਕਟਰਾਂ ਅਤੇ ਤਰਕਸ਼ੀਲ ਸੰਸਥਾਵਾਂ ਨੇ ਬਾਬੇ ਨੂੰ ਆਪਣੀ ਅਖੌਤੀ ਈਸ਼ਵਰੀ ਕ੍ਰਿਪਾ ਦੀ ਸ਼ਕਤੀ ਦਾ ਜਨਤਕ ਤੌਰ 'ਤੇ ਪ੍ਰਗਟਾਵਾ ਕਰਨ ਦੀ ਖੁੱਲ੍ਹੀ ਚੁਣੌਤੀ ਦਿੱਤੀ ਹੈ। ਦੇਸ਼ ਦੇ ਕਈ ਸੂਬਿਆਂ ਵਿੱਚ ਉਸ ਖ਼ਿਲਾਫ਼ ਰੋਸ ਮੁਜ਼ਾਹਰੇ ਹੋਣ ਦੇ ਨਾਲ ਹੀ ਉਸ ਖ਼ਿਲਾਫ਼ ਠੱਗੀ ਤੇ ਧੋਖਾਧੜੀ ਕਰਨ ਅਤੇ ਅੰਧ-ਵਿਸ਼ਵਾਸ ਫੈਲਾਉਣ ਦੇ ਦੋਸ਼ਾਂ ਹੇਠ ਕੇਸ ਵੀ ਦਰਜ ਕੀਤੇ ਗਏ ਹਨ। ਸਾਡੇ ਦੇਸ਼ ਦੇ ਬਹੁਤੇ ਲੋਕ ਭਾਵੇਂ ਉਹ ਪੇਂਡੂ ਹੋਣ ਜਾਂ ਸ਼ਹਿਰੀ, ਅਨਪੜ੍ਹ ਹੋਣ ਜਾਂ ਪੜ੍ਹੇ-ਲਿਖੇ, ਕਿਸੇ ਵੀ ਧਰਮ ਜਾਤ, ਵਰਗ, ਫ਼ਿਰਕੇ ਨਾਲ ਸਬੰਧਤ ਹੋਣ ਆਪਣੀ ਧਾਰਮਿਕ ਆਸਥਾ ਦੇ ਪ੍ਰਭਾਵ ਹੇਠ ਇੰਨੇ ਜ਼ਿਆਦਾ ਅੰਧ-ਵਿਸ਼ਵਾਸੀ ਹਨ ਕਿ ਕਿਸੇ ਵੀ ਪ੍ਰਚਾਰਕ ਬਾਬੇ, ਸੰਤ-ਸਵਾਮੀ ਵੱਲੋਂ ਉਨ੍ਹਾਂ ਨੂੰ ਮਿਥਿਹਾਸਕ, ਕਾਲਪਨਿਕ ਕਥਾ- ਕਹਾਣੀਆਂ ਸੁਣਾ ਕੇ ਜਾਂ ਕਿਸੇ ਅਖੌਤੀ ਗੈਬੀ ਸ਼ਕਤੀ ਜਾਂ ਰੱਬੀ ਕਰਾਮਾਤਾਂ ਰਾਹੀਂ ਸਹਿਜੇ ਹੀ ਗੁਮਰਾਹ ਕਰਕੇ ਮਗਰ ਲਾਇਆ ਜਾ ਸਕਦਾ ਹੈ। ਬਾਬੇ ਨੇ ਵੀ ਲੋਕਾਂ ਦੀ ਇਸੇ ਅੰਧ-ਵਿਸ਼ਵਾਸੀ ਮਾਨਸਿਕਤਾ ਦਾ ਫ਼ਾਇਦਾ ਉਠਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਖ਼ਤਮ ਕਰਨ ਦਾ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਉਹ ਕੁਝ ਸਮੇਂ ਵਿੱਚ ਹੀ ਲੋਕਾਂ ਦੀਆਂ ਜੇਬਾਂ ਵਿੱਚੋਂ ਕਰੋੜਾਂ ਰੁਪਏ ਕਢਵਾਉਣ ਅਤੇ ਆਪਣੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਉਣ ਵਿੱਚ ਸਫ਼ਲ ਰਿਹਾ। ਪਿਛਲੇ 15 ਸਾਲਾਂ ਵਿੱਚ ਇਹ ਬਾਬਾ ਕਈ ਕਰੋੜਾਂ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਬਣਾ ਚੁੱਕਾ ਹੈ। ਉਸ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਦੋ ਸਾਲ ਤੋਂ ਵੱਧ ਉਮਰ ਦੇ ਹਰ ਬੱਚੇ ਤੇ ਬਾਲਗ ਤੋਂ ਦੋ ਹਜ਼ਾਰ ਰੁਪਏ ਅਗਾਊਂ ਤੌਰ 'ਤੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਏ ਜਾਂਦੇ ਹਨ। ਇੱਕ ਮਹੀਨੇ ਵਿੱਚ ਸੱਤ ਸਮਾਗਮ ਕਰਵਾਏ ਜਾਂਦੇ ਹਨ ਅਤੇ ਹਰ ਸਮਾਗਮ ਵਿੱਚ ਪੰਜ ਤੋਂ ਦਸ ਹਜ਼ਾਰ ਸ਼ਰਧਾਲੂ ਸ਼ਾਮਲ ਹੁੰਦੇ ਹਨ। ਜਿਨ੍ਹਾਂ ਸ਼ਰਧਾਲੂਆਂ ਦੀ ਕੋਈ ਸਮੱਸਿਆ ਦੂਰ ਹੋ ਜਾਂਦੀ ਹੈ ਜਾਂ ਮਨੋਕਾਮਨਾ ਪੂਰੀ ਹੋ ਜਾਂਦੀ ਹੈ ਉਨ੍ਹਾਂ ਕੋਲੋਂ ਕਮਾਈ ਦਾ ਦਸਵੰਧ ਵੀ ਲਿਆ ਜਾਂਦਾ ਹੈ। ਬਾਬੇ ਵੱਲੋਂ ਕਿਸੇ ਦੇ ਗ੍ਰਹਿ ਪ੍ਰਵੇਸ਼ ਸਬੰਧੀ ਪਾਠ-ਪੂਜਾ ਕਰਨ ਦਾ ਇੱਕ ਲੱਖ ਰੁਪਿਆ ਲਿਆ ਜਾਂਦਾ ਹੈ ਅਤੇ ਜੇਕਰ ਕਿਸੇ ਨੇ ਬਾਬੇ ਨੂੰ ਨਿੱਜੀ ਰੂਪ 'ਚ ਮਿਲਣਾ ਹੋਵੇ ਤਾਂ ਦਸ ਹਜ਼ਾਰ ਦੀ ਭੇਟ ਦੇਣੀ ਪੈਂਦੀ ਹੈ। ਸ਼ਰਧਾਲੂ ਜਦੋਂ ਆਪਣੀ ਕਿਸੇ ਸਮੱਸਿਆ ਦੇ ਹੱਲ ਲਈ ਬਾਬੇ ਨੂੰ ਬੇਨਤੀ ਕਰਦੇ ਹਨ ਤਾਂ ਬਾਬਾ ਪਹਿਲਾਂ ਖ਼ੁਦ ਉਸ ਨੂੰ ਊਟ-ਪਟਾਂਗ ਸਵਾਲ ਪੁੱਛਦਾ ਹੈ ਅਤੇ ਫਿਰ ਅਜੀਬੋ-ਗਰੀਬ ਉਪਾਅ ਦੇ ਕੇ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਬਿਠਾ ਦਿੰਦਾ ਹੈ। ਬਾਬਾ ਇਹ ਦਾਅਵਾ ਕਰਦਾ ਹੈ ਕਿ ਉਸ ਦੀ ਛੇਵੀਂ ਇੰਦਰੀ ਦੀ ਅਖੌਤੀ ਪ੍ਰਭੂ ਕ੍ਰਿਪਾ ਨਾਲ ਦੱਸੇ ਜਾਂਦੇ ਉਪਾਵਾਂ ਕਰਕੇ ਲੋਕਾਂ ਦੇ ਦੁੱਖ ਕਸ਼ਟ, ਸਮੱਸਿਆਵਾਂ ਦੂਰ ਹੋ ਜਾਂਦੇ ਹਨ ਪਰ ਇਸ ਵਿੱਚ ਕੋਈ ਸੱਚਾਈ ਨਹੀਂ ਹੈ। ਦਰਬਾਰ ਵਿੱਚ ਬੈਠੇ ਪੜ੍ਹੇ-ਲਿਖੇ ਲੋਕ ਬਾਬੇ ਦੇ ਬੇਸਿਰ-ਪੈਰ ਜਵਾਬ ਸੁਣ ਕੇ ਪਤਾ ਨਹੀਂ ਕਿੰਜ ਸੰਤੁਸ਼ਟ ਹੋ ਜਾਂਦੇ ਹਨ? ਦਰਅਸਲ, ਸਮਾਗਮ ਵਿੱਚ ਸਵਾਲ ਪੁੱਛਣ ਵਾਲੇ ਜ਼ਿਆਦਾਤਰ ਸ਼ਰਧਾਲੂ ਬਾਬੇ ਦੇ ਆਪਣੇ ਹੀ ਸੇਵਾਦਾਰ ਹੁੰਦੇ ਹਨ ਜੋ ਬਾਬੇ ਵੱਲੋਂ ਦੱਸੇ ਉਪਾਅ ਮੁਤਾਬਕ ਆਪਣੀ ਸਮੱਸਿਆ ਖ਼ਤਮ ਹੋਣ ਜਾਂ ਮੰਨਤ ਪੂਰੀ ਹੋਣ ਦਾ ਝੂਠਾ ਦਾਅਵਾ ਕਰਦੇ ਹਨ। ਅਜਿਹਾ ਕਰਕੇ ਉਹ ਸਮਾਗਮ 'ਚ ਬੈਠੇ ਅਤੇ ਟੀ.ਵੀ. ਚੈਨਲ ਦੇਖ ਰਹੇ ਸ਼ਰਧਾਲੂਆਂ ਨੂੰ ਪ੍ਰਭਾਵਤ ਕਰਕੇ ਉਨ੍ਹਾਂ ਨੂੰ ਬਾਬੇ ਦੀ ਕ੍ਰਿਪਾ ਤੋਂ ਫ਼ਾਇਦਾ ਉਠਾਉਣ ਲਈ ਉਕਸਾਉਂਦੇ ਹਨ ਤਾਂ ਕਿ ਬਾਬੇ ਦੀ ਕਮਾਈ ਤੇ ਸ਼ੋਹਰਤ ਵਿੱਚ ਹੋਰ ਵਾਧਾ ਹੋ ਸਕੇ। ਬਾਬੇ ਦਾ ਇਹ ਵੀ ਕਹਿਣਾ ਹੈ ਕਿ ਉਸ ਦੇ ਪ੍ਰਭੂ ਕ੍ਰਿਪਾ ਸਬੰਧੀ ਦਾਅਵੇ ਵਿਗਿਆਨ ਦੀ ਕਸੌਟੀ ਉੱਤੇ ਖਰੇ ਉਤਰੇ ਹਨ ਪਰ ਉਹ ਆਪਣੇ ਕਿਸੇ ਵੀ ਸਮਾਗਮ ਜਾਂ ਟੀ. ਵੀ. ਚੈਨਲਾਂ ਨੂੰ ਦਿੱਤੀ ਇੰਟਰਵਿਊ ਵਿੱਚ ਇਸ ਸਬੰਧੀ ਨਾ ਤਾਂ ਕੋਈ ਵਿਗਿਆਨਕ ਪ੍ਰਮਾਨ ਦਿਖਾ ਸਕਿਆ ਹੈ ਅਤੇ ਨਾ ਹੀ ਆਪਣੀ ਅਖੌਤੀ ਈਸ਼ਵਰੀ ਕ੍ਰਿਪਾ ਦਾ ਜਨਤਕ ਤੌਰ 'ਤੇ ਪ੍ਰਗਟਾਵਾ ਹੀ ਕਰ ਸਕਿਆ ਹੈ। ਅਸਲ ਵਿੱਚ ਬਾਬੇ ਕੋਲ ਨਾ ਤਾਂ ਕੋਈ ਦੈਵੀ ਸ਼ਕਤੀ ਹੈ ਅਤੇ ਨਾ ਹੀ ਉਹ ਕਿਸੇ ਅਖੌਤੀ ਤੀਸਰੀ ਅੱਖ ਦੀ ਈਸ਼ਵਰੀ ਕ੍ਰਿਪਾ ਨਾਲ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਦਾ ਹੈ, ਬਲਕਿ ਉਸ ਵੱਲੋਂ ਦੱਸੇ ਜਾਂਦੇ ਝੂਠੇ ਉਪਾਅ ਮਹਿਜ਼ ਇੱਕ ਪਾਖੰਡ ਅਤੇ ਤੀਰ-ਤੁੱਕੇ ਉੱਤੇ ਅਧਾਰਤ ਅੰਧ-ਵਿਸ਼ਵਾਸ ਹੈ, ਜਿਸ ਦੀ ਆੜ ਹੇਠ ਫਸਾ ਕੇ ਬਾਬੇ ਵੱਲੋਂ ਅਗਿਆਨੀ ਤੇ ਅੰਧ-ਵਿਸ਼ਵਾਸੀ ਸ਼ਰਧਾਲੂਆਂ ਨੂੰ ਸ਼ਰ੍ਹੇਆਮ ਲੁੱਟਿਆ ਜਾ ਰਿਹਾ ਹੈ। ਬਾਬੇ ਦੀਆਂ ਅਜਿਹੀਆਂ ਕਾਰਵਾਈਆਂ ਕੇਬਲ ਟੈਲੀਵਿਜ਼ਨ ਨੈਟਵਰਕਸ ਰੈਗੂਲੇਸ਼ਨ ਰੂਲਜ਼ 1994 ਦੇ ਰੂਲ ਨੰਬਰ 6 ਦੇ ਭਾਗ (ਸ) (ਝੂਠਾ ਤੇ ਗੁਮਰਾਹਕੁਨ ਪ੍ਰਚਾਰ ਕਰਨਾ) ਅਤੇ (9) (ਵਹਿਮ ਭਰਮ ਤੇ ਅੰਧ-ਵਿਸ਼ਵਾਸ ਫੈਲਾਉਣਾ) ਦੀ ਸਿੱਧੀ ਉਲੰਘਣਾ ਹੈ। ਦੁੱਖ ਦੀ ਗੱਲ ਹੈ ਕਿ ਇਹ ਹੈ ਕਿ ਅਜਿਹੇ ਗ਼ੈਰ-ਕਾਨੂੰਨੀ ਪ੍ਰੋਗਰਾਮਾਂ ਅਤੇ ਇਸ਼ਤਿਹਾਰਬਾਜ਼ੀ ਉੱਤੇ ਰੋਕ ਲਗਾਉਣ ਲਈ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਕੌਮੀ, ਸੂਬਾਈ ਅਤੇ ਜ਼ਿਲ੍ਹਾ ਪੱਧਰ ਉੱਤੇ ਮਾਨੀਟਰਿੰਗ ਕਮੇਟੀਆਂ ਸਥਾਪਤ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਕਮੇਟੀਆਂ ਵੱਲੋਂ ਉਲੰਘਣਾ ਕਰਨ ਵਾਲੇ ਚੈਨਲਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਬਾਬਾ ਆਪਣੀ ਕਮਾਈ ਉੱਤੇ ਟੈਕਸ ਦੇਣ ਦੀ ਗੱਲ ਤਾਂ ਕਰਦਾ ਹੈ ਪਰ ਕੀ ਝੂਠ ਬੋਲ ਕੇ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿੱਚ ਗੁਮਰਾਹ ਕਰਕੇ ਠੱਗੀ-ਧੋਖੇ ਨਾਲ ਕੀਤੀ ਗਲਤ ਕਮਾਈ ਉੱਤੇ ਟੈਕਸ ਦੇ ਦੇਣ ਨਾਲ ਉਸ ਕਮਾਈ ਨੂੰ ਹੱਕ-ਹਲਾਲ ਦੀ ਕਮਾਈ ਕਿਹਾ ਜਾ ਸਕਦਾ ਹੈ? ਕੀ ਬਾਬੇ ਨੇ ਲੋਕਾਂ ਤੋਂ ਕੀਤੀ ਕਰੋੜਾਂ ਰੁਪਏ ਦੀ ਕਮਾਈ ਨਾਲ ਗ਼ਰੀਬਾਂ ਤੇ ਲੋੜਵੰਦਾਂ ਲਈ ਸਿੱਖਿਆ, ਸਿਹਤ ਅਤੇ ਹੋਰ ਜ਼ਰੂਰੀ ਸਹੂਲਤਾਂ ਉੱਤੇ ਕੋਈ ਖਰਚਾ ਕੀਤਾ ਹੈ? ਸਮੁੱਚੇ ਮੀਡੀਏ ਰਾਹੀਂ ਦੇਸ਼ ਵਿੱਚ ਬਾਬੇ ਦੇ ਪਾਖੰਡ ਦੇ ਝੂਠ ਦਾ ਪਰਦਾਫਾਸ਼ ਹੋਣ ਤੋਂ ਬਾਅਦ ਬਾਬੇ ਦੀ ਮਾਨਤਾ, ਕਮਾਈ ਅਤੇ ਸ਼ੋਹਰਤ ਵਿੱਚ ਬਹੁਤ ਗਿਰਾਵਟ ਆਈ ਹੈ। ਲੋਕ ਬਾਬੇ ਵੱਲੋਂ ਫੈਲਾਏ ਜਾਂਦੇ ਅੰਧ-ਵਿਸ਼ਵਾਸ, ਝੂਠ ਅਤੇ ਪਾਖੰਡ ਤੋਂ ਦੂਰ ਹੋ ਰਹੇ ਹਨ। ਇਸੇ ਤਰ੍ਹਾਂ ਪਿਛਲੇ ਕੁਝ ਸਮੇਂ ਤੋਂ ਇੱਕ ਹੋਰ ਅਖੌਤੀ ਬਾਬੇ ਆਪਣੀ ਦਿਵਯ ਪਾਠ ਸ਼ਕਤੀ ਨਾਲ ਗੰਭੀਰ ਬੀਮਾਰੀਆਂ ਦਾ ਇਲਾਜ ਕਰਨ ਦੇ ਦਾਅਵੇ ਦਾ ਪ੍ਰਚਾਰ, ਜ਼ੋਰਾਂ-ਸ਼ੋਰਾਂ ਨਾਲ ਕਰ ਰਿਹਾ ਹੈ। ਕੁਝ ਲੋਕ-ਪੱਖੀ ਸੋਚ ਨੂੰ ਸਮਰਪਿਤ ਅਖ਼ਬਾਰਾਂ ਨੂੰ ਛੱਡ ਕੇ ਤਕਰੀਬਨ ਹਰ ਅਖ਼ਬਾਰ ਵਿੱਚ ਇਸ ਅਖੌਤੀ ਬ੍ਰਹਮਗਿਆਨੀ ਵੱਲੋਂ ਦੁੱਖ ਨਿਵਾਰਣ ਸਮਾਗਮ ਸਬੰਧੀ ਪੂਰੇ ਸਫ਼ੇ ਦੇ ਇਸ਼ਤਿਹਾਰ ਦਿੱਤੇ ਹੁੰਦੇ ਹਨ ਜਿਨ੍ਹਾਂ ਵਿੱਚ ਉਸ ਵੱਲੋਂ ਆਪਣੇ ਬੀਜ ਮੰਤਰ ਅਤੇ ਦਿਵਯ ਪਾਠ ਸ਼ਕਤੀ ਨਾਲ ਹੈਪੇਟਾਈਟਸ, ਦਮਾ, ਪੀਲੀਆ, ਕੈਂਸਰ, ਬਾਂਝਪਣ, ਲਕਵਾ, ਦਿਲ ਦੇ ਰੋਗ ਆਦਿ ਗੰਭੀਰ ਬੀਮਾਰੀਆਂ ਨੂੰ ਠੀਕ ਕਰਨ ਦਾ ਦਾਅਵਾ ਕੀਤਾ ਗਿਆ ਹੁੰਦਾ ਹੈ। ਆਪਣੇ ਇਸ ਦਾਅਵੇ ਨੂੰ ਸੱਚ ਸਾਬਤ ਕਰਨ ਲਈ ਵੱਖ-ਵੱਖ ਵਰਗਾਂ ਤੇ ਖੇਤਰਾਂ ਦੇ ਲੋਕਾਂ ਤੋਂ ਇਹ ਬਿਆਨ ਦਿਵਾਏ ਜਾਂਦੇ ਹਨ ਕਿ ਮੈਂ ਪਹਿਲਾਂ ਫਲਾਣੀ ਬੀਮਾਰੀ ਤੋਂ ਪੀੜਤ ਸੀ। ਬਹੁਤ ਡਾਕਟਰੀ ਇਲਾਜ ਕਰਵਾਇਆ ਪਰ ਠੀਕ ਨਹੀਂ ਹੋਇਆ। ਸਵਾਮੀ ਦੀ ਵੱਲੋਂ ਦਿੱਤੇ ਬੀਜ ਮੰਤਰ ਤੇ ਪਾਠ ਸ਼ਕਤੀ ਨਾਲ ਮੇਰੀ ਬੀਮਾਰੀ ਬਿਲਕੁਲ ਠੀਕ ਹੋ ਗਈ। ਇਸ ਬਾਬੇ ਵੱਲੋਂ ਦੇਸ਼ ਦੇ ਪ੍ਰਸਿੱਧ ਸ਼ਹਿਰਾਂ ਵਿੱਚ ਥੋੜ੍ਹੇ-ਥੋੜ੍ਹੇ ਵਕਫ਼ੇ ਮਗਰੋਂ ਦੁੱਖ ਨਿਵਾਰਣ ਸਮਾਗਮ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਲੋਕਾਂ ਨੂੰ ਬੀਮਾਰੀਆਂ ਦੇ ਇਲਾਜ ਲਈ ਮਹਿੰਗੀ ਕੀਮਤ ਉੱਤੇ ਬੀਜ ਮੰਤਰ ਵੇਚੇ ਜਾਂਦੇ ਹਨ। ਬੇਸ਼ੱਕ ਉਸ ਕੋਲ ਬੀਮਾਰੀਆਂ ਦਾ ਇਲਾਜ ਕਰਨ ਲਈ ਡਾਕਟਰੀ ਵਿਗਿਆਨ ਦੀ ਕੋਈ ਮਾਨਤਾ ਪ੍ਰਾਪਤ ਡਿਗਰੀ ਨਹੀਂ ਹੈ ਪਰ ਫਿਰ ਵੀ ਸਥਾਨਕ ਸਿਆਸੀ ਨੇਤਾਵਾਂ, ਪੁਲੀਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ, ਸਰਮਾਏਦਾਰਾਂ ਅਤੇ ਸਰਕਾਰ ਵਿਚਲੇ ਮੰਤਰੀਆਂ ਦੇ ਸਹਿਯੋਗ ਤੋਂ ਇਲਾਵਾ ਮੀਡੀਏ ਵੱਲੋਂ ਕੀਤੇ ਜਾਂਦੇ ਪ੍ਰਚਾਰ ਕਾਰਨ ਇਹ ਸਮਾਗਮ ਬੇਰੋਕ ਟੋਕ ਹੋ ਰਹੇ ਹਨ। ਬਾਬੇ ਦੀ ਆਪਣੀ ਦਿਵਯ ਪਾਠ ਸ਼ਕਤੀ ਅਤੇ ਬੀਜ ਮੰਤਰ ਨਾਲ ਬੀਮਾਰੀਆਂ ਠੀਕ ਕਰਨ ਦੀ ਕਾਰਵਾਈ ਜਿੱਥੇ ਮੈਡੀਕਲ ਰਜਿਸਟਰੇਸ਼ਨ ਐਕਟ ਦੀ ਸਿੱਧੀ ਉਲੰਘਣਾ ਹੈ, ਉੱਥੇ ਹੀ ਇਹ ਇੱਕ ਸਜ਼ਾਯੋਗ ਅਪਰਾਧ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਨਾ ਤਾਂ ਭਾਰਤੀ ਮੈਡੀਕਲ ਕੌਂਸਲ ਵੱਲੋਂ ਇਸ ਗ਼ੈਰ-ਕਾਨੂੰਨੀ ਇਲਾਜ ਪ੍ਰਣਾਲੀ ਦੇ ਝੂਠੇ ਦਾਅਵਿਆਂ ਖ਼ਿਲਾਫ਼ ਕੋਈ ਕਾਰਵਾਈ ਕੀਤੀ ਗਈ ਹੈ ਅਤੇ ਨਾ ਹੀ ਪ੍ਰਸ਼ਾਸਨ ਵੱਲੋਂ ਅਜਿਹੇ ਸਮਾਗਮਾਂ ਉੱਤੇ ਪਾਬੰਦੀ ਲਗਾਈ ਗਈ ਹੈ। ਇੱਥੇ ਇੱਕ ਸਵਾਲ ਇਹ ਵੀ ਉਭਰਦਾ ਹੈ ਕਿ ਜੇਕਰ ਅਜਿਹੀਆਂ ਗੰਭੀਰ ਬੀਮਾਰੀਆਂ ਦੇ ਮਰੀਜ਼ ਤੰਤਰ-ਮੰਤਰ, ਬੀਜ ਮੰਤਰ, ਹਵਨ ਜਾਂ ਦਿਵਯ ਪਾਠ ਸ਼ਕਤੀ ਨਾਲ ਠੀਕ ਹੋਣ ਲੱਗ ਜਾਣ ਤਾਂ ਫਿਰ ਸਰਕਾਰਾਂ ਵੱਲੋਂ ਅਰਬਾਂ ਰੁਪਏ ਖਰਚ ਕੇ ਵੱਡੇ-ਵੱਡੇ ਹਸਪਤਾਲ ਖੋਲ੍ਹਣ ਦੀ ਕੀ ਲੋੜ ਹੈ? ਇਹ ਵੀ ਹੋ ਸਕਦਾ ਹੈ ਕਿ ਝੂਠੀ ਤੇ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਦੇ ਪ੍ਰਭਾਵ ਹੇਠ ਆ ਕੇ ਗੰਭੀਰ ਬੀਮਾਰੀਆਂ ਦੇ ਮਰੀਜ਼ ਆਪਣਾ ਡਾਕਟਰੀ ਇਲਾਜ ਛੱਡ ਕੇ ਬੀਜ ਮੰਤਰ ਦੇ ਅੰਧ-ਵਿਸ਼ਵਾਸ ਵਿੱਚ ਆਪਣੇ-ਆਪ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਣ। ਤਰਕਸ਼ੀਲ ਸੰਸਥਾਵਾਂ ਨੇ ਤਾਂ ਆਸਥਾ ਦੀ ਆੜ ਹੇਠ ਅੰਧ-ਵਿਸ਼ਵਾਸ ਫੈਲਾਉਣ ਵਾਲੇ ਇਸ ਬਾਬੇ ਨੂੰ ਕਿਸੇ ਗੰਭੀਰ ਬੀਮਾਰੀ ਦੇ ਮਰੀਜ਼ ਨੂੰ ਆਪਣੀ ਦਿਵਯ ਪਾਠ ਸ਼ਕਤੀ ਨਾਲ ਇੱਕ ਨਿਯਮਿਤ ਸਮੇਂ ਵਿੱਚ ਸਿਹਤਯਾਬ ਕਰਨ ਦੀ ਚੁਣੌਤੀ ਵੀ ਦਿੱਤੀ ਹੈ ਪਰ ਉਸ ਨੇ ਇਹ ਚੁਣੌਤੀ ਕਦੇ ਵੀ ਸਵੀਕਾਰ ਨਹੀਂ ਕੀਤੀ। ਇਸੇ ਤਰ੍ਹਾਂ ਇੱਕ ਹੋਰ ਬਾਬੇ ਨੇ ਆਪਣੀਆਂ ਅਖੌਤੀ ਕਰਾਮਾਤੀ ਸ਼ਕਤੀਆਂ ਦਾ ਏਨਾ ਜ਼ਿਆਦਾ ਪ੍ਰਚਾਰ ਕੀਤਾ ਕਿ ਅੰਧ-ਵਿਸ਼ਵਾਸ ਫੈਲਾਉਣ ਅਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਬਾਵਜੂਦ ਉਸ ਨੂੰ ਵੱਡੀ ਗਿਣਤੀ ਅੰਧ-ਵਿਸ਼ਵਾਸੀ ਲੋਕਾਂ ਨੇ 'ਭਗਵਾਨ' ਹੀ ਮੰਨਣਾ ਸ਼ੁਰੂ ਕਰ ਦਿੱਤਾ। ਉਸ ਨੂੰ ਹੱਥ ਦੀ ਸਫ਼ਾਈ ਦੇ ਟਰਿੱਕਾਂ ਵਿੱਚ ਕਾਫ਼ੀ ਮੁਹਾਰਤ ਹਾਸਲ ਸੀ ਅਤੇ ਭਭੂਤੀ ਪੈਦਾ ਕਰਨ ਦੇ ਟਰਿੱਕ ਕਾਰਨ ਉਸ ਨੂੰ ਬਹੁਤ ਪ੍ਰਸਿੱਧੀ ਮਿਲੀ। ਤਰਕਸ਼ੀਲ ਲਹਿਰ ਦੇ ਬਾਨੀ ਡਾ. ਆਈ.ਟੀ. ਕਾਵੂਰ ਨੇ ਇਸ ਬਾਬੇ ਨੂੰ ਆਪਣੀਆਂ ਕਰਾਮਾਤੀ ਸ਼ਕਤੀਆਂ ਦਾ ਜਨਤਕ ਤੌਰ 'ਤੇ ਪ੍ਰਗਟਾਵਾ ਕਰਨ 'ਤੇ ਇੱਕ ਲੱਖ ਦਾ ਇਨਾਮ ਜਿੱਤਣ ਦੀ ਕਈ ਵਾਰ ਚੁਣੌਤੀ ਦਿੱਤੀ ਪਰ ਉਹ ਆਪਣੀ ਦੈਵੀ ਸ਼ਕਤੀ ਨੂੰ ਕਦੇ ਵੀ ਪ੍ਰਗਟ ਨਹੀਂ ਕਰ ਸਕਿਆ।

ਆਖ਼ਰ ਲੋਕ ਅਜਿਹੇ ਪਾਖੰਡੀ ਬਾਬਿਆਂ, ਸਾਧਾਂ-ਸੰਤਾਂ, ਜੋਤਸ਼ੀਆਂ ਦੇ ਝਾਂਸੇ ਵਿੱਚ ਕਿਵੇਂ ਫਸ ਜਾਂਦੇ ਹਨ ਅਤੇ ਅਜਿਹੇ ਕਿਹੜੇ ਹੱਥਕੰਡੇ ਹਨ, ਜਿਨ੍ਹਾਂ ਰਾਹੀਂ ਇਹ ਪਾਖੰਡੀ ਬਾਬੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ? ਅਸਲ ਵਿੱਚ ਜਿਨ੍ਹਾਂ ਲੋਕਾਂ ਵਿੱਚ ਵਿਗਿਆਨਕ ਸੋਚ ਤੇ ਸਵੈ-ਵਿਸ਼ਵਾਸ ਦੀ ਘਾਟ ਹੁੰਦੀ ਹੈ, ਜਿਹੜੇ ਅੰਧ-ਵਿਸ਼ਵਾਸੀ ਸੋਚ ਰੱਖਦੇ ਹਨ, ਓਹੀ ਲੋਕ ਪਾਖੰਡੀ ਬਾਬਿਆਂ, ਸਵਾਮੀਆਂ ਤੇ ਜੋਤਸ਼ੀਆਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਹਨ। ਮੁੱਖ ਕਾਰਨ ਇਹ ਹੈ ਕਿ ਕੇਂਦਰ ਤੇ ਰਾਜਾਂ ਵਿੱਚ ਸੱਤਾ ਉੱਤੇ ਕਾਬਜ਼ ਹਾਕਮ ਜਮਾਤਾਂ ਵੱਲੋਂ ਅਜਿਹੀਆਂ ਕਾਰਪੋਰੇਟ ਸੈਕਟਰ ਪੱਖੀ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਗ਼ਰੀਬੀ, ਮਹਿੰਗਾਈ, ਬੇਰੁਜ਼ਗਾਰੀ, ਨਾ-ਬਰਾਬਰੀ, ਭ੍ਰਿਸ਼ਟਾਚਾਰ, ਬੀਮਾਰੀ, ਦੁੱਖ, ਕਲੇਸ਼ ਅਤੇ ਮਾਨਸਿਕ ਪ੍ਰੇਸ਼ਾਨੀਆਂ ਲਗਾਤਾਰ ਵਧ ਰਹੀਆਂ ਹਨ। ਨਤੀਜੇ ਵਜੋਂ ਅਜਿਹੇ ਅੰਧ-ਵਿਸ਼ਵਾਸੀ ਲੋਕ ਆਪਣੀਆਂ ਸਮੱਸਿਆਵਾਂ ਦੇ ਨਿਵਾਰਣ ਲਈ ਪਾਖੰਡੀ ਬਾਬਿਆਂ, ਸਵਾਮੀਆਂ ਅਤੇ ਜੋਤਸ਼ੀਆਂ ਦੀ ਸ਼ਰਨ ਵਿੱਚ ਚਲੇ ਜਾਂਦੇ ਹਨ। ਇਨ੍ਹਾਂ ਬਾਬਿਆਂ ਤੋਂ ਲੋਕਾਂ ਦੀ ਕੋਈ ਸਮੱਸਿਆ, ਪ੍ਰੇਸ਼ਾਨੀ ਤਾਂ ਦੂਰ ਨਹੀਂ ਹੁੰਦੀ ਪਰ ਲੋਕਾਂ ਦੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ-ਖਸੁੱਟ ਜ਼ਰੂਰ ਕੀਤੀ ਜਾਂਦੀ ਹੈ।

ਲੋਕਾਂ ਦੀ ਗ਼ੈਰ-ਵਿਗਿਆਨਕ ਮਾਨਸਿਕਤਾ ਕਾਰਨ ਹੀ ਪਾਖੰਡੀ ਬਾਬੇ ਤਾਂਤਰਿਕ ਉਨ੍ਹਾਂ ਨੂੰ ਵਰਗਲਾਉਣ ਵਿੱਚ ਪੂਰੀ ਮੁਹਾਰਤ ਰੱਖਦੇ ਹਨ। ਅਜਿਹਾ ਕਰਨ ਲਈ ਉਹ ਆਪਣੇ ਸ਼ਰਧਾਲੂ ਏਜੰਟਾਂ ਰਾਹੀਂ ਸਮਾਜ ਦੇ ਪ੍ਰਭਾਵਸ਼ਾਲੀ ਵਿਅਕਤੀਆਂ, ਸਿਆਸੀ ਨੇਤਾਵਾਂ, ਸਰਮਾਏਦਾਰਾਂ, ਉੱਚ ਪੁਲੀਸ ਅਫ਼ਸਰਾਂ ਅਤੇ ਖ਼ਾਸ ਕਰਕੇ ਮੀਡੀਏ ਨਾਲ ਵੱਧ ਤੋਂ ਵੱਧ ਤਾਲਮੇਲ ਰੱਖਦੇ ਹਨ ਅਤੇ ਆਪਣੀਆਂ ਕਥਿਕ ਗੈਬੀ ਸ਼ਕਤੀਆਂ ਨਾਲ ਲੋਕਾਂ ਦੀਆਂ ਹਰ ਕਿਸਮ ਦੀਆਂ ਮੁਸ਼ਕਿਲਾਂ ਹੱਲ ਕਰਨ ਦਾ ਵੱਡੇ ਪੱਧਰ ਉੱਤੇ ਪ੍ਰਚਾਰ ਕਰਵਾਉਂਦੇ ਹਨ। ਮੌਜੂਦਾ ਮੀਡੀਆ ਕਿਉਂਕਿ ਹੁਣ ਕਾਰਪੋਰੇਟ ਸੈਕਟਰ ਅਤੇ ਰਾਜਸੀ ਪਾਰਟੀਆਂ ਦੇ ਦਬਾਅ ਹੇਠ ਕੰਮ ਕਰ ਰਿਹਾ ਹੈ, ਇਸ ਲਈ ਉਹ ਆਪਣੇ ਵਪਾਰਕ ਹਿੱਤਾਂ ਲਈ ਹਰ ਤਰ੍ਹਾਂ ਦੀ ਝੂਠੀ, ਅੰਧ-ਵਿਸ਼ਵਾਸੀ ਅਤੇ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਦਿਖਾਈ ਜਾ ਰਿਹਾ ਹੈ। ਅਜਿਹੀ ਗ਼ੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਬੰਦ ਕਰਨ ਦੀ ਬਜਾਏ ਮੀਡੀਆ ਆਪਣੇ ਆਪ ਨੂੰ ਕਾਨੂੰਨੀ ਸ਼ਿਕੰਜੇ ਤੋਂ ਬਚਾਉਣ ਲਈ ਕਿਸੇ ਵਿਵਾਦਗ੍ਰਸਤ ਪ੍ਰੋਗਰਾਮ ਜਾਂ ਇਸ਼ਤਿਹਾਰ ਤੋਂ ਪਹਿਲਾਂ 'ਡਿਸਕਲੇਮਰ' ਦੀ ਸੂਚਨਾ ਦੇਣ ਲੱਗ ਪਿਆ ਹੈ। ਮਤਲਬ ਇਹ ਹੈ ਕਿ ਕਿਸੇ ਇਸ਼ਤਿਹਾਰ ਅਤੇ ਪ੍ਰੋਗਰਾਮ ਦੀ ਸੱਚਾਈ ਨੂੰ ਤਸਦੀਕ ਕਰਨ ਦੀ ਸਾਰੀ ਜ਼ਿੰਮੇਵਾਰੀ ਦਰਸ਼ਕਾਂ/ਪਾਠਕਾਂ ਉੱਤੇ ਸੁੱਟ ਦਿੱਤੀ ਗਈ ਹੈ। ਸਪਸ਼ਟ ਹੈ ਕਿ ਸਰਕਾਰਾਂ ਹੀ ਨਹੀਂ ਚਾਹੁੰਦੀਆਂ ਕਿ ਲੋਕ ਅੰਧ-ਵਿਸ਼ਵਾਸਾਂ, ਅਖੌਤੀ ਚਮਤਕਾਰਾਂ ਅਤੇ ਪਾਖੰਡੀ ਬਾਬਿਆਂ, ਜੋਤਸ਼ੀਆਂ ਦੇ ਚੁੰਗਲ ਵਿੱਚੋਂ ਨਿਕਲ ਕੇ ਤਰਕਸ਼ੀਲ ਸੋਚ ਦੇ ਧਾਰਨੀ ਬਣਨ। ਸਾਨੂੰ ਇਹ ਤੱਥ ਵੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਕਿ ਸਮਾਜ ਵਿੱਚ ਹਰ ਵਿਅਕਤੀ ਚਾਹੇ ਉਹ ਕਿਸਾਨ, ਮਜ਼ਦੂਰ, ਮੁਲਾਜ਼ਮ, ਦੁਕਾਨਦਾਰ, ਵਪਾਰੀ, ਅਧਿਆਪਕ, ਘਰੇਲੂ ਔਰਤ, ਡਰਾਈਵਰ, ਕੰਡਕਟਰ, ਰੇਹੜੀਵਾਲਾ, ਸਬਜ਼ੀਵਾਲਾ, ਰਿਕਸ਼ੇਵਾਲਾ, ਮੋਚੀ ਅਤੇ ਹੋਰ ਕਿੱਤਿਆਂ ਦੇ ਲੋਕ ਸਵੇਰ ਤੋਂ ਲੈ ਕੇ ਰਾਤ ਤਕ ਕੋਈ ਨਾ ਕੋਈ ਕਿਰਤ ਕਮਾਈ ਕਰਦੇ ਹਨ ਪਰ ਅਖੌਤੀ ਪਾਖੰਡੀ ਬਾਬੇ, ਸਾਧ-ਸੰਤ, ਸਵਾਮੀ-ਜੋਤਸ਼ੀ, ਤਾਂਤਰਿਕ, ਪੰਡਤ, ਪੁਜਾਰੀ ਬਿਨਾਂ ਕੋਈ ਮਿਹਨਤ ਕੀਤੇ ਅੰਧ ਵਿਸ਼ਵਾਸੀ ਤੇ ਲਾਈਲੱਗ ਲੋਕਾਂ ਦੀ ਕਮਾਈ ਦੇ ਸਿਰ ਉੱਤੇ ਦੌਲਤ ਜਮ੍ਹਾਂ ਕਰਦੇ ਹਨ। ਵਿਗਿਆਨ ਦੇ ਯੁੱਗ ਵਿੱਚ ਵੀ ਆਪਣਾ ਕੀਮਤੀ ਸਮਾਂ, ਪੈਸਾ ਅਤੇ ਊਰਜਾ ਬਰਬਾਦ ਕਰਕੇ ਇਨ੍ਹਾਂ ਪਾਖੰਡੀ ਸਾਧਾਂ, ਬਾਬਿਆਂ, ਜੋਤਸ਼ੀਆਂ ਅਤੇ ਸਵਾਮੀਆਂ, ਪ੍ਰਚਾਰਕਾਂ ਦੇ ਮਗਰ ਲੱਗਣਾ ਸਿਆਣਪ ਦੀ ਨਿਸ਼ਾਨੀ ਨਹੀਂ ਹੈ।

## ਸੰਪਾਦਕੀ

## ਦਲ ਬਦਲੀ ਦੇ ਆਧਾਰ 'ਤੇ ਅਯੋਗਤਾ ਦੇ ਪ੍ਰਬੰਧ

ਦਲ ਬਦਲੀ ਵਿਰੋਧੀ ਕਾਨੂੰਨ ਵਿੱਚ ਬਿਨਾਂ ਸ਼ੱਕ ਕੋਈ ਨਾ ਕੋਈ ਖ਼ਾਮੀ ਹੈ। 52ਵੀਂ ਸੰਵਿਧਾਨਕ ਸੋਧ ਨੂੰ ਚਾਰ ਦਹਾਕੇ ਹੋ ਚੁੱਕੇ ਹਨ ਜਿਸ ਰਾਹੀਂ ਦਸਵੀਂ ਅਨੁਸੂਚੀ ਲਿਆਂਦੀ ਗਈ ਸੀ ਜੋ ਦਲ ਬਦਲੀ ਦੇ ਆਧਾਰ 'ਤੇ ਅਯੋਗਤਾ ਦੇ ਪ੍ਰਬੰਧਾਂ ਨਾਲ ਸਬੰਧਿਤ ਹੈ, ਪਰ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਪਾਰਟੀਆਂ ਦੀ ਅਦਲਾ-ਬਦਲੀ ਦਾ ਖ਼ਤਰਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਦਲ ਬਦਲੀ ਕਰਨ ਵਾਲਿਆਂ ਦੀ ਮੈਂਬਰੀ ਰੱਦ ਕਰਨ ਦੀ ਮੰਗ ਉੱਪਰ ਸਬੰਧਿਤ ਸਪੀਕਰਾਂ ਵੱਲੋਂ ਘੇਸਲ ਮਾਰ ਕੇ ਬੈਠ ਜਾਣ ਦੇ ਮੱਦੇਨਜ਼ਰ ਕਾਨੂੰਨ ਲਾਚਾਰ ਬਣ ਕੇ ਰਹਿ ਜਾਂਦਾ ਹੈ ਜਿਸ ਵੱਲ ਕਈ ਲੋਕਾਂ ਨੇ ਧਿਆਨ ਖਿੱਚਿਆ ਹੈ। ਤਿਲੰਗਾਨਾ ਵਿੱਚ ਇਸ ਸੰਵਿਧਾਨਕ ਅਹਿਲਕਾਰ ਦੀ ਭੂਮਿਕਾ ਨਿਆਂਇਕ ਨਿਰਖ-ਪਰਖ ਦੇ ਦਾਇਰੇ ਹੇਠ ਆ ਗਈ ਹੈ ਜਿੱਥੇ 2023 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਛੇ ਮਹੀਨੇ ਦੇ ਅੰਦਰ ਹੀ ਭਾਰਤ ਰਾਸ਼ਟਰ ਸਮਿਤੀ ਦੇ ਦਸ ਵਿਧਾਇਕ ਵਫ਼ਾਦਾਰੀ ਤਬਦੀਲ ਕਰ ਕੇ ਸੱਤਾਧਾਰੀ ਕਾਂਗਰਸ ਨਾਲ ਜਾ ਰਲੇ ਸਨ। ਹੁਣ ਸੁਪਰੀਮ ਕੋਰਟ ਨੇ ਆਖਿਆ ਹੈ ਕਿ ਜੇ ਦਲ ਬਦਲੀ ਦਾ ਰੁਝਾਨ ਰੋਕਿਆ ਨਾ ਗਿਆ ਤਾਂ ਲੋਕਤੰਤਰ ਦੇ ਰਾਹ ਵਿੱਚ ਵਿਘਨ ਪੈ ਸਕਦਾ ਹੈ ਜਿਸ ਕਰ ਕੇ ਇਨ੍ਹਾਂ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀਆਂ ਅਰਜ਼ੀਆਂ ਉੱਪਰ ਸਪੀਕਰ ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਫ਼ੈਸਲਾ ਕਰਨ ਦਾ ਸਮਾਂ ਮੁਕੱਰਰ ਕਰ ਦਿੱਤਾ ਗਿਆ ਹੈ।

ਤਿਲੰਗਾਨਾ ਦੇ ਸਪੀਕਰ ਨੇ ਪਿਛਲੇ ਸੱਤ ਮਹੀਨਿਆਂ ਤੋਂ ਅਯੋਗਤਾ ਦੀਆਂ ਅਪੀਲਾਂ ਉੱਪਰ ਨੋਟਿਸ ਜਾਰੀ ਕਰਨ ਦੀ ਜ਼ਹਿਮਤ ਨਹੀਂ ਉਠਾਈ ਸੀ। ਫਿਰ ਜਦੋਂ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਤਾਂ ਉਨ੍ਹਾਂ ਨੂੰ ਇਸ 'ਤੇ ਕਾਰਵਾਈ ਕਰਨੀ ਪਈ। ਸੁਪਰੀਮ ਕੋਰਟ ਨੇ ਸਮੇਂ ਸਿਰ ਫ਼ੈਸਲਾ ਕਰਨ ਉੱਤੇ ਜ਼ੋਰ ਦਿੱਤਾ ਹੈ ਤੇ ਨਾਲ ਹੀ ਅਫ਼ਸੋਸ ਜ਼ਾਹਿਰ ਕਰਦਿਆਂ ਟਿੱਪਣੀ ਕੀਤੀ ਹੈ ਕਿ ਕਈ ਮਾਮਲਿਆਂ ਵਿੱਚ ਸਪੀਕਰ ਨੇ ਸੰਸਦ ਵੱਲੋਂ ਜਤਾਏ ਭਰੋਸੇ ਦਾ ਮਾਣ ਨਹੀਂ ਰੱਖਿਆ। ਲੋਕਤੰਤਰ ਲਈ ਇਹ ਦੂਹਰਾ ਸਰਾਪ ਹੈ: ਸੰਸਦ ਮੈਂਬਰ ਤੇ ਵਿਧਾਇਕ ਪਹਿਲਾਂ ਇੱਕ ਝਟਕੇ 'ਚ ਦਲ ਬਦਲੀ ਕਰ ਲੈਂਦੇ ਹਨ ਤੇ ਮਗਰੋਂ ਲੰਮੇ ਸਮੇਂ ਤੱਕ ਅਹੁਦੇ 'ਤੇ ਵੀ ਰਹਿੰਦੇ ਹਨ। ਹਾਲਾਤ ਨੂੰ ਇਸ ਹੱਦ ਤੱਕ ਪਹੁੰਚਣ ਦੇਣ ਲਈ ਸਪੀਕਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਉਸ ਨੂੰ ਫ਼ਰਜ਼ 'ਚ ਕੁਤਾਹੀ ਕਰਨ ਦੀ ਖੁੱਲ੍ਹ ਦੇਣਾ ਬਖ਼ਸ਼ਣਯੋਗ ਨਹੀਂ ਹੈ।

ਪਾਰਟੀਆਂ ਬਦਲਣ ਵਾਲੇ ਵਿਧਾਇਕ ਅਤੇ ਸੰਸਦ ਮੈਂਬਰ ਨਾ ਕੇਵਲ ਆਪਣੀਆਂ ਸਬੰਧਿਤ ਰਾਜਨੀਤਕ ਧਿਰਾਂ ਨਾਲ ਦਗ਼ਾ ਕਮਾਉਂਦੇ ਹਨ ਬਲਕਿ ਆਪਣੇ ਹਲਕਿਆਂ ਦੇ ਵੋਟਰਾਂ ਨਾਲ ਵੀ ਧੋਖਾ ਕਰਦੇ ਹਨ। ਪੂਰੀ ਚੁਣਾਵੀ ਪ੍ਰਕਿਰਿਆ ਉਦੋਂ ਤਮਾਸ਼ਾ ਬਣ ਕੇ ਰਹਿ ਜਾਂਦੀ ਹੈ ਜਦ ਸੱਤਾਧਾਰੀ ਧਿਰ ਜਾਂ ਗੱਠਜੋੜ ਵਿਆਪਕ ਦਲ ਬਦਲੀਆਂ ਨੂੰ ਅੰਜਾਮ ਦਿੰਦਾ ਹੈ। ਦਲ ਬਦਲੀ ਕਾਨੂੰਨ ਦੀ ਸਮੀਖਿਆ ਦੀ ਗੰਭੀਰ ਲੋੜ ਹੈ ਤੇ ਦਲ ਬਦਲੀਆਂ ਹੋਣ 'ਤੇ ਅਯੋਗ ਠਹਿਰਾਉਣ ਦੀ ਫੌਰੀ ਕਾਰਵਾਈ ਵਰਗੀਆਂ ਤਜਵੀਜ਼ਾਂ ਰਾਹੀਂ ਇਸ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਖ਼ਰੀਦੋ-ਫਰੋਖ਼ਤ ਦਾ ਟਾਕਰਾ ਕਰਨ ਅਤੇ ਵੋਟਰਾਂ ਦੇ ਫ਼ਤਵੇ ਨੂੰ ਕਾਇਮ ਰੱਖਣ ਲਈ ਸੰਵਿਧਾਨਕ ਸੁਰੱਖਿਆ ਜ਼ਰੂਰੀ ਹੈ।

## ਟਰੰਪ ਨੇ ਭਾਰਤ ਉੱਪਰ ਇਕੱਠੀਆਂ ਕਈ 'ਮਿਜ਼ਾਇਲਾਂ' ਦਾਗ਼ੀਆਂ

ਬੀਤੇ ਦਿਨੀਂ ਅਮਰੀਕੀ ਸਦਰ ਡੋਨਲਡ ਟਰੰਪ ਨੇ ਭਾਰਤ ਉੱਪਰ ਇਕੱਠੀਆਂ ਕਈ 'ਮਿਜ਼ਾਇਲਾਂ' ਦਾਗ਼ੀਆਂ ਹਨ। ਸਭ ਤੋਂ ਵੱਡਾ ਹਮਲਾ ਇਹ ਹੈ ਕਿ ਭਾਰਤ ਤੋਂ ਅਮਰੀਕਾ ਭੇਜੀਆਂ ਜਾਣ ਵਾਲੀਆਂ ਵਸਤਾਂ ਉੱਪਰ ਜੁਰਮਾਨੇ ਤੋਂ ਇਲਾਵਾ 25 ਫ਼ੀਸਦੀ ਟੈਰਿਫ ਲਾਗੂ ਕਰ ਦਿੱਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਭਾਰਤ ਰੂਸ ਤੋਂ ਤੇਲ ਅਤੇ ਫ਼ੌਜੀ ਹਥਿਆਰ ਤੇ ਸਾਜ਼ੋ-ਸਾਮਾਨ ਖਰੀਦਣ ਤੋਂ ਨਹੀਂ ਟਲ ਰਿਹਾ ਜਿਸ ਕਰ ਕੇ ਟਰੰਪ ਨੇ ਭਾਰਤ ਨੂੰ ਦੰਡ ਲਾ ਦਿੱਤਾ ਹੈ। ਨਵੀਂ ਦਿੱਲੀ ਅਤੇ ਮਾਸਕੋ ਵਿਚਕਾਰ ਲੰਮੇ ਸਮੇਂ ਤੋਂ ਚਲੇ ਆ ਰਹੇ ਸਬੰਧ ਟਰੰਪ ਨੂੰ ਸੁਖਾ ਨਹੀਂ ਰਹੇ ਜਿਸ ਕਰ ਕੇ ਟਰੰਪ ਨੇ ਇਹੋ ਜਿਹੀ ਤਿਰਸਕਾਰ ਭਰੀ ਟਿੱਪਣੀ ਕੀਤੀ ਹੈ, "ਮੈਨੂੰ ਰੱਤੀ ਪ੍ਰਵਾਹ ਨਹੀਂ ਹੈ ਕਿ ਭਾਰਤ ਰੂਸ ਨਾਲ ਕੀ ਕਰਦਾ ਹੈ। ਉਹ ਚਾਹੇ ਆਪਣੇ ਡੁੱਬਦੇ ਅਰਥਚਾਰਿਆਂ ਨੂੰ ਇਕੱਠੇ ਲੈ ਡੁੱਬਣ, ਮੈਨੂੰ ਕੀ। ਸਾਡਾ ਭਾਰਤ ਨਾਲ ਬਹੁਤ ਥੋੜ੍ਹਾ ਵਪਾਰ ਹੈ, ਉਨ੍ਹਾਂ ਦੇ ਟੈਰਿਫ ਦੁਨੀਆ ਭਰ 'ਚ ਸਭ ਤੋਂ ਵੱਧ ਹਨ। ਇੰਝ ਹੀ, ਰੂਸ ਅਤੇ ਅਮਰੀਕਾ ਵਿਚਕਾਰ ਵੀ ਲਗਭਗ ਕੋਈ ਵਪਾਰ ਨਹੀਂ ਹੁੰਦਾ। ਇਸ ਨੂੰ ਇਵੇਂ ਹੀ ਰੱਖਿਆ ਜਾਵੇ...। ਗ਼ੌਰਤਲਬ ਹੈ ਕਿ ਭਾਰਤ ਨਾ ਕੇਵਲ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਹੈ ਸਗੋਂ ਵੱਡੇ ਅਰਥਚਾਰਿਆਂ 'ਚੋਂ ਸਭ ਤੋਂ ਤੇਜ਼ੀ ਨਾਲ ਉਭਰ ਰਿਹਾ ਅਰਥਚਾਰਾ ਵੀ ਹੈ। ਜਦੋਂ ਇੱਕ ਪਾਸੇ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸੰਧੀ ਲਈ ਵਾਰਤਾਵਾਂ ਦਾ ਦੌਰ ਚੱਲ ਰਿਹਾ ਹੈ ਤਾਂ ਅਜਿਹੇ ਸਮੇਂ ਟਰੰਪ ਵੱਲੋਂ ਭਾਰਤੀ ਅਰਥਚਾਰੇ ਨੂੰ 'ਮਰਿਆ ਹੋਇਆ' ਦੱਸਣਾ, ਆਪਣੇ ਆਪ ਵਿੱਚ ਹੀ ਚਿੰਤਾ ਦੀ ਗੱਲ ਹੈ ਤੇ ਨਾਲ ਹੀ ਉਨ੍ਹਾਂ ਦੀ ਭਾਰਤ ਪ੍ਰਤੀ ਮਾਨਸਿਕਤਾ ਨੂੰ ਵੀ ਬਿਆਨ ਕਰਦੀ ਹੈ। ਟਰੰਪ ਭਾਰਤ ਦੇ ਸਬਰ ਦੀ ਪ੍ਰੀਖਿਆ ਲੈ ਰਹੇ ਹਨ ਅਤੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਭਾਰਤ ਖ਼ਿਲਾਫ਼ ਅੱਗ ਉਗਲ ਰਹੇ ਹਨ। ਅਸਲ ਵਿੱਚ ਉਹ ਨਵੀਂ ਦਿੱਲੀ ਨੂੰ ਚੁੱਪ-ਚਾਪ ਅਮਰੀਕਾ ਦੀ ਹਰ ਮੰਗ ਪ੍ਰਵਾਨ ਕਰਨ ਲਈ ਦਬਕਾ ਰਹੇ ਹਨ, ਖ਼ਾਸਕਰ ਖੇਤੀ ਜਿਣਸਾਂ ਅਤੇ ਡੇਅਰੀ ਉਤਪਾਦਾਂ ਦੀ ਬਰਾਮਦ ਲਈ ਵੱਧ ਤੋਂ ਵੱਧ ਛੋਟਾਂ ਲੈਣ ਜਿਹੀਆਂ ਮੰਗਾਂ ਬਾਰੇ। ਇਹੀ ਨਹੀਂ, ਟਰੰਪ ਨੇ ਇਹ ਵੀ ਆਖ ਦਿੱਤਾ ਹੈ ਕਿ ਉਨ੍ਹਾਂ ਪਾਕਿਸਤਾਨ ਨਾਲ ਵਪਾਰ ਸੰਧੀ ਤੈਅ ਕਰ ਲਈ ਹੈ। ਉਨ੍ਹਾਂ ਆਖਿਆ ਹੈ ਕਿ ਵਾਸ਼ਿੰਗਟਨ ਉਸ ਮੁਲਕ (ਪਾਕਿਸਤਾਨ) ਦੇ ਤੇਲ ਭੰਡਾਰਾਂ ਨੂੰ ਵਿਕਸਤ ਕਰਨ ਲਈ ਇਸਲਾਮਾਬਾਦ ਨਾਲ ਮਿਲ ਕੇ ਕੰਮ ਕਰੇਗਾ ਤੇ ਇੱਕ ਦਿਨ ਪਾਕਿਸਤਾਨ ਭਾਰਤ ਨੂੰ ਤੇਲ ਵੇਚੇਗਾ। ਜ਼ਾਹਿਰ ਹੈ ਕਿ ਭਾਰਤ ਲਈ ਇਹ ਸਭ ਕੁਝ ਜਰਨਾ ਬਹੁਤ ਔਖਾ ਹੋ ਰਿਹਾ ਹੋਵੇਗਾ ਪਰ ਚੁਣੌਤੀ ਇਹ ਹੈ ਕਿ ਟਰੰਪ ਨੂੰ ਮੋੜਵਾਂ ਜਵਾਬ ਦੇਣ ਦੀ ਖਾਹਿਸ਼ ਨੂੰ ਕਿਵੇਂ ਰੋਕਿਆ ਜਾਵੇ। ਦਿੱਲੀ ਨੂੰ ਇਹ ਆਸ ਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਜਿੱਥੇ ਐਨਾ ਕੁਝ ਸਹਿ ਲਿਆ ਹੈ ਤਾਂ ਦੇਰ ਸਵੇਰ ਇਹ ਵੀ ਲੰਘ ਜਾਵੇਗਾ। ਜੇ ਦਿੱਲੀ ਆਪਣੀ ਧੀਰਜ ਬਣਾ ਕੇ ਰੱਖਦੀ ਹੈ ਤਾਂ ਟਰੰਪ ਦੀ ਹਾਰ ਨਿਸ਼ਚਤ ਹੈ। ਵਣਜ ਮੰਤਰੀ ਪਿਊਸ਼ ਗੋਇਲ ਨੇ ਵੀਰਵਾਰ ਨੂੰ ਪਾਰਲੀਮੈਂਟ ਵਿੱਚ ਦੱਸਿਆ ਕਿ ਸਰਕਾਰ ਸਾਡੇ ਰਾਸ਼ਟਰੀ ਹਿੱਤਾਂ ਨੂੰ ਸੁਰੱਖਿਅਤ ਬਣਾਉਣ ਤੇ ਅੱਗੇ ਵਧਾਉਣ ਲਈ ਸਾਰੇ ਜ਼ਰੂਰੀ ਕਦਮ ਉਠਾਵੇਗੀ। ਭਾਰਤ ਲਈ ਇਹ ਰੱਸੀ 'ਤੇ ਤੁਰਨ ਵਰਗੀ ਸਥਿਤੀ ਹੈ; ਭਾਵ, ਇੱਕ ਪਾਸੇ ਅਮਰੀਕਾ ਨਾਲ ਚੱਲ ਰਹੀ ਵਪਾਰ ਵਾਰਤਾ ਨੂੰ ਸਹੀ ਦਿਸ਼ਾ ਵਿੱਚ ਅਗਾਂਹ ਵਧਾਉਣਾ ਅਤੇ ਨਾਲ ਵੀ ਰੂਸ ਤੋਂ ਦਰਾਮਦਾਂ ਜਾਰੀ ਰੱਖਣੀਆਂ। ਦਿੱਲੀ ਆਪਣੇ ਸਾਰੇ ਆਂਡੇ ਇੱਕੋ ਟੋਕਰੀ ਵਿੱਚ ਨਹੀਂ ਰੱਖ ਰਹੀ ਜੋ ਠੀਕ ਵੀ ਹੈ। ਬਰਾਮਦਾਂ ਅਤੇ ਨਾਲ ਹੀ ਦਰਾਮਦਾਂ ਦੇ ਕਈ ਰਾਹ ਖੁੱਲ੍ਹੇ ਰੱਖ ਕੇ ਹੀ ਭਾਰਤ ਇਸ ਦੌਰ 'ਚੋਂ ਪਾਰ ਲੰਘ ਸਕਦਾ ਹੈ।

## ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸਵਰਗੀ ਸੰਜੇ ਵਰਮਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



**ਅਬੋਹਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਸ਼ਹਿਰ ਦੇ ਪ੍ਰਸਿੱਧ ਕਾਰੋਬਾਰੀ ਸਵਰਗੀ ਸੰਜੇ ਵਰਮਾ ਦੇ ਘਰ ਜਾ ਕੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸੰਜੇ ਵਰਮਾ ਦੇ ਭਰਾ ਜਗਤ ਵਰਮਾ ਨਾਲ ਮੁਲਾਕਾਤ ਕਰਕੇ ਦੁੱਖ ਵੰਡਾਇਆ। ਉਨ੍ਹਾਂ ਕਿਹਾ ਕਿ ਜਿੱਥੇ ਇਹ ਪਰਿਵਾਰ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਉੱਥੇ ਇਹ ਸਮਾਜ ਲਈ ਵੀ ਵੱਡਾ ਘਾਟਾ ਹੈ, ਜਿਸ ਨੇ ਦ੍ਰਿੜ ਇਰਾਦੇ ਵਾਲੀ ਉੱਦਮੀ ਹਸਤੀ ਨੂੰ ਗੁਆ ਲਿਆ। ਦੋਵਾਂ ਆਗੂਆਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਸ਼ਾਂਤੀ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਦੋਵਾਂ ਆਗੂਆਂ ਨੇ ਕਿਹਾ ਕਿ ਵਰਮਾ ਪਰਿਵਾਰ ਨੇ ਸਖ਼ਤ ਮਿਹਨਤ, ਸਮਰਪਣ ਭਾਵਨਾ ਅਤੇ ਦ੍ਰਿੜ੍ਹ ਵਚਨਬੱਧਤਾ ਰਾਹੀਂ ਵੱਡਾ ਮੁਕਾਮ ਹਾਸਲ ਕੀਤਾ ਹੈ ਜਿਸ ਸਦਕਾ ਅਬੋਹਰ ਸ਼ਹਿਰ ਨੂੰ ਵਿਸ਼ਵ ਪੱਧਰ 'ਤੇ ਪਛਾਣ ਮਿਲੀ।

ਉਨ੍ਹਾਂ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਦੁੱਖ ਤੇ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਘਿਨਾਉਣੇ ਅਪਰਾਧਾਂ ਪ੍ਰਤੀ ਸੂਬਾ ਸਰਕਾਰ ਦੀ ਕੋਈ ਲਿਹਾਜ਼ ਨਾ ਵਰਤਣ ਨੀਤੀ ਨੂੰ ਦੁਹਰਾਉਂਦਿਆਂ ਕਿਹਾ ਕਿ ਅਜਿਹੀ ਕਾਰਵਾਈਆਂ ਲਈ ਜ਼ਿੰਮੇਵਾਰ ਲੋਕਾਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ।

ਦੋਵਾਂ ਆਗੂਆਂ ਨੇ ਅੱਗੇ ਦੱਸਿਆ ਕਿ ਪੰਜਾਬ ਪੁਲਿਸ ਨਾਲ ਹੋਏ ਮੁਕਾਬਲੇ ਵਿੱਚ ਕਤਲ 'ਚ ਸ਼ਾਮਲ ਦੋ ਗੈਂਗਸਟਰ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ। ਮੁੱਖ ਮੰਤਰੀ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਇਸ ਘਟਨਾ ਵਿੱਚ ਪੂਰਾ ਇਨਸਾਫ਼ ਦਿੱਤਾ ਜਾਵੇਗਾ ਅਤੇ ਘਿਨਾਉਣੇ ਕਾਰੇ ਦੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇਸ ਪਰਿਵਾਰ ਸਮੇਤ ਸਾਰੇ ਪੰਜਾਬੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੂਬਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਦੌਰਾਨ ਸੰਜੇ ਵਰਮਾ ਦੇ ਭਰਾ ਜਗਤ ਵਰਮਾ ਨੇ ਇਸ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਤੇਜ਼ ਅਤੇ ਫੈਸਲਾਕੁੰਨ ਕਾਰਵਾਈ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਦੁੱਖ ਦੀ ਇਸ ਘੜੀ ਵਿੱਚ ਪਰਿਵਾਰ ਨਾਲ ਖੜ੍ਹਨ ਅਤੇ ਅਪਰਾਧੀਆਂ ਵਿਰੁੱਧ ਮਿਸਾਲੀ ਕਾਰਵਾਈ ਕਰਕੇ ਇਨਸਾਫ ਦੇਣ ਲਈ ਦੋਵੇਂ ਨੇਤਾਵਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਆਪ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਵੀ ਹਾਜ਼ਰ ਸਨ।

## ਸੂਬੇ ਦੇ ਸਰਕਾਰੀ ਹਸਪਤਾਲ ਉਚ ਪੱਧਰੀ ਇਲਾਜ ਲਈ ਜਾਣੇ ਜਾਣਗੇ : ਸਿਹਤ ਮੰਤਰੀ

**ਮੋਗਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਸੂਬੇ ਦੇ ਸਿਹਤ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਕੀਤੇ ਜਾ ਰਹੇ ਹਨ। ਸੂਬੇ ਦੀਆਂ ਸਿਹਤ ਸੇਵਾਵਾਂ ਨੂੰ ਮਿਸਾਲੀ ਬਣਾਉਣ ਲਈ ਹਰੇਕ ਲੋੜੀਂਦੇ ਉਪਰਾਲੇ ਜਾਰੀ ਹਨ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਨੇ ਮੋਗਾ ਦੇ ਸਿਵਲ ਹਸਪਤਾਲ ਦਾ ਅਚਨਚੇਤ ਦੌਰਾ ਕਰਨ ਮੌਕੇ ਕੀਤਾ। ਉਹਨਾਂ ਮੋਗਾ ਦੇ ਸਿਵਲ ਹਸਪਤਾਲ ਵਿੱਚ ਐਮਰਜੈਂਸੀ ਸੇਵਾਵਾਂ, ਆਕਸੀਜਨ ਪਲਾਂਟ ਅਤੇ ਹੋਰ ਅਹਿਮ ਸੇਵਾਵਾਂ ਦਾ ਜ਼ਾਇਜਾ ਲਿਆ। ਇਸ ਮੌਕੇ ਉਹਨਾਂ ਨਾਲ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਮੇਅਰ ਬਲਜੀਤ ਸਿੰਘ ਚਾਨੀ, ਐਸ.ਡੀ.ਐਮ. ਸਾਰੰਗਪ੍ਰੀਤ ਸਿੰਘ ਔਜਲਾ ਤੇ ਸਿਹਤ ਵਿਭਾਗ ਮੋਗਾ ਦੇ ਅਧਿਕਾਰੀ ਹਾਜਰ ਸਨ।

ਸਿਹਤ ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਸੇਵਾਵਾਂ ਦਾ ਆਧੁਨੀਕਰਨ ਕਰਨ ਤੋਂ ਇਲਾਵਾ ਹਰੇਕ ਸਰਕਾਰੀ ਹਸਪਤਾਲ ਦੀ ਦਸ਼ਾ ਸੁਧਾਰ ਰਹੀ ਹੈ। ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਹਰ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨ ਜਾਰੀ ਹਨ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਹਰੇਕ ਹਸਪਤਾਲ ਵਿੱਚ ਹੁਣ 350 ਤੋਂ ਵਧੇਰੇ ਤਰ੍ਹਾਂ ਦੀਆਂ ਦਵਾਈਆਂ ਉਪਲੱਬਧ ਕਰਵਾ ਦਿੱਤੀਆਂ ਗਈਆਂ ਹਨ, ਪਹਿਲਾਂ ਇਹਨਾਂ ਦੀ ਗਿਣਤੀ 170 ਸੀ। ਉਹਨਾਂ ਕਿਹਾ ਕਿ ਹਰੇਕ ਹਸਪਤਾਲ ਵਿੱਚ ਸਤ ਫੀਸਦੀ ਦਵਾਈਆਂ ਦੀ ਉਪਲੱਧਤਾ ਅਤੇ ਹਰੇਕ ਮਰੀਜ ਤੱਕ ਇਹਨਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਉਹ ਖੁਦ ਹਰੇਕ ਸੂਬੇ ਦੇ ਸਰਕਾਰੀ ਹਸਪਤਾਲਾਂ ਦਾ ਅਚਨਚੇਤ ਦੌਰਾ ਕਰ ਰਹੇ ਹਨ ਅਤੇ ਮਰੀਜਾਂ ਤੋਂ ਰੀਵਿਊ ਪ੍ਰਾਪਤ ਕਰ ਰਹੇ ਹਨ। ਉਹਨਾਂ ਕਿਹਾ ਕਿ ਸੂਬੇ ਦੇ ਸਰਕਾਰੀ ਹਸਪਤਾਲ ਹੁਣ ਰੈਫਰ ਸੈਂਟਰ ਨਹੀਂ ਸਗੋਂ ਉੱਚ ਪੱਧਰੀ ਇਲਾਜ ਵਾਲੇ ਹਸਪਤਾਲ ਵਜੋਂ ਜਾਣੇ ਜਾਣਗੇ।



ਉਹਨਾਂ ਕਿਹਾ ਕਿ ਹਰੇਕ ਹਸਪਤਾਲ ਵਿੱਚ ਆਕਸੀਜਨ ਸਪਲਾਈ, ਬਿਜਲੀ ਸਪਲਾਈ, ਬਿਜਲੀ ਦੀ ਹਾਟਲਾਈਨ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾ ਰਹੀ ਹੈ ਤਾਂ ਕਿ ਕਿਸੇ ਵੀ ਮਰੀਜ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਣਾ ਨਾ ਕਰਨਾ ਪਵੇ। ਸਿਹਤ ਵਿਭਾਗ ਵਿੱਚ ਪਹਿਲਾਂ 1000 ਡਾਕਟਰ ਭਰਤੀ ਕੀਤੇ ਜਾ ਚੁੱਕੇ ਹਾਂ ਅਤੇ ਆਉਣ ਵਾਲੇ ਦਿਨਾਂ ਵਿੱਚ 1000 ਡਾਕਟਰ ਹੋਰ ਭਰਤੀ ਕੀਤਾ ਜਾ ਰਿਹਾ ਹੈ ਜਿਸ ਨਾਲ ਡਾਕਟਰਾਂ ਦੀ ਘਾਟ ਨੂੰ ਬਹੁਤ ਹੱਦ ਤੱਕ ਪੂਰਾ ਕਰ ਲਿਆ ਜਾਵੇਗਾ। ਉਹਨਾਂ ਕਿਹਾ ਕਿ ਹਾਰਟ ਅਟੈਕ ਲਈ 50 ਹਜਾਰ ਦੀ ਕੀਮਤ ਨਾਲ ਲੱਗਣ ਵਾਲਾ ਟੀਕਾ ਹੁਣ ਤੱਕ 583 ਮਰੀਜ਼ਾਂ ਨੂੰ ਮੁਫਤ ਲਗਾਇਆ ਜਾ ਚੁੱਕਿਆ ਹੈ ਜਿਹੜਾ ਕਿ ਪੰਜਾਬ ਸਰਕਾਰ ਦਾ ਵਿਸ਼ੇਸ਼ ਉਪਰਾਲਾ ਹੈ। ਆਮ ਆਦਮੀ ਕਲੀਨਿਕਾਂ ਵਿੱਚ 80 ਤੋਂ ਵਧਾ ਕੇ 160 ਤਰ੍ਹਾਂ ਦੀਆਂ ਦਵਾਈਆਂ ਉਪਲੱਬਧ ਕਰਵਾ ਦਿੱਤੀਆਂ ਹਨ। ਡੇਂਗੂ, ਗਰਭਵਤੀ ਔਰਤਾਂ ਦੀ ਦੇਖਭਾਲ, ਰੇਬੀਜ, ਕਾਲਾ ਪੀਲੀਆ, ਏਡਜ ਆਦਿ ਬਿਮਾਰੀਆਂ ਦਾ ਇਲਾਜ ਹਰੇਕ ਆਮ ਆਦਮੀ ਕਲੀਨਿਕ ਵਿੱਚ ਮੁਹੱਈਆ ਕਰਵਾ ਦਿੱਤਾ ਹੈ। ਉਹਨਾਂ ਕਿਹਾ ਕਿ ਸਿਹਤ ਖੇਤਰ ਵਿੱਚ ਲਿਆਂਦੀਆਂ ਗਈਆਂ ਕ੍ਰਾਂਤੀਆਂ ਦੀ ਲੜੀ ਵਿੱਚ ਸਭ ਤੋਂ ਅਹਿਮ ਕ੍ਰਾਂਤੀ ਸਿਹਤ ਬੀਮਾ ਦੀ ਹੈ ਜਿਸ ਵਿੱਚ ਹਰੇਕ ਵਿਅਕਤੀ ਨੂੰ ਬਿਨ੍ਹਾਂ ਸ਼ਰਤ ਤੋਂ 10 ਲੱਖ ਰੁਪਏ ਦਾ ਸਿਹਤ ਬੀਮਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

## 'ਨਸ਼ਾ ਮੁਕਤੀ ਯਾਤਰਾ' ਤਹਿਤ ਪਿੰਡ ਸੰਘੇੜਾ, ਮਿਰਜਾਜਾਨ ਅਤੇ ਨਵਾਂ ਪਿੰਡ ਬਰਕੀਵਾਲ ਵਿਖੇ ਪਿੰਡ ਵਾਸੀਆਂ ਨੇ ਕੀਤੀ ਵੱਡੀ ਪੱਧਰ 'ਤੇ ਸ਼ਮੂਲੀਅਤ

**ਬਟਾਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਪਿੰਡ ਸੰਘੇੜਾ, ਮਿਰਜਾਜਾਨ ਅਤੇ ਨਵਾਂ ਪਿੰਡ ਬਰਕੀਵਾਲ ਵਿਖੇ 'ਨਸ਼ਾ ਮੁਕਤੀ ਯਾਤਾਰਾ' ਤਹਿਤ ਹੋਈ ਇਕੱਤਰਤਾ ਦੌਰਾਨ ਹਲਕਾ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ।





ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਵਿਆਪਕ ਮੁਹਿੰਮ ਵਿੱਢੀ ਹੈ, ਜਿਸ ਤਹਿਤ ਪਿੰਡਾਂ, ਕਸਬਿਆਂ ਤੇ ਸ਼ਹਿਰੀ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਲਾਮਬੰਦ ਕੀਤਾ ਜਾ ਰਿਹਾ ਹੈ।

ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਜਿਥੇ ਨਸ਼ਾ ਤਸਕਰਾਂ ਖਿਲਾਫ ਸਖਤ ਰੁਖ਼ ਅਪਣਾਇਆ ਹੈ, ਉਸਦੇ ਨਾਲ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਦਰਾਂ ਵਿਖੇ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਕਰਨ ਅਤੇ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੇ ਜਾਲ ਵਿੱਚ ਫਸ ਗਏ ਹਨ, ਉਨਾਂ ਦਾ ਇਲਾਜ ਕਰਵਾਉਣ ਲਈ ਅੱਗੇ ਆਉਣ। ਇਸ ਮੌਕੇ ਪਿੰਡ ਵਾਸੀਆਂ ਨੂੰ ਨਸ਼ਿਆਂ ਖਿਲਾਫ ਲੜਨ ਦੀ ਸਹੁੰ ਵੀ ਚੁਕਾਈ ਗਈ।

ਇਸ ਮੌਕੇ ਸੁਖਦੇਵ ਸਿੰਘ ਸੰਘੇੜਾ, ਸ਼ਗਨਦੀਪ ਸਿੰਘ, ਸਰਪੰਚ ਰਣਜੀਤ ਸਿੰਘ, ਬਲਜਿੰਦਰ ਸਿੰਘ, ਬੂਟਾ ਸਿੰਘ, ਅਜੀਤ ਸਿੰਘ, ਸ਼ਮਸ਼ੇਰ ਸਿੰਘ ਸੈਕਰਟਰੀ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

## ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਪ੍ਰਾਪਰਟੀ ਟੈਕਸ ਜਮਹਾ ਕਰਵਾਉਣ ਲਈ 15 ਦਿਨਾਂ ਦਾ ਵਾਧੂ ਮੌਕਾ

**ਹੁਸ਼ਿਆਰਪੁਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਕਮਿਸ਼ਨਰ ਜੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਾਪਰਟੀ ਟੈਕਸ ਦੀ ਇਕ ਵਾਰ ਨਿਪਟਾਰਾ ਯੋਜਨਾ ਤਹਿਤ ਲੋਕਾਂ ਵੱਲੋਂ ਦਿਖਾਏ ਗਏ ਭਾਰੀ ਉਤਸ਼ਾਹ ਨੂੰ ਦੇਖਦੇ ਹੋਏ ਇਸ ਸਕੀਮ ਦੀ ਮਿਆਦ 15 ਦਿਨ ਹੋਰ ਵਧਾ ਦਿੱਤੀ ਹੈ।



ਹੁਣ ਬਿਨਾਂ ਜ਼ੁਰਮਾਨੇ ਅਤੇ ਵਿਆਜ਼ ਦੇ ਪ੍ਰਾਪਰਟੀ ਟੈਕਸ ਦਾ ਜੋ ਸ਼ਹਿਰ ਵਾਸੀ ਪਹਿਲਾਂ ਟੈਕਸ ਜਮਹਾ ਨਹੀਂ ਕਰਵਾ ਸਕੇ ਸਨ, ਉਹ ਹੁਣ ਅਗਲੇ 15 ਦਿਨਾਂ ਲਈ ਬਿਨਾਂ ਕਿਸੇ ਜ਼ੁਰਮਾਨੇ ਅਤੇ ਵਿਆਊਜ ਦੇ ਆਪਣਾ ਬਕਾਇਆ ਪ੍ਰਾਪਰਟੀ ਟੈਕਸ ਦਾ ਭੁਗਤਾਨ ਕਰ ਸਕਦੇ ਹਨ।

ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇਸ ਮਿਆਦ ਦੇ ਦੌਰਾਨ ਪ੍ਰਾਪਰਟੀ ਟੈਕਸ ਕਾਊਂਟਰ ਰੋਜ਼ਾਨਾ (ਸ਼ਨੀਵਾਰ ਅਤੇ ਐਤਵਾਰ ਸਮੇਤ) ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਖੁੱਲ੍ਹੇ ਰਹਿਣਗੇ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਚੁੱਕ ਕੇ ਸਮੇਂ ਸਿਰ ਆਪਣਾ ਪ੍ਰਾਪਰਟੀ ਟੈਕਸ ਜਮਹਾ ਕਰਵਾਉਣ।

## ਚਰਨ ਬਾਗ ਪਟਿਆਲਾ ਦੇ ਪਾਰਕ 'ਚੋਂ ਹਟਾਇਆ ਗਿਆ ਨਜਾਇਜ਼ ਕਬਜ਼ਾ

### ਮੇਅਰ ਤੇ ਕਮਿਸ਼ਨਰ ਦੀ ਅਗਵਾਈ ਹੇਠ ਨਗਰ ਨਿਗਮ ਦੀ ਵੱਡੀ ਕਾਰਵਾਈ



**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਚਰਨ ਬਾਗ ਇਲਾਕੇ ਵਿੱਚ ਇੱਕ ਸਰਕਾਰੀ ਪਾਰਕ 'ਤੇ ਪਿਛਲੇ ਕੁਝ ਸਮੇਂ ਤੋਂ ਨਜਾਇਜ਼ ਤੌਰ 'ਤੇ ਕਬਜ਼ਾ ਕੀਤਾ ਗਿਆ ਸੀ, ਜਿਸ ਨੂੰ ਲੰਬੇ ਸਮੇਂ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਨਗਰ ਨਿਗਮ ਵੱਲੋਂ ਵਾਰ-ਵਾਰ ਚੇਤਾਵਨੀ ਦੇਣ ਦੇ ਬਾਵਜੂਦ ਵੀ ਕਬਜ਼ਾਧਾਰੀ ਇਨਸਾਨ ਕਬਜ਼ਾ ਖਾਲੀ ਕਰਨ ਤੋਂ ਇਨਕਾਰ ਕਰ ਰਿਹਾ ਸੀ। ਪਰ ਅੱਜ ਨਗਰ ਨਿਗਮ ਨੇ ਮੌਕੇ 'ਤੇ ਪੁੱਜ ਕੇ ਇਹ ਕਬਜ਼ਾ ਹਟਾ ਕੇ ਸਰਕਾਰੀ ਜਾਇਦਾਦ ਨੂੰ ਮੁੜ ਨਿਗਮ ਦੇ ਅਧੀਨ ਲਿਆ। ਇਹ ਕਾਰਵਾਈ ਮਾਨਯੋਗ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਰਹਿਨੁਮਾਈ ਹੇਠ ਕੀਤੀ ਗਈ। ਕਾਰਵਾਈ ਦੀ ਅਗਵਾਈ ਇੰਸਪੈਕਟਰ ਵਿਸ਼ਾਲ ਵਰਮਾ ਅਤੇ ਐਸ.ਡੀ.ਓ. ਅਮਨਿੰਦਰ ਸਿੰਘ ਵੱਲੋਂ ਕੀਤੀ ਗਈ। ਨਗਰ ਨਿਗਮ ਦੀ ਟੀਮ ਨੇ ਮੌਕੇ 'ਤੇ ਪੁੱਜ ਕੇ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਕਬਜ਼ਾ ਹਟਵਾਇਆ। ਕਾਰਵਾਈ ਦੌਰਾਨ ਨਿਗਮ ਟੀਮ ਦੇ ਨਾਲ ਪੁਲਿਸ ਵੀ ਮੌਜੂਦ ਰਹੀ, ਤਾਂ ਜੋ ਕੋਈ ਵੀ ਰੁਕਾਵਟ ਜਾਂ ਕਾਨੂੰਨ-ਵਿਰੁੱਧ ਹਰਕਤ ਨਾ ਹੋਵੇ। ਕਾਰਵਾਈ ਦੌਰਾਨ ਪਾਰਕ ਵਿੱਚ ਖੜੀ ਨਿਰਮਾਣ ਸਮਗਰੀ ਅਤੇ ਹੋਰ ਸਾਮਾਨ ਨੂੰ ਸਥਾਨ ਤੋਂ ਹਟਾਇਆ ਗਿਆ। ਨਗਰ ਨਿਗਮ ਨੇ ਸਾਫ਼ ਸਲਾਹ ਦਿੱਤੀ ਸੀ ਕਿ ਪਾਰਕ ਜਨਤਕ ਸਥਾਨ ਹੈ ਅਤੇ ਇੱਥੇ ਕਿਸੇ ਵੀ ਤਰ੍ਹਾਂ ਦਾ ਨਿੱਜੀ ਕਬਜ਼ਾ ਕਾਬਿਲ-ਏ-ਬਰਦਾਸ਼ਤ ਨਹੀਂ। ਇੰਸਪੈਕਟਰ ਵਿਸ਼ਾਲ ਵਰਮਾ ਨੇ ਕਿਹਾ ਇਹ ਕਬਜ਼ਾ ਲੰਬੇ ਸਮੇਂ ਤੋਂ ਚਲ ਰਿਹਾ ਸੀ ਅਤੇ ਕਈ ਵਾਰ ਨੋਟਿਸ ਜਾਰੀ ਕੀਤੇ ਗਏ, ਪਰ ਕੋਈ ਸਕਾਰਾਤਮਕ ਜਵਾਬ ਨਹੀਂ ਮਿਲਿਆ। ਅੱਜ ਅਸੀਂ ਨਿਗਮ ਟੀਮ ਅਤੇ ਪੁਲਿਸ ਦੇ ਸਹਿਯੋਗ ਨਾਲ ਇਹ ਜਾਇਦਾਦ ਮੁੜ ਕਬਜ਼ਾ ਮੁਕਤ ਕਰਵਾਈ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਪਟਿਆਲਾ ਕਿਸੇ ਵੀ ਜਨਤਕ ਥਾਂ ਉੱਤੇ ਨਜਾਇਜ਼ ਕਬਜ਼ੇ ਨੂੰ ਸਹਿਣ ਨਹੀਂ ਕਰੇਗਾ। ਮੇਅਰ ਕੁੰਦਨ ਗੋਗੀਆ ਨੇ ਕਾਰਵਾਈ ਦੀ ਸਾਰੀ ਟੀਮ ਦੀ ਸਿਫ਼ਤ ਕਰਦਿਆਂ ਕਿਹਾ ਕਿ ਨਗਰ ਨਿਗਮ ਸ਼ਹਿਰ ਦੀ ਸੁਚੱਜੀ ਯੋਜਨਾ ਅਨੁਸਾਰ ਵਿਕਾਸ ਕਰਨਾ ਚਾਹੁੰਦਾ ਹੈ। ਉਹਨਾਂ ਕਿਹਾ ਕਿ ਜਨਤਕ ਥਾਵਾਂ 'ਤੇ ਕਬਜ਼ਾ ਕਰਨਾ ਕਾਨੂੰਨੀ ਤੌਰ 'ਤੇ ਗਲਤ ਹੈ ਅਤੇ ਨਿਗਮ ਅਜਿਹੀਆਂ ਹਰਕਤਾਂ ਖਿਲਾਫ਼ ਸੁਤੰਤਰ ਅਤੇ ਸਖ਼ਤ ਰਵੱਈਆ ਅਪਣਾਏਗਾ। ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਚੇਤਾਵਨੀ ਦਿੰਦਿਆਂ ਕਿਹਾ ਕਿ ਨਗਰ ਨਿਗਮ ਵਲੋਂ ਅਗਲੇ ਦਿਨਾਂ ਵਿੱਚ ਹੋਰ ਵੀ ਅਜਿਹੇ ਕਬਜ਼ੇ ਚਿਨ੍ਹ ਕੇ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਜਨਤਕ ਥਾਵਾਂ ਦੀ ਰੱਖਿਆ ਵਿੱਚ ਨਿਗਮ ਨਾਲ ਸਹਿਯੋਗ ਦੇਣ, ਅਤੇ ਕਿਸੇ ਵੀ ਵਿਅਕਤੀ ਜਾਂ ਸੰਗਠਨ ਵਲੋਂ ਜੇਕਰ ਜਨਤਕ ਥਾਂ ਉੱਤੇ ਕਬਜ਼ਾ ਕੀਤਾ ਜਾਂਦਾ ਹੈ, ਤਾਂ ਉਸਦੀ ਸ਼ਿਕਾਇਤ ਨਿਗਮ ਨੂੰ ਤੁਰੰਤ ਦਿੱਤੀ ਜਾਵੇ।

## ਦੇਸ਼ ਭਗਤੀ ਨਾਲ ਸਬੰਧਤ ਗੀਤ, ਕਵਿਤਾ ਅਤੇ ਲੇਖ ਮੁਕਾਬਲੇ ਕਰਵਾਏ ਗਏ

**ਮੋਗਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਘਾਪੁਰਾਣਾ ਦੇ ਪਿੰਡ ਮਾੜੀ ਮੁਸਤਫਾ ਵਿਖੇ ਭਾਰਤ ਸਰਕਾਰ ਦੇ ਯੁਵਾ ਪ੍ਰੋਗਰਾਮ ਅਤੇ ਖੇਡ ਮੰਤਰਾਲੇ ਦੇ ਵਿਭਾਗ ਮੇਰਾ ਯੁਵਾ ਭਾਰਤ ਮੋਗਾ ਵੱਲੋਂ ਕਾਰਗਿਲ ਵਿਜੈ ਦਿਵਸ ਪ੍ਰੋਗਰਾਮ ਦਾ ਆਯੋਜਿਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਯੂਥ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਕਾਰਗਿਲ ਦੇ ਸ਼ਹੀਦਾਂ ਦੀ ਬਹਾਦਰੀ ਨੂੰ ਯਾਦ ਕਰਦਿਆਂ ਉਨਾਂ ਵੱਲੋਂ ਦੇਸ਼ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਨੌਜਵਾਨਾਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਦਿਨ ਸ਼ਹੀਦਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ।ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਨੌਜਵਾਨਾਂ ਵੱਲੋਂ ਭਾਰੀ ਉਤਸ਼ਾਹ ਨਾਲ ਦੇਸ਼ ਭਗਤੀ ਨਾਲ ਸਬੰਧਤ ਗੀਤ, ਕਵਿਤਾ ਅਤੇ ਲੇਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਗਿਆ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਦੇ ਆਉਣ ਵਾਲਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਪ੍ਰੋਗਰਾਮ ਵਿੱਚ ਮੰਚ ਦਾ ਸੰਚਾਲਨ ਮਨਜਿੰਦਰ ਕੌਰ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਆਪਣੇ ਦੇਸ਼ ਦੀ ਸੇਵਾ ਵਿੱਚ ਹਮੇਸ਼ਾ ਯੋਗਦਾਨ ਦੇਣਾ ਚਾਹੀਦਾ ਹੈ।

## ਸੁਸ਼ੀਲਾ ਦੇਵੀਂ ਪਬਲਿਕ ਸਕੂਲ ਵੱਲੋਂ ਸੀ.ਬੀ.ਐੱਸ.ਸੀ. ਕਲੱਸਟਰ ਐਥਲੀਟ ਮੀਟ ਮਹਾਕੁੰਭ ਦਾ ਸ਼ਾਨਦਾਰ ਆਗਾਜ਼



ਸ਼ੁਸ਼ੀਲਾ ਦੇਵੀ ਵੱਲੋਂ ਕਰਵਾਏ ਜਾ ਰਹੇ ਸੀ ਸੀਬੀਐਸਸੀ ਅਥਲੈਟਿਕ ਕਲਸਟਰ ਦਾ ਮੁਕਾਬਲਾ ਦਾ ਉਦਘਾਟਨ ਕਰਦੇ ਹੋਏ ਉੱਘੀਆਂ ਸ਼ਖਸੀਅਤਾਂ।

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਸ਼ੀਲਾ ਦੇਵੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਰੇਖਾ ਗੁਪਤਾ ਅਤੇ ਕੋਚ ਸਤਵਿੰਦਰ ਸਿੰਘ ਦੀ ਅਗਵਾਈ ਹੇਠ ਪਟਿਆਲਾ ਦੇ ਪੰਜਾਬੀ ਯੂਨੀਵਰਸਿਟੀ ਵਿੱਚ ਅੱਜ ਸੀ.ਬੀ.ਐੱਸ.ਸੀ. ਕਲੱਸਟਰ 17 ਐਥਲੀਟ ਖੇਡਾਂ ਦਾ ਸ਼ਾਨਦਾਰ ਸ਼ੁਭਾਰੰਭ ਹੋਇਆ। ਇਨ੍ਹਾਂ ਖੇਡਾਂ ਵਿੱਚ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਦੇ ਵੱਖ ਵੱਖ ਸੀ ਬੀ ਐੱਸ ਸੀ ਸਕੂਲਾਂ ਆਈਆਂ ਟੀਮਾਂ ਭਾਗ ਲੈ ਰਹੀਆਂ ਹਨ। ਇਹ ਅਥਲੈਟਿਕ ਮੀਟ ਮਹਾਕੁੰਮ ਤਿੰਨ ਦਿਨਾਂ ਤੱਕ ਚੱਲੇਗਾ ਜਿਸ ਵਿੱਚ ਅੰਡਰ 14 17 ਅਤੇ 19 ਲੜਕੇ ਲੜਕੀਆਂ ਦੇ ਮੁਕਾਬਲੇ ਹੋਣਗੇ।

ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਏ ਆਈ ਜੀ ਸੁਨੀਤਾ ਰਾਣੀ ਪਦਮਸ਼ ?ਰੀ ਐਵਾਰਡ, ਤੇਜਿੰਦਰ ਪਾਲ ਸਿੰਘ ਤੂਰ ਅਰਜੁਨ ਐਵਾਰਡੀ ਉਲੰਪੀਅਨ ਤੇ ਅੰਤਰਰਾਸ਼ਟਰੀ ਥਰੋਅਰ ਅਤੇ ਏਸ਼ੀਅਨ ਮੈਡਲ ਜੇਤੂ, ਡਾ. ਗੁਰਦੀਪ ਕੌਰ ਰੰਧਾਵਾ ਡਾਇਰੈਕਟਰ ਸਪੋਰਟਸ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗਗਨਦੀਪ ਸਿੰਘ ਅੰਤਰਰਾਸ਼ਟਰੀ ਡਿਸਕਸ ਥ ?ਰੋਅਰ ਐਸ ਆਰ.ਪੈਟੀ ਅਫਸਰ (ਨੇਵੀ), ਡਾਕਟਰ ਰਾਜਦੀਪ ਸਿੰਘ ਡਾਇਰੈਕਟਰ ਪਲੇਵੇ ਸੀਨੀਅਰ ਸੈਕਡਰੀ ਸਕੂਲ, ਵਿਜੇ ਕੁਮਾਰ ਸ਼ਰਮਾ ਅਕਾਊਂਟੈਂਟ ਪਹਿਲੀ ਕਮਾਂਡੋ ਬਟਾਲੀਅਨ ਬਹਾਦਰਗੜ੍ਹ, ਸ਼੍ਰੀ ਸੰਜੀਵ ਭਾਰਦਵਾਜ ਸੀਬੀਐਸਈ ਅਬਜਰਵਰ ਅਤੇ ਦਾਨਿਸ਼ਾਂਸ਼ ਟੈਕਨੀਕਲ ਡੈਲੀਗੇਟ, ਪਰਮਿੰਦਰ ਸਿੰਘ (ਸਾਈਂ) ਸੇਵਾਮੁਕਤ ਸੀਨੀਅਰ ਕੋਚ, ਅਰਵਿੰਦਰ ਸਿੰਘ ਪ੍ਰਧਾਨ ਉਮੰਗ ਵੈਲਫੇਅਰ ਫਾਉਂਡੇਸ਼ਨ, ਹਰਭਜਨ ਸਿੰਘ ਸੇਵਾਮੁਕਤ (ਸਾਈਂ) ਕੋਚ ਐਥਲੈਟਿਕ, ਫੁਲੇਲ ਸਿੰਘ ਕੋਚ ਐਥਲੈਟਿਕ , ਕੋਚ ਪਰਮਿੰਦਰ ਸਿੰਘ, ਕੋਚ, ਰੁਪਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦ ਰਹੇ

ਡੀ.ਐੱਸ.ਪੀ. ਤੇਜਿੰਦਰ ਪਾਲ ਸਿੰਘ ਤੂਰ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਕੋਚ ਸਤਵਿੰਦਰ ਸਿੰਘ ਦੀ ਸਖਤ ਮਿਹਨਤ ਸਦਕਾ ਸੀਬੀਐਸਈ ਖੇਡਾਂ ਦਾ ਪਟਿਆਲੇ ਵਿੱਚ ਮੁੜ ਤੋਂ ਪੁਨਰ ਜਨਮ ਹੋਇਆ ਹੈ। ਉਨ੍ਹਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨੀ ਵਿਚ ਖੇਡਾਂ ਨੂੰ ਆਪਣੀ ਰੁਟੀਨ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ ।

ਏ ਆਈ ਜੀ ਸੁਨੀਤਾ ਰਾਣੀ ਨੇ ਕਿਹਾ ਕਿ ਖੇਡਾਂ ਨੌਜਵਾਨੀ ਦਾ ਅਹਿਮ ਹਿੱਸਾ ਹੋਣੀਆਂ ਚਾਹੀਦੀਆਂ ਹਨ. ਉਨ੍ਹਾ ਵਿਸ਼ੇਸ਼ ਤੌਰ ਤੇ ਆਪਣੀ ਖੇਡ ਜੀਵਨੀ ਬਾਰੇ ਦੱਸਿਆ ਜਿਹਦੇ ਤੋਂ ਬੱਚਿਆਂ ਨੂੰ ਬਹੁਤ ਪ੍ਰੇਰਨਾ ਮਿਲੀ ।ਇਸ ਮੁਕਾਬਲੇ ਦੀ ਪ੍ਰਸ਼ੰਸਾ ਕਰਦਿਆਂ ਹੋਇਆ ਉਨਾਂ ਨੇ ਕਿਹਾ ਕਿ ਅਜਿਹੇ ਪਲੇਟਫਾਰਮ ਨੌਜਵਾਨਾਂ ਨੂੰ ਆਤਮ ਵਿਸ਼ਵਾਸ ਦੇ ਨਾਲ ਅੱਗੇ ਵਧਣ ਦਾ ਮੌਕਾ ਦਿੰਦੇ ਹਨ। ਇਸ ਸਮਾਗਮ ਦੇ ਉੱਤੇ ਆਈਆਂ ਸਾਰੀਆਂ ਸ਼ਖਸ਼ੀਅਤਾਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਸਨਮਾਨਿਤ ਕੀਤਾ ਗਿਆ ।

## ਸਰਕਾਰ ਪੰਜਾਬ ਦੇ ਪਾਤੜਾਂ ਦੇ ਗਰੀਬ ਲੋਕਾਂ ਨੂੰ ਇਨਸਾਫ਼ ਦਿਵਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ: ਕੈਂਥ

**ਪਾਤੜਾਂ/ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਗਰੀਬ ਲੋਕਾਂ ਨੂੰ ਇਨਸਾਫ਼ ਦਿਵਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਹਾਲ ਹੀ ਵਿੱਚ ਪਾਤੜਾਂ ਨੇੜਲੇ ਪਿੰਡ ਨਿਆਲ ਦੇ ਦੋ ਵਿਅਕਤੀਆਂ ਨੇ ਚੋਰੀ ਦੇ ਦੋਸ਼ ਹੇਠ ਖੁਦਕੁਸ਼ੀ ਕਰ ਲਈ। ਇਸ ਦੇ ਵਿਰੋਧ ਵਿੱਚ ਪਿਛਲੇ ਸੱਤ ਦਿਨਾਂ ਤੋਂ ਵਿਰੋਧ ਪ੍ਰਦਰਸ਼ਨ ਅਤੇ ਪ੍ਰਦਰਸ਼ਨ ਚੱਲ ਰਹੇ ਹਨ। ਪ੍ਰਸ਼ਾਸਨ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਸਫਲ ਜਾਪਦਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਖੁਦਕੁਸ਼ੀ ਲਈ ਮਜਬੂਰ ਕੀਤਾ। ਇਹ ਪ੍ਰਗਟਾਵਾ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਵਿਰੋਧ ਪ੍ਰਦਰਸ਼ਨ ਅਤੇ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਗਰੀਬ ਵਰਗ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਨਹੀਂ ਕੀਤੀ ਜਾ ਰਹੀ। ਡਿਪਟੀ ਕਮਿਸ਼ਨਰ ਪਟਿਆਲਾ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਪੱਧਰ ਤੋਂ ਲੈ ਕੇ ਰਾਜ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ



ਅਤੇ ਸਿਆਸਤਦਾਨਾਂ ਨੇ ਪੀੜਤ ਪਰਿਵਾਰ ਵੱਲ ਕੋਈ ਧਿਆਨ ਨਹੀਂ ਦਿੱਤਾ। ਆਮ ਆਦਮੀ ਪਾਰਟੀ ਵਿੱਚ ਇੱਕ ਕੈਬਨਿਟ ਮੰਤਰੀ, ਸਾਬਕਾ ਕੈਬਨਿਟ ਮੰਤਰੀ ਅਤੇ ਪਟਿਆਲਾ ਜ਼ਿਲ੍ਹੇ ਦੇ 6 ਵਿਧਾਇਕ ਹਨ। ਪ੍ਰਸ਼ਾਸਨ ਅਤੇ ਸਰਕਾਰ ਦੇ ਇਸ ਰਵੱਈਏ ਦੀ ਨਿੰਦਾ ਕਰਦੇ ਹੋਏ ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਇਹ ਕਿਸੇ ਵੀ ਕੀਮਤ 'ਤੇ ਬਰਦਾਸ਼ਤਯੋਗ ਨਹੀਂ ਹੈ। ਭਾਜਪਾ ਆਗੂ ਕੈਂਥ ਨੇ ਕਿਹਾ ਕਿ ਪਾਤੜਾਂ ਦੇ ਡਿਪਟੀ ਸੁਪਰਡੈਂਟ ਆਫ਼ ਪੁਲਿਸ ਨਾਲ ਮੇਰੀ ਗੱਲਬਾਤ ਤੋਂ ਬਾਅਦ, ਐਫਆਈਆਰ ਵਿੱਚ ਅਨਿਆਂ ਅਤੇ ਅੱਤਿਆਚਾਰ ਰੋਕਥਾਮ ਐਕਟ 1989 ਲਗਾਇਆ ਗਿਆ ਹੈ ਪਰ ਅਸਲ ਦੋਸ਼ੀ ਅਜੇ ਤੱਕ ਨਹੀਂ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਗਰੀਬ ਪੀੜਤ ਪਰਿਵਾਰਾਂ ਨੂੰ ਇਨਸਾਫ਼ ਅਤੇ ਮੁਆਵਜ਼ਾ ਮਿਲਣਾ ਚਾਹੀਦਾ ਹੈ। ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਉਨ੍ਹਾਂ ਦੇ ਸੰਘਰਸ਼ ਨੂੰ ਸਲਾਮ ਕੀਤਾ। ਅਤੇ ਕਿਹਾ ਕਿ ਉਨ੍ਹਾਂ ਦੇ ਸੰਘਰਸ਼ ਕਾਰਨ ਪੀੜਤ ਪਰਿਵਾਰ ਨੂੰ ਜ਼ਰੂਰ ਇਨਸਾਫ਼ ਅਤੇ ਮੁਆਵਜ਼ਾ ਮਿਲੇਗਾ ਅਤੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਝੁਕਣਾ ਪਵੇਗਾ ਅਤੇ ਗਰੀਬ ਪਰਿਵਾਰਾਂ ਦੇ ਪੀੜਤਾਂ ਨੂੰ ਸਫਲਤਾ ਅਤੇ ਨਿਆਂ ਮਿਲੇਗਾ। ਇਸ ਮੌਕੇ ਹਮਲਾਵਰਾਂ ਤੋਂ ਇਲਾਵਾ ਨਿਰਮਲ ਸਿੰਘ ਨਿਆਲ, ਗੁਰਮੇਲ ਸਿੰਘ, ਡਾ. ਬਹਾਦਰ ਸਿੰਘ, ਵਿੱਕੀ ਰਾਏ, ਲਲਿਤ ਸ਼ਰਮਾ ਅਤੇ ਚਿਰਾਗ ਸਿੰਗਲਾ ਵੀ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਪਾਠਕ੍ਰਮ ਜਾਰੀ; 'ਨਸ਼ਿਆਂ ਖ਼ਿਲਾਫ਼ ਜੰਗ' ਤਹਿਤ ਸਕੂਲਾਂ ਵਿੱਚ ਪੜ੍ਹਾਇਆ ਜਾਵੇਗਾ ਪਾਠਕ੍ਰਮ

**➢ ਨਸ਼ਿਆਂ ਵਿਰੁੱਧ ਜੰਗ ਵਿੱਚ ਨਵਾਂ ਅਧਿਆਇ ➢ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਅੱਠ ਲੱਖ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਚੁੱਕਿਆ ਕਦਮ ➢ ਨਸ਼ਿਆਂ ਦੇ ਖ਼ਤਰੇ ਵਿਰੁੱਧ ਹੋਰ ਸੂਬੇ ਪੰਜਾਬ ਦਾ ਮਾਡਲ ਅਪਨਾਉਣਗੇ ➢ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਪੰਜਾਬੀ ਮੁੱਖ ਮੰਤਰੀ ਨੇ ਸੂਬੇ ਵਿੱਚ ਨਸ਼ਿਆਂ ਦੇ ਪਸਾਰ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ**

**ਅਰਨੀਵਾਲਾ (ਫ਼ਾਜ਼ਿਲਕਾ), 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਇਕ ਮਿਸਾਲੀ ਪਹਿਲਕਦਮੀ ਤਹਿਤ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖ਼ਤਰੇ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ 'ਨਸ਼ਿਆਂ ਖ਼ਿਲਾਫ਼ ਜੰਗ' ਤਹਿਤ ਸਕੂਲੀ ਪਾਠਕ੍ਰਮ ਜਾਰੀ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਪੰਜਾਬ ਦੇ ਇਸ ਸਰਹੱਦੀ ਜ਼ਿਲ੍ਹੇ ਤੋਂ ਸੂਬੇ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਪੰਜਾਬ ਦੀ ਜੰਗ ਫੈਸਲਾਕੁਨ ਮੋੜ ਉੱਤੇ ਪੁੱਜ ਗਈ ਹੈ ਅਤੇ ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤੀਜੇ ਪੜਾਅ ਤਹਿਤ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਲਈ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਸ਼ੇਸ਼ ਪਾਠਕ੍ਰਮ ਲਿਆਂਦਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਪਾਠਕ੍ਰਮ ਰਾਹੀਂ ਇਨ੍ਹਾਂ ਜਮਾਤਾਂ ਦੇ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਇਆ ਜਾਵੇਗਾ ਅਤੇ ਨਸ਼ੇ ਦੇ ਪਦਾਰਥਾਂ ਤੋਂ ਦੂਰ ਰਹਿਣ ਲਈ ਉਤਸ਼ਾਹਤ ਕੀਤਾ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਪ੍ਰੋਗਰਾਮ ਵਿੱਚ 3658 ਸਕੂਲਾਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਵਿਦਿਆਰਥੀਆਂ ਵਿਚਾਲੇ ਜਾਗਰੂਕਤਾ ਵਧਾਉਣ ਲਈ ਪ੍ਰਸਿੱਧ ਵਿਗਿਆਨੀ ਇਸ ਪ੍ਰੋਗਰਾਮ ਨਾਲ ਜੁੜਨਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਪਾਠਕ੍ਰਮ ਵਿੱਚ 35 ਮਿੰਟ ਦੇ ਸੈਸ਼ਨ ਸ਼ਾਮਲ ਹਨ, ਜਿਹੜੇ 27 ਹਫ਼ਤਿਆਂ ਤੱਕ ਪੰਦਰਵਾੜਾ ਆਧਾਰ ਉੱਤੇ ਕਰਵਾਏ ਜਾਣਗੇ ਅਤੇ ਇਨ੍ਹਾਂ ਵਿੱਚ ਦਸਤਾਵੇਜ਼ੀ, ਪ੍ਰਸ਼ਨੋਤਰੀ, ਪੋਸਟਰ ਅਤੇ ਵਿਚਾਰ-ਵਟਾਂਦਰਾ ਗਤੀਵਿਧੀਆਂ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸੈਸ਼ਨਾਂ ਵਿੱਚ ਨਸ਼ਿਆਂ ਬਾਰੇ ਮਿੱਥਾਂ, ਨਸ਼ਿਆਂ ਨੂੰ ਨਾਂਹ ਕਹਿਣ ਦੀਆਂ ਰਣਨੀਤੀਆਂ ਅਤੇ ਸਾਥੀਆਂ ਦੇ ਦਬਾਅ ਨੂੰ ਨਕਾਰਨ ਦੀਆਂ ਜੁਗਤਾਂ ਉੱਤੇ ਧਿਆਨ ਕੇਂਦਰਤ ਕੀਤਾ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਪਹਿਲਕਦਮੀ ਤਹਿਤ 15 ਹਜ਼ਾਰ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਤੇ ਇਕ ਹਜ਼ਾਰ ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਗਈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗੈਰ-ਕਾਨੂੰਨੀ ਕਾਰੋਬਾਰ ਰਾਹੀਂ ਬਣਾਈ ਤਸਕਰਾਂ ਦੀ ਜਾਇਦਾਦ ਨੂੰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰੋਬਾਰ ਦੇ ਸਭ ਤੋਂ ਬਦਨਾਮ ਸਰਗਨਾ ਨੂੰ ਸੂਬੇ ਵਿਚਲੀ ਈਮਾਨਦਾਰ ਸਰਕਾਰ ਨੇ ਸਲਾਖਾਂ ਪਿੱਛੇ ਸੁੱਟਿਆ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਇਸ ਨਸ਼ਾ ਕਾਰੋਬਾਰੀ ਦੇ ਹੱਕ ਵਿੱਚ ਆ ਗਈਆਂ ਹਨ, ਜਿਸ ਨਾਲ ਉਨ੍ਹਾਂ ਦਾ ਘਿਨਾਉਣਾ ਚਿਹਰਾ ਬੇਨਕਾਬ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਸਿਆਸੀ ਪਾਰਟੀਆਂ ਨਸ਼ਿਆਂ ਕਾਰਨ ਸੂਬੇ ਦੀ ਹੋਈ ਦੁਰਦਸ਼ਾ ਬਾਰੇ ਤਾਂ ਚੁੱਪ ਹਨ ਪਰ ਨਸ਼ਾ ਤਸਕਰਾਂ ਦਾ ਸਮਰਥਨ ਕਰ ਰਹੀਆਂ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਨਸ਼ਾ ਵਿਰੋਧੀ ਯਾਤਰਾ' 10 ਹਜ਼ਾਰ ਤੋਂ ਵੱਧ ਪਿੰਡਾਂ ਤੇ ਵਾਰਡਾਂ ਵਿੱਚ ਜਾ ਚੁੱਕੀ ਹੈ ਅਤੇ ਇਸ ਦੇ ਸਾਰਥਿਕ ਨਤੀਜੇ ਆ ਰਹੇ ਹਨ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਹਰੇਕ ਨੌਜਵਾਨ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸੂਬਾ ਸਰਕਾਰ ਦੀ ਇਸ ਨਿਵੇਕਲੀ ਤੇ ਮਹਾਨ ਪਹਿਲਕਦਮੀ ਦੀ ਹਮਾਇਤ ਕਰੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦਾ ਪਹਿਲੀ ਵਾਰ ਸਵਾਦ ਦੇਖਣ ਦੇ ਸਾਥੀਆਂ ਦੇ ਦਬਾਅ ਅੱਗੇ ਨਹੀਂ ਝੁਕਣਾ ਚਾਹੀਦਾ ਕਿਉਂਕਿ ਇਹ ਉਨ੍ਹਾਂ ਲਈ ਘਾਤਕ ਹੋ ਸਕਦਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਅੱਗੇ ਆ ਕੇ ਨਸ਼ਿਆਂ ਵਿਰੁੱਧ ਜੰਗ ਵਿੱਚ ਸ਼ਾਮਲ ਹੋਣ ਦਾ ਸਮਾਂ ਹੈ ਅਤੇ ਇਨ੍ਹਾਂ ਵਿੱਚ ਨਸ਼ਾ ਛੱਡਣ ਵਾਲੇ ਪੀੜਤਾਂ ਦੇ ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ਵੀ ਚੱਲ ਰਹੀਆਂ ਹਨ ਤਾਂ ਕਿ ਉਹ ਮੁੜ ਆਪਣੇ ਪੈਰਾਂ ਦੇ ਖੜ੍ਹੇ ਹੋ ਕੇ ਮਾਣ ਤੇ ਸਤਿਕਾਰ ਨਾਲ ਜੀਵਨ ਬਸਰ ਕਰ ਸਕਣ।



'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਕੋਈ ਵੀ ਸੂਬਾ ਜਾਂ ਦੇਸ਼ ਨਸ਼ਿਆਂ ਦੇ ਖ਼ਤਰੇ ਤੋਂ ਅਣਛੋਹਿਆ ਨਹੀਂ ਹੈ। ਉਨ੍ਹਾਂ ਉਮੀਦ ਜਤਾਈ ਕਿ ਸਾਰੇ ਸੂਬੇ ਨਸ਼ਿਆਂ ਦੀ ਜੜ੍ਹ ਵੱਢਣ ਲਈ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਚਲਾਉਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੰਦੇਭਾਗੀ ਪੰਜਾਬ ਕੌਮਾਂਤਰੀ ਸਰਹੱਦ ਉੱਤੇ ਪੈਣ ਕਾਰਨ ਆਪਣੀ ਭੂਗੋਲਿਕ ਸਥਿਤੀ ਦੇ ਮੱਦੇਨਜ਼ਰ ਤਸਕਰਾਂ ਲਈ ਲਾਂਘਾ ਬਣਿਆ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਦ੍ਰਿੜ੍ਹਤਾ ਨਾਲ ਆਖਿਆ ਕਿ ਪੰਜਾਬ ਦੇ ਲੋਕਾਂ ਨੇ ਇਕਜੁੱਟ ਹੋ ਕੇ ਆਪਣੇ ਸਮਾਜ ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਲਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਤਸਕਰਾਂ ਵਿਰੁੱਧ ਸਖ਼ਤੀ ਨਾਲ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਮਾਜ ਨੂੰ ਜ਼ਹਿਰ ਦੇ ਕੇ ਆਲੀਸ਼ਾਨ ਘਰਾਂ ਵਿੱਚ ਵਿਲਾਸੀ ਸਹੂਲਤਾਂ ਦਾ ਆਨੰਦ ਮਾਣਨ ਵਾਲੇ ਤਸਕਰ ਸਾਡੇ ਲੋਕਾਂ ਦੇ ਅਸਲ ਦੁਸ਼ਮਣ ਹਨ ਅਤੇ ਸੂਬਾ ਸਰਕਾਰ ਇਨ੍ਹਾਂ ਨੂੰ ਕਿਸੇ ਵੀ ਕੀਮਤ ਉੱਤੇ ਨਹੀਂ ਬਖ਼ਸ਼ੇਗੀ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲਾਮਿਸਾਲ ਕੋਸ਼ਿਸ਼ਾਂ ਨਾਲ ਸਰਕਾਰੀ ਸਕੂਲਾਂ ਦਾ ਕਾਇਆ-ਕਲਪ ਹੋਇਆ ਹੈ। ਉਨ੍ਹਾਂ ਕਿਹਾ ਕਿ ਹੁਣ ਵਿਦਿਆਰਥੀਆਂ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਲੈ ਰਹੇ ਹਨ, ਜਿਸ ਤੋਂ ਲੋਕਾਂ ਦਾ ਭਰੋਸਾ ਝਲਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਤਰ੍ਹਾਂ ਦੇ ਪ੍ਰੋਗਰਾਮ ਨਹੀਂ ਹੋਣੇ ਚਾਹੀਦੇ ਸਨ ਪਰ ਮੰਦੇਭਾਗੀ ਪੰਜਾਬ ਨੂੰ ਅਜਿਹੇ ਹਾਲਾਤ ਵਿੱਚ ਫਸਾ ਦਿੱਤਾ ਗਿਆ ਹੈ, ਜਿਸ ਕਾਰਨ ਇਹ ਪ੍ਰੋਗਰਾਮ ਕਰਵਾਉਣੇ ਲਾਜ਼ਮੀ ਹੋ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਮੱਥੇ ਉੱਤੇ ਨਸ਼ਿਆਂ ਦਾ ਧੱਬਾ ਲਾ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਦਾ ਕਾਰਜਕਾਲ ਸੰਭਾਲਣ ਮਗਰੋਂ ਸਾਨੂੰ ਰਣਨੀਤੀ ਬਣਾਉਣ ਲਈ ਸਮਾਂ ਲੱਗਿਆ ਅਤੇ ਹੁਣ ਸੂਬਾ ਸਰਕਾਰ ਨੇ ਨਸ਼ਾ ਛੱਡਣ ਵਾਲਿਆਂ ਦਾ ਇਲਾਜ ਯਕੀਨੀ ਬਣਾਉਣ ਲਈ ਨਸ਼ਾ-ਛੁਡਾਊ ਕੇਂਦਰ ਸ਼ੁਰੂ ਕੀਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਨੌਜਵਾਨਾਂ ਨੂੰ ਹੁਨਰਮੰਦ ਕਰਨ ਲਈ ਵੀ ਕੰਮ ਕਰ ਰਹੀ ਹੈ ਤਾਂ ਕਿ ਉਹ ਮਾਣ ਤੇ ਸਤਿਕਾਰ ਨਾਲ ਜੀਵਨ ਜੀਣ ਦੇ ਕਾਬਲ ਹੋਣ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਪਿਛਲੇ 150 ਦਿਨਾਂ ਤੋਂ ਜਾਰੀ ਹੈ ਅਤੇ ਸੈਂਕੜੇ ਪੰਚਾਇਤਾਂ ਨੇ ਮਤੇ ਪਾਸ ਕਰ ਕੇ ਇਹ ਪ੍ਰਣ ਲਿਆ ਹੈ ਕਿ ਉਹ ਕਦੇ ਵੀ ਨਸ਼ਾ ਤਸਕਰਾਂ ਦਾ ਸਾਥ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਜੰਗ ਹੁਣ ਲੋਕ ਲਹਿਰ ਵਿੱਚ ਬਦਲ ਗਈ ਹੈ ਅਤੇ ਇਸ ਦੇ ਹਿੱਸੇ ਵਜੋਂ ਸੂਬਾ ਸਰਕਾਰ ਨੇ ਸਕੂਲੀ ਸਿਲੇਬਸ ਵਿੱਚ ਨਸ਼ਾ ਵਿਰੋਧੀ ਸਿੱਖਿਆ ਨੂੰ ਸ਼ਾਮਲ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਲੱਛਣਾਂ ਅਤੇ ਖ਼ਤਰਿਆਂ ਤੋਂ ਜਾਣੂੰ ਕਰਵਾਇਆ ਜਾਵੇਗਾ ਕਿਉਂਕਿ ਨਸ਼ਿਆਂ ਦੀ ਪਹਿਲੀ ਵਾਰ ਕੀਤੀ ਵਰਤੋਂ ਹੀ ਜ਼ਿੰਦਗੀ ਦੀ ਤਬਾਹੀ ਦੀ ਸ਼ੁਰੂਆਤ ਕਰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੋਟ ਬੈਂਕ ਦੀ ਰਾਜਨੀਤੀ ਨਹੀਂ ਕਰਦੀ ਅਤੇ ਸਕੂਲੀ ਬੱਚਿਆਂ ਦੀ ਤਾਂ ਵੋਟ ਵੀ ਨਹੀਂ ਹੁੰਦੀ ਪਰ ਫਿਰ ਵੀ ਅਸੀਂ ਉਨ੍ਹਾਂ ਨੂੰ ਇਸ ਸਰਾਪ ਵਿਰੁੱਧ ਜਾਗਰੂਕ ਕਰਨਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇ ਕੇ ਨੌਜਵਾਨਾਂ ਨੂੰ ਬਰਬਾਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਆਗੂ ਪਾਰਟੀਆਂ ਵੀ ਪਹਾੜਾਂ ਵਿੱਚ ਕਰਦੇ ਸਨ ਅਤੇ ਉੱਥੇ ਹੀ ਜ਼ਮੀਨਾਂ ਜ਼ਮੀਨਾਂ ਖ਼ਰੀਦਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਬੱਚੇ ਹਥਿਆਰਬੰਦ ਗਾਰਡਾਂ ਦੀ ਸੁਰੱਖਿਆ ਹੇਠ ਸਕੂਲ ਜਾਂਦੇ ਸਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਨ੍ਹਾਂ ਆਗੂਆਂ ਵਿਰੁੱਧ ਫੈਸਲਾਕੁਨ ਕਾਰਵਾਈ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਮਜੀਠੀਆ ਨੂੰ ਫੜਿਆ ਗਿਆ ਸੀ ਤਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਸਾਰੇ ਉਨ੍ਹਾਂ ਦੇ ਸਮਰਥਨ ਵਿੱਚ ਆ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਆਗੂ ਕਹਿੰਦੇ ਹੁੰਦੇ ਸਨ ਕਿ ਉਹ ਮਜੀਠੀਆ ਨੂੰ ਉਸ ਦਾ ਕਾਲਰ ਫੜ ਕੇ ਘਸੀਟਣਗੇ ਪਰ ਹੁਣ ਉਹ ਉਸ ਦੀ ਹਮਾਇਤ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਢੰਗ ਨਾਲ ਪੈਸਾ ਕਮਾਉਣ ਦੀ ਲਾਲਸਾ ਵਿੱਚ ਇਨ੍ਹਾਂ ਆਗੂਆਂ ਨੇ ਪੰਜਾਬ ਨੂੰ ਲੁੱਟਿਆ ਅਤੇ ਬਰਬਾਦ ਕਰ ਦਿੱਤਾ। ਮੰਤਰੀਆਂ ਦੀਆਂ ਸਰਕਾਰੀ ਕਾਰਾਂ ਵਿੱਚ ਨਸ਼ਿਆਂ ਦੇ ਪੈਕੇਟ ਸਪਲਾਈ ਕੀਤੇ ਜਾਂਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਹਾਕਮਾਂ ਦੇ ਕਰੀਬੀ ਦੋਸਤ ਮੰਨਿਆ ਜਾਂਦਾ ਹੈ, ਜਿਸ ਕਾਰਨ ਸੂਬੇ ਵਿੱਚ ਨਸ਼ਿਆਂ ਨੇ ਆਪਣੇ ਪੈਰ ਪਸਾਰੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮਜੀਠੀਆ ਵਿਰੁੱਧ ਕਾਨੂੰਨੀ ਲੜਾਈ ਉਦੋਂ ਤੱਕ ਜਾਰੀ ਰੱਖੇਗੀ ਜਦੋਂ ਤੱਕ ਉਸ ਨੂੰ ਆਪਣੇ ਪਾਪਾਂ ਲਈ ਮਿਸਾਲੀ ਸਜ਼ਾ ਨਹੀਂ ਮਿਲ ਜਾਂਦੀ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਸਿਰਫ਼ ਆਪਣੇ ਰਿਸ਼ਤੇਦਾਰਾਂ ਦੇ ਨਾਮ ਹੀ ਪਤਾ ਹਨ ਅਤੇ ਉਹ ਪੰਜਾਬ ਦੀ ਮੁੱਢਲੀ ਭੂਗੋਲਿਕ ਸਥਿਤੀ ਤੋਂ ਵੀ ਅਣਜਾਣ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੇ ਬਾਦਲਾਂ ਨੂੰ ਕਈ ਵਾਰ ਚੁਣਿਆ ਪਰ ਇਨ੍ਹਾਂ ਲੋਕਾਂ ਨੇ ਕਦੇ ਵੀ ਜਨਤਾ ਜਾਂ ਸੂਬੇ ਦੀ ਪਰਵਾਹ ਨਹੀਂ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਖ਼ਤਰੇ ਤੋਂ ਸੂਬੇ ਦੇ ਨੌਜਵਾਨਾਂ ਨੂੰ ਦੂਰ ਰੱਖਣ ਲਈ ਪੰਜਾਬ ਸਰਕਾਰ ਹਰੇਕ ਪਿੰਡ ਵਿੱਚ ਖੇਡ ਮੈਦਾਨ ਤੇ ਜਿੰਮਾਂ ਦੀ ਉਸਾਰੀ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਬਾਰੇ ਜਾਣਕਾਰੀ ਦੇਣ ਲਈ ਲੋਕਾਂ ਵਾਸਤੇ ਵਟਸਐਪ ਨੰਬਰ 97791-00200 ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਬਿਲਕੁੱਲ ਗੁਪਤ ਰੱਖੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਾ ਛੱਡ ਰਹੇ ਪੀੜਤਾਂ ਦੇ ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ਵੀ ਚੱਲ ਰਹੀਆਂ ਹਨ ਤਾਂ ਕਿ ਉਹ ਮੁੜ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਮਾਣ ਤੇ ਸਤਿਕਾਰ ਨਾਲ ਜੀਵਨ ਜਿਊ ਸਕਣ।

ਆਪਣੇ ਸੰਬੋਧਨ ਵਿੱਚ 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਰ ਖੇਤਰ ਵਿੱਚ ਮੋਹਰੀ ਰਿਹਾ ਹੈ ਅਤੇ ਹੁਣ ਸੂਬੇ ਦੇ ਸਕੂਲੀ ਬੱਚੇ ਨਸ਼ਿਆਂ ਨੂੰ ਨਾਂਹ ਕਹਿਣ ਵਿੱਚ ਦੇਸ਼ ਦੀ ਅਗਵਾਈ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਤੋਂ ਬਾਅਦ ਪ੍ਰਾਈਵੇਟ ਸਕੂਲਾਂ ਵਿੱਚ ਵੀ ਇਹ ਪਾਠਕ੍ਰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਹੋ ਗਿਆ ਹੈ ਅਤੇ ਸੂਬਾ ਹੁਣ ਸਿੱਖਿਆ ਦੇ ਖੇਤਰ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ। ਮਨੀਸ਼ ਸਿਸੋਦੀਆ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਇਸ ਘਿਨਾਉਣੇ ਅਪਰਾਧ ਨੂੰ ਤੁਰੰਤ ਬੰਦ ਕਰਨ ਜਾਂ ਸਖ਼ਤ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੌਜੂਦਾ ਸਰਕਾਰ ਦੌਰਾਨ ਸਿੱਖਿਆ ਖੇਤਰ ਵਿੱਚ ਇਨਕਲਾਬੀ ਤਬਦੀਲੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਸੂਬੇ ਵਿੱਚ ਨਸ਼ਿਆਂ ਦੀ ਮਹਾਂਮਾਰੀ ਨੇ ਆਪਣੇ ਪੈਰ ਪਸਾਰ ਲਏ ਸਨ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਨਸ਼ਿਆਂ ਦੇ ਖ਼ਤਰੇ ਵਿਰੁੱਧ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ ਹੈ ਅਤੇ ਨਸ਼ਿਆਂ ਦੇ ਖ਼ਤਰੇ ਵਿਰੁੱਧ ਪਾਠਕ੍ਰਮ ਸ਼ੁਰੂ ਕਰਨ ਨਾਲ ਸੂਬੇ ਵਿੱਚੋਂ ਇਸ ਲਾਹਨਤ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿੱਚ ਮਦਦ ਮਿਲੇਗੀ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ, ਸਿੱਖਿਆ ਸਕੱਤਰ ਅਨਿੰਦਿਤਾ ਮਿੱਤਰਾ ਤੇ ਹੋਰ ਹਾਜ਼ਰ ਸਨ।

## ਘਨੌਰ ਦੇ ਪਿੰਡ ਮੰਜੋਲੀ 'ਚ ਰਾਤ ਦੇ ਸਮੇਂ ਦੋ ਮੱਝਾਂ ਚੋਰੀ



**ਘਨੌਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਘਨੌਰ ਦੇ ਪਿੰਡ ਮੰਜੋਲੀ ਚ ਰਾਤ ਦੇ ਸਮੇਂ ਦੋ ਮੱਝਾਂ ਚੋਰੀ ਹੋ ਗਈਆਂ। ਪਰਿਵਾਰ ਦੇ ਮੁੱਖੀ ਅਮਰੀਕ ਸਿੰਘ ( ਉਮਰ 52 ਕਰੀਬ) ਨੇ ਦੁਖਦਾਇਕ ਹੋ ਕੇ ਦਸਿਆ ਕਿ ਉਨ੍ਹਾਂ ਕੋਲ ਦੋ ਹੀ ਮੱਝਾਂ ਸੀ ਜੋ ਚੋਰੀ ਹੋ ਗਈਆਂ ਘਰ ਦੇ ਨਜ਼ਦੀਕ ਹੀ ਮੱਝਾਂ ਲਈ ਅਲੱਗ ਥਾਂ ਬਣਾਂ ਕੇ ਗੇਟ ਲਾਇਆ ਹੋਇਆ ਹੈ। ਕਿਹਾ ਕਿ ਕੁਝ ਦਿਨ ਪਹਿਲਾ ਸਾਡੇ ਨਜ਼ਦੀਕੀ ਪਿੰਡ ਮਲਕਪੁਰ ਜੱਟਾਂ ਚ ਵੀ ਦੋ ਮੱਝਾਂ ਦੀ ਚੋਰੀ ਹੋਈ ਸੀ। ਹੋਈ ਮੱਝਾਂ ਦੀ ਉਸ ਚੋਰੀ ਕਾਰਨ ਅਸੀ ਵੀ ਆਪਣੀਆਂ ਮੱਝਾਂ ਦਾ ਪੂਰਾ ਧਿਆਨ ਰਾਤ ਵੇਲੇ ਰੱਖਦੇ ਸੀ। ਪਰ ਜਦੋਂ ਅਸੀ ਸਵੇਰੇ ਦੇਖਿਆ ਤਾਂ ਮੱਝਾਂ ਗਾਇਬ ਸਨ ਅੱਗੇ ਦੱਸਿਆ ਕੀ ਅਸੀ ਉਸੇ ਸਮੇਂ ਪੁੱਛ ਪੜਤਾਲ ਵੀ ਕੀਤੀ ਨਜ਼ਦੀਕੀ ਪਿੰਡਾਂ ਦੇ ਕੈਮਰੇ ਵੀ ਚੈੱਕ ਕਰਵਾਏ ਪ੍ਰੰਤੂ ਕਿਤੇ ਵੀ ਕੁਝ ਦਿਖਾਈ ਨਹੀਂ ਦਿੱਤਾ।

ਅਸੀਂ ਮੱਝਾਂ ਚੋਰੀ ਦੀ ਰਿਪੋਰਟ ਘਨੌਰ ਪੁਲਿਸ ਥਾਣੇ ਚ ਕਰਾ ਦਿੱਤੀ ਗਈ ਹੈ ਨਾਲ ਹੀ ਕਿਹਾ ਕਿ ਚੋਰੀ ਦੀਆਂ ਹੋ ਰਹੀਆਂ ਲਗਾਤਾਰ ਘਟਨਾਵਾਂ ਕਾਰਨ ਸਭ ਨੂੰ ਆਪਣੇ ਕੀਮਤੀ ਸਮਾਨ ਤੇ ਮੱਝਾਂ ਦਾ ਧਿਆਨ ਰੱਖਣਾ ਬਹੁਤ ਹੀ ਜ਼ਰੂਰੀ ਹੈ।

## ਪਿੰਡ-ਪਿੰਡ ਪਹੁੰਚ ਰਿਹਾ ਹੈ ਨਸ਼ਾ ਮੁਕਤੀ ਯਾਤਰਾ ਦਾ ਸੁਨੇਹਾ : ਵਿਧਾਇਕ ਐਡਵੋਕੇਟ ਅਮਰਪਾਲ ਸਿੰਘ



**ਬਟਾਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ ?ਲਾਫ਼ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸ੍ਰੀ ਹਰਗੋਬਿੰਦਪੁਰ ਸਾਹਿਬ ਹਲਕੇ ਦੇ ਪਿੰਡ ਖੋਖਰਵਾਲ ਵਿਖੇ 'ਨਸ਼ਾ ਮੁਕਤੀ ਯਾਤਰਾ' ਕੀਤੀ ਗਈ, ਜਿਸ ਵਿੱਚ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਨਸ਼ਿਆਂ ਵਿਰੁੱਧ ਹੋਕਾ ਦਿੰਦਿਆਂ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਇਸ ਜੰਗ ਵਿੱਚ ਪੰਜਾਬ ਸਰਕਾਰ ਦਾ ਸਾਥ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਨਾਲ ਪੀੜਤ ਵਿਅਕਤੀਆਂ ਨਾਲ ਹਮਦਰਦੀ ਭਰਿਆ ਵਰਤਾਰਾ ਰੱਖ ਰਹੀ ਹੈ ਅਤੇ ਨਸ਼ਾ ਤਸਕਰਾਂ ਖਿਲਾਫ਼ ਸਖਤੀ ਨਾਲ ਪੇਸ਼ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਕਰਨ ਵਾਲਿਆਂ ਦਾ ਇਲਾਜ ਨਸ਼ਾ ਛਡਾਊ ਕੇਂਦਰਾਂ ਵਿੱਚ ਬਿਲਕੁਲ ਮੁਫਤ ਕਰਵਾਇਆ ਜਾ ਰਿਹਾ ਹੈ ਤੇ ਅਤੇ ਹਰ ਤਰ੍ਹਾਂ ਦੀ ਸਿਹਤ ਪੱਖੋਂ ਸਹੂਲਤ ਵੀ ਦਿੱਤੀ ਜਾ ਰਹੀ ਹੈ।ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਅੱਗੇ ਕਿਹਾ ਕਿ ਜੇਕਰ ਤੁਹਾਡੇ ਆਸ ਪਾਸ, ਗੁਆਂਢ ਜਾਂ ਰਿਸ਼ਤੇਦਾਰ ਵਿੱਚ ਕੋਈ ਵੀ ਨੌਜਵਾਨ ਜਾਂ ਵਿਅਕਤੀ ਨਸ਼ਾ ਕਰਦਾ ਹੈ ਤਾਂ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਕਰਵਾਇਆ ਜਾਵੇ ਤਾਂ ਜੋ ਉਹ ਨਸ਼ਾ ਛੱਡ ਕੇ ਆਪਣੀ ਬਾਕੀ ਦੀ ਜ਼ਿੰਦਗੀ ਤੰਦਰੁਸਤੀ ਅਤੇ ਮਾਣ ਸਨਮਾਨ ਵਾਲੀ ਬਤੀਤ ਕਰ ਸਕੇ। ਇਸ ਮੌਕੇ ਨਸ਼ਿਆਂ ਦੇ ਖਾਤਮੇ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਲਈ ਪਿੰਡ ਵਾਸੀਆਂ ਨੂੰ ਸਹੁੰ ਵੀ ਚੁਕਾਈ ਗਈ।

## ਪੰਜਾਬ ਸਰਕਾਰ ਨੇ ਜੀਐਸਟੀ ਰਿਫੰਡਾਂ ਵਿੱਚ ਤੇਜ਼ੀ ਲਿਆਂਦੀ, ਜੁਲਾਈ ਵਿੱਚ 241.17 ਕਰੋੜ ਰੁਪਏ ਕੀਤੇ ਮਨਜ਼ੂਰ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਬਕਾਇਆ ਪਏ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਰਿਫੰਡ ਦੀਆਂ ਅਰਜ਼ੀਆਂ 'ਤੇ ਕਾਰਵਾਈ ਕਰਨ ਵਿੱਚ ਵੱਡੀ ਕਾਰਵਾਈ ਕਰਦਿਆਂ ਜੁਲਾਈ ਮਹੀਨੇ ਵਿੱਚ 1,408 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਦਾ ਕੁੱਲ ਰਿਫੰਡ 241.17 ਕਰੋੜ ਰੁਪਏ ਬਣਦਾ ਹੈ।

ਇੱਥੇ ਇੱਕ ਪ੍ਰੈਸ ਕਾਂਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਰੋਬਾਰੀਆਂ ਲਈ ਰਿਫੰਡ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੇ ਯਤਨਾਂ ਸਦਕਾ 31 ਜੁਲਾਈ, 2025 ਤੱਕ ਸੂਬੇ ਵੱਲੋਂ ਪਿਛਲੇ ਬਕਾਏ ਦੇ ਇੱਕ ਵੱਡਾ ਹਿੱਸੇ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 30 ਜੂਨ, 2025 ਤੱਕ 3,452 ਪੈਂਡਿੰਗ ਰਿਫੰਡ ਅਰਜ਼ੀਆਂ ਸਨ, ਜਿਨ੍ਹਾਂ ਦੀ ਕੁੱਲ ਰਕਮ 832.93 ਕਰੋੜ



ਰੁਪਏ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਜੁਲਾਈ ਵਿੱਚ 241.17 ਕਰੋੜ ਰੁਪਏ ਦੇ ਰਿਫੰਡ ਨੂੰ ਮਨਜ਼ੂਰੀ ਦਿੱਤੀ ਗਈ, ਜਿਸ ਵਿੱਚੋਂ 57 ਕਰੋੜ ਰੁਪਏ ਸਟੇਟ ਜੀਐਸਟੀ (ਐਸਜੀਐਸਟੀ) ਦੇ ਹਿੱਸੇ ਦੇ ਹਨ, ਜੋ ਸਿੱਧੇ ਰਾਜ ਦੇ ਖਜ਼ਾਨੇ ਵਿੱਚੋਂ ਵਾਪਸ ਕੀਤੇ ਗਏ ਹਨ, ਅਤੇ 184.17 ਕਰੋੜ ਰੁਪਏ ਇੰਟੈਗਰੇਟਿਡ ਗੁੱਡਸ ਐਂਡ ਸਰਵਿਸਿਜ਼ ਟੈਕਸ (ਆਈਜੀਐਸਟੀ) ਅਤੇ ਸੈਂਟਰਲ ਗੁੱਡਸ ਐਂਡ ਸਰਵਿਸਿਜ਼ ਟੈਕਸ (ਸੀਜੀਐਸਟੀ) ਦੇ ਹਿੱਸੇ ਦੇ ਹਨ, ਜੋ ਕੇਂਦਰ ਸਰਕਾਰ ਵੱਲੋਂ ਭੁਗਤਾਨ ਕੀਤੇ ਜਾਣਗੇ।

ਇਨ੍ਹਾਂ ਰਿਫੰਡਾਂ ਦੇ ਰਾਜ ਦੇ ਵਿੱਤ 'ਤੇ ਸਿੱਧੇ ਪ੍ਰਭਾਵ ਬਾਰੇ ਜਿਕਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਐਸ.ਜੀ.ਐਸ.ਟੀ ਰਿਫੰਡ ਨੂੰ ਕੁੱਲ ਟੈਕਸ ਵਸੂਲੀ ਵਿੱਚੋਂ ਘਟਾ ਕੇ ਰਾਜ ਦੀ ਸ਼ੁੱਧ ਆਮਦਨ ਦਾ ਪਤਾ ਲਗਾਇਆ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 663 ਹੋਰ ਅਰਜ਼ੀਆਂ, ਜਿਨ੍ਹਾਂ ਦੀ ਕੁੱਲ ਰਕਮ 52 ਕਰੋੜ ਰੁਪਏ ਹੈ, 'ਤੇ ਵਰਤਮਾਨ ਵਿੱਚ ਕਾਰਵਾਈ ਚੱਲ ਰਹੀ ਹੈ। ਇੱਕ ਵਾਰ ਜਦੋਂ ਇਨ੍ਹਾਂ ਅਰਜ਼ੀਆਂ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਅਰਜ਼ੀਆਂ ਦੀ ਗਿਣਤੀ ਪੱਖੋਂ ਕੁੱਲ ਨਿਪਟਾਰੇ ਦਾ ਅਨੁਪਾਤ 60 ਫੀਸਦੀ ਅਤੇ ਕੁੱਲ ਰਿਫੰਡ ਰਕਮ ਦੇ ਪੱਖੋਂ 35 ਫੀਸਦੀ ਤੱਕ ਪਹੁੰਚ ਜਾਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 'ਆਮ ਆਦਮੀ ਪਾਰਟੀ' ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪਾਰਦਰਸ਼ੀ ਅਤੇ ਕੁਸ਼ਲ ਕਰ ਪ੍ਰਸ਼ਾਸਨ ਪ੍ਰਣਾਲੀ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਸਥਾਨਕ ਕਾਰੋਬਾਰਾਂ ਨੂੰ ਸਹਾਇਤਾ ਦੇਣ ਅਤੇ ਪੰਜਾਬ ਵਿੱਚ ਵਪਾਰ ਕਰਨ ਦੀ ਸੌਖ ਨੂੰ ਬਿਹਤਰ ਬਣਾਉਣ ਲਈ ਬਕਾਇਆ ਰਿਫੰਡਾਂ ਦੇ ਤੇਜ਼ੀ ਨਾਲ ਨਿਪਟਾਰੇ ਨੂੰ ਤਰਜੀਹ ਦੇਣਾ ਜਾਰੀ ਰੱਖੇਗਾ।

## ਪ੍ਰਾਚੀਨ ਮਾਤਾ ਅੰਬਿਕਾ ਦੇਵੀ ਜੀ ਦਾ ਸਲਾਨਾ ਮੇਲਾ 'ਚ ਵੱਡੀ ਗਿਣਤੀ ਸ਼ਰਧਾਲੂਆਂ ਨੇ ਕੀਤੀ ਸ਼ਿਰਕਤ



**ਖਰੜ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਸਿੱਧ ਬਾਬਾ ਮੰਗਲ ਨਾਥ ਜੀ ਪ੍ਰਾਚੀਨ ਮਾਤਾ ਅੰਬਿਕਾ ਦੇਵੀ ਮੰਦਰ ਖਰੜ ਵਿਖੇ ਖਰੜ ਖੇਤਰ ਦੀ ਪੂਜਿਤ ਪ੍ਰਾਚੀਨ ਮਾਤਾ ਅੰਬਿਕਾ ਦੇਵੀ ਜੀ ਦਾ ਸਲਾਨਾ ਮੇਲਾ ਅੱਜ ਮੰਦਰ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਥੇ ਸਵੇਰ ਤੋਂ ਹੀ ਖਰੜ ਸ਼ਹਿਰ ਨਿਵਾਸੀ, ਇਲਾਕਾ ਨਿਵਾਸੀ ਅਤੇ ਦੂਰ ਦਰਾਂਡੇ ਤੋਂ ਸ਼ਰਧਾਲੂ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਆ ਕੇ ਨਤਮਸਤਕ ਹੋ ਕੇ ਮੱਥਾ ਟੇਕਿਆ ਅਤੇ ਮਾਤਾ ਦਾ ਆਸ਼ੀਰਵਾਦ ਲਿਆ ਅਤੇ ਲੰਗਰਾਂ ਤੇ ਭੰਡਾਰੇ ਵਿਚ ਸੇਵਾ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆ ਡੇਰਾ ਸਿੱਧ ਬਾਬਾ ਮੰਗਲ ਨਾਥ ਜੀ ਪ੍ਰਾਚੀਨ ਮਾਤਾ ਅੰਬਿਕਾ ਦੇਵੀ ਮੰਦਰ ਖਰੜ ਦੇ ਗੱਦੀਨਸ਼ੀਨ ਮਹੰਤ ਯੋਗੀ ਰਾਮ ਨਾਥ ਜੀ ਨੇ ਦਸਿਆ ਕਿ ਮੰਦਰ ਵਿਚ ਸਵੇਰੇ 5 ਵਜੇ ਮੇਲੇ ਦਾ ਸੁਭ ਆਰੰਭ ਹੋਇਆ ਅਤੇ ਫਿਰ ਹਵਨ ਕੀਤਾ ਗਿਆ ਅਤੇ ਸਰਧਾਲੂਆਂ ਤੇ ਸੇਵਾਦਾਰਾਂ ਵਲੋਂ ਹਾਜਰੀ ਲਗਵਾਈ ਅਤੇ ਅਹੂਤੀ ਪਾਈ। ਸ਼ਰਧਾਲੂਆਂ ਅਤੇ ਸੰਗਤਾਂ ਲਈ ਅਤੁੱਟ ਭੰਡਾਰਾ ਵਰਤਾਇਆ ਗਿਆ ਤੇ ਰਾਤੀ 10 ਵਜੇ ਤੱਕ ਭਜਨ ਮੰਡਲੀਆਂ ਵਲੋਂ ਭਜਨ ਕੀਰਤਨ ਕੀਤਾ ਗਿਆ। ਇਸ ਮੇਲੇ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਅਤੇ ਸ਼ਰਧਾਲੂਆਂ ਨੇ ਹਾਜ਼ਰੀ ਲਗਵਾਈ।

## ਡੀ.ਸੀ ਨੇ 79ਵੇਂ ਆਜ਼ਾਦੀ ਦਿਵਸ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ; 9 ਅਗਸਤ ਤੋਂ ਸ਼ੁਰੂ ਹੋਣਗੀਆਂ ਸੱਭਿਆਚਾਰਕ ਰਿਹਰਸਲਾਂ

**ਲੁਧਿਆਣਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਪੀ.ਏ.ਯੂ ਗਰਾਊਂਡ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ 79ਵੇਂ ਆਜ਼ਾਦੀ ਦਿਵਸ ਸਮਾਰੋਹ ਦੇ ਪ੍ਰਬੰਧਾਂ ਦੀ ਵਿਆਪਕ ਸਮੀਖਿਆ ਕੀਤੀ।ਮੀਟਿੰਗ ਦਾ ਉਦੇਸ਼ ਇਸ ਮਹੱਤਵਪੂਰਨ ਰਾਸ਼ਟਰੀ ਮੌਕੇ ਨੂੰ ਮਨਾਉਣ ਲਈ ਇੱਕ ਨਿਰਵਿਘਨ ਅਤੇ ਸਨਮਾਨਜਨਕ ਸਮਾਗਮ ਨੂੰ ਯਕੀਨੀ ਬਣਾਉਣਾ ਸੀ। ਸਮੀਖਿਆ ਦੌਰਾਨ ਡੀ.ਸੀ ਹਿਮਾਂਸ਼ੂ ਜੈਨ ਨੇ ਰਾਸ਼ਟਰੀ ਝੰਡਾ ਲਹਿਰਾਉਣ, ਸੁਰੱਖਿਆ ਉਪਾਅ, ਟਰੈਫਿਕ ਪ੍ਰਬੰਧਨ, ਪਾਰਕਿੰਗ ਸਹੂਲਤਾਂ, ਸੱਭਿਆਚਾਰਕ ਪ੍ਰੋਗਰਾਮ, ਨਿਰਵਿਘਨ ਬਿਜਲੀ ਸਪਲਾਈ, ਸੈਨੀਟੇਸ਼ਨ ਅਤੇ ਡਾਕਟਰੀ ਸੇਵਾਵਾਂ ਸਮੇਤ ਮਹੱਤਵਪੂਰਨ ਪਹਿਲੂਆਂ 'ਤੇ ਬਾਰੀਕੀ ਨਾਲ ਚਰਚਾ ਕੀਤੀ। ਉਨ੍ਹਾਂ ਨੇ ਯਤਨਾਂ ਦਾ ਤਾਲਮੇਲ ਕਰਨ ਲਈ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ



ਗੱਲਬਾਤ ਕੀਤੀ ਅਤੇ ਸੀਨੀਅਰ ਅਧਿਕਾਰੀਆਂ ਨੂੰ ਤਿਆਰੀਆਂ ਦੀ ਨਿਗਰਾਨੀ ਕਰਨ ਲਈ ਨਿਯੁਕਤ ਕੀਤਾ, ਇਹ ਯਕੀਨੀ ਬਣਾਇਆ ਕਿ ਇਹ ਸਮਾਗਮ ਦੇਸ਼ ਭਗਤੀ ਦੇ ਜੋਸ਼ ਨਾਲ ਮਨਾਇਆ ਜਾਵੇ। ਸਥਾਨਕ ਪ੍ਰਤਿਭਾ ਅਤੇ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹੇ ਭਰ ਦੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰਦਰਸ਼ਨ ਤਿਆਰ ਕਰਨ ਲਈ ਇੱਕ ਕਮੇਟੀ ਵੀ ਨਿਯੁਕਤ ਕੀਤੀ ਗਈ ਹੈ। ਡੀ.ਸੀ ਜੈਨ ਨੇ ਨਗਰ ਨਿਗਮ ਲੁਧਿਆਣਾ ਨੂੰ ਸਮਾਗਮ ਸਥਾਨ ਦੇ ਆਲੇ-ਦੁਆਲੇ ਸਫਾਈ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਧੂੜ ਨੂੰ ਕੰਟਰੋਲ ਕਰਨ ਲਈ ਪਹੁੰਚ ਸੜਕਾਂ 'ਤੇ ਨਿਯਮਤ ਪਾਣੀ ਦਾ ਛਿੜਕਾਅ ਅਤੇ ਹਾਜ਼ਰੀਨ ਦੀ ਸਹੂਲਤ ਲਈ ਅਸਥਾਈ ਬਾਥਰੂਮ ਘਰ ਅਤੇ ਮੋਬਾਈਲ ਪਖਾਨਿਆਂ ਦਾ ਪ੍ਰਬੰਧ ਸ਼ਾਮਲ ਹੈ। ਇਸ ਤੋਂ ਇਲਾਵਾ ਉਨ੍ਹਾਂ ਕਮਿਸ਼ਨਰੇਟ ਪੁਲਿਸ ਨੂੰ ਪੂਰੇ ਸਮਾਗਮ ਦੌਰਾਨ ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਸਖ਼ਤ ਸੁਰੱਖਿਆ ਉਪਾਅ ਯਕੀਨੀ ਬਣਾਉਣ ਲਈ ਵੀ ਕਿਹਾ।

## ਮੰਦਰਾਂ ਵਿੱਚ ਹਿੰਦੂ ਸੰਗਠਨਾਂ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਮੁਆਫ਼ੀ ਕਿਉ ??

### ਪ੍ਰਸਿੱਧ ਐਡਵੋਕੇਟ ਦੇਵੇਂਦਰ ਰਾਜਪੂਤ ਨੇ ਕੀਤਾ ਵੱਡੇ, *ਘਿਣੌਨੇ ਤੇ ਰੌਂਗਟੇ ਖੜ੍ਹੇ ਕਰਨ ਵਾਲੇ ਜ਼ੁਰਮ ਦਾ ਖੁਲਾਸਾ*

**ਚਰਚਿਤ ਯੂਟਿਊਬਰ ਅਰਮਾਨ ਮਲਿਕ ਤੇ ਪਾਇਲ ਮਲਿਕ ਉਤੇ 11 ਸਾਲ ਦੀ ਲੜਕੀ ਨਾਲ ਵਾਰ ਵਾਰ ਬਲਾਤਕਾਰ ਤੇ ਕੁੱਟ ਮਾਰ ਕਰਨ ਦੇ ਦੋਸ਼**

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ--**

ਪਟਿਆਲਾ ਦੇ ਪ੍ਰਸਿੱਧ ਤੇ ਚਰਚਿਤ ਵਕੀਲ ਐਡਵੋਕੇਟ ਦੇਵੇਂਦਰ ਰਾਜਪੂਤ ਨੇ ਇਕ ਬਹੁਤ ਹੀ ਵੱਡੇ, ਘਿਣੌਨੇ ਤੇ ਰੌਂਗਟੇ ਖੜ੍ਹੇ ਕਰਨ ਵਾਲੇ ਜ਼ੁਰਮ ਦਾ ਖੁਲਾਸਾ ਕੀਤਾ ਹੈ।

ਬੀਤੇ ਦਿਨੀਂ ਪਟਿਆਲਾ ਦੇ ਪ੍ਰਸਿੱਧ ਮੰਦਿਰ ਵਿਚ ਕੁਝ ਧਾਰਮਿਕ ਆਗੂਆਂ ਦੀ ਹਾਜ਼ਰੀ ਵਿੱਚ ਦੋ ਪਤਨੀਆਂ ਵਾਲੇ ਚਰਚਿਤ ਯੂਟਿਊਬਰ ਅਰਮਾਨ ਮਲਿਕ ਤੇ ਪਾਇਲ ਮਲਿਕ ਨੂੰ ਬੇਅਦਬੀ ਦੇ ਦੋਸ਼ੀਆਂ ਨੂੰ ਮੰਦਿਰ ਵਿਚ ਮੁਆਫੀ ਦਿੱਤੀ ਗਈ ਸੀ। ਉਨ੍ਹਾਂ ਨਾਲ ਹੀ ਸਬੰਧਤ ਜਿਹੜਾ ਕੇਸ ਐਡਵੋਕੇਟ ਦੇਵੇਂਦਰ ਰਾਜਪੂਤ ਵੱਲੋਂ ਪਾਇਆ ਸੀ, ਉਸ ਕੇਸ ਦੀ ਅਪਡੇਟ ਦੇਣ ਲਈ ਮੀਡੀਆ ਦੇ ਅੱਗੇ ਸਾਰੇ ਸਬੂਤਾਂ ਤੇ ਤੱਥ ਰੱਖਦੇ ਹੋਏ ਉਨ੍ਹਾਂ ਦੱਸਿਆ ਕਿ ਮਾਣਯੋਗ ਅਦਾਲਤ ਨੇ ਐਸਐਸਪੀ ਪਟਿਆਲਾ ਤੋਂ ਸਟੇਟਸ



ਐਡਵੋਕੇਟ ਦੇਵੇਂਦਰ ਰਾਜਪੂਤ

ਰਿਪੋਰਟ ਮੰਗ ਲਈ ਹੈ।

ਐਡਵੋਕੇਟ ਦੇਵੇਂਦਰ ਰਾਜਪੂਤ ਨੇ ਜੋ ਕੁਝ ਕਿਹਾ ਹੈ ਅਤੇ ਅਰਮਾਨ ਮਲਿਕ ਉਸਦੀਆਂ ਪਤਨੀਆਂ ਪਾਇਲ ਤੇ ਕ੍ਰਿਤਿਕਾ ਉੱਤੇ ਜਿਹੜੇ ਦੋਸ਼ ਲਗਾਏ ਹਨ ਉਹ ਕਿਸੇ ਵੀ ਧਰਮ ਦੇ ਵਿਅਕਤੀ ਨੂੰ ਝੰਜੋੜ ਕੇ ਰੱਖ ਸਕਦੇ ਹਨ। ਉਨ੍ਹਾਂ ਦੱਸਿਆ ਹੈ ਕਿ ਅਰਮਾਨ ਮਲਿਕ ਨੇ ਇਕ 11 ਸਾਲ ਦੀ ਹਿੰਦੂ ਲੜਕੀ ਦਾ ਰੇਪ ਕੀਤਾ ਹੋਇਆ ਜਿਸਦੇ ਵਿੱਚ ਇਸਨੂੰ ਜੇਲ੍ਹ ਵੀ ਹੋਈ ਹੈ ਤੇ ਕੇਸ ਵੀ ਚੱਲ ਰਿਹਾ ਹੈ।

ਐਫਆਈਆਰ ਦੀ ਕਾਪੀ ਦਿਖਾਉਂਦੇ ਵਕੀਲ ਨੇ ਦੱਸਿਆ ਕਿ ਇਹ ਮਲਿਕ ਬੱਚੀ ਨੂੰ ਡਰੱਗਸ ਦੇ ਟੀਕਾ ਲਗਾ ਕੇ ਉਸਦੇ ਨਾਲ ਵਾਰ ਵਾਰ ਰੇਪ ਕਰਦਾ ਸੀ। 11 ਸਾਲ ਦੀ ਛੋਟੀ ਲੜਕੀ ਨਾਲ ਮਾਰ ਕੁੱਟ ਵੀ ਕਰਦਾ ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਘਿਣੌਨੇ ਕੰਮ ਵਿੱਚ ਅਰਮਾਨ ਮਲਿਕ ਦੀਆਂ ਪਤਨੀਆਂ ਪਾਇਲ ਤੇ ਕ੍ਰਿਤਿਕਾ ਵੀ ਬੱਚੀ ਨੂੰ ਡਰੱਗਸ ਦੇਣ ਵਿੱਚ ਉਸ ਨਾਲ ਹੀ ਹੁੰਦੀਆਂ ਸਨ। ਇਸ ਮਾਮਲੇ ਵਿੱਚ ਉਨ੍ਹਾਂ ਸਾਰਿਆਂ ਖਿਲਾਫ ਕੇਸ ਵੀ ਚੱਲ ਰਿਹਾ ਹੈ।

ਐਡਵੋਕੇਟ ਰਾਜਪੂਤ ਨੇ ਕਿਹਾ ਕਿ ਸਾਡੇ ਪੂਜਨੀਯ ਸੰਤ ਮਹਾਤਮਾ ਸਾਡੇ ਧਾਰਮਿਕ ਅਸਥਾਨਾ ਉਤੇ ਅਜਿਹੇ ਦੋਸ਼ੀਆਂ ਬੰਦਿਆਂ ਦੀ ਐਂਟਰੀ ਬੈਨ ਹੋਣੀ ਚਾਹੀਦੀ ਹੈ ਕਿਉਂਕਿ ਇੱਕ 11 ਸਾਲ ਦੀ ਹਿੰਦੂ ਲੜਕੀ ਦਾ ਰੇਪ ਕਰਨ ਵਾਲੇ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਦੋਸ਼ੀਆਂ ਦਾ ਕਿਸੇ ਵੀ ਪਵਿੱਤਰ ਸਥਾਨ ਉਤੇ ਕੋਈ ਵੀ ਵਿਅਕਤੀ ਮੁਆਫੀ ਨਹੀਂ ਦੇ ਸਕਦਾ।

ਐਡਵੋਕੇਟ ਦੇਵੇਂਦਰ ਰਾਜਪੂਤ ਨੇ ਇੱਕ ਹੋਰ ਅਪਡੇਟ ਦਿੱਤਾ ਕਿ ਇਹ ਮਾਨਯੋਗ ਅਦਾਲਤ ਨੇ ਸਾਡੀ ਸ਼ਿਕਾਇਤ ਉਤੇ ਐਸਐਸਪੀ ਪਟਿਆਲਾ ਰਾਹੀਂ ਪੁਲਿਸ ਤੋਂ ਸਟੇਟਸ ਰਿਪੋਰਟ ਵੀ ਮੰਗ ਲਈ ਹੈ।

ਐਡਵੋਕੇਟ ਦੇਵੇਂਦਰ ਰਾਜਪੂਤ ਨੇ ਪੁਲਿਸ ਨੂੰ ਵੱਖ ਵੱਖ ਮਾਣਯੋਗ ਅਦਾਲਤਾਂ ਦੀਆਂ ਕੁਝ ਜਜਮੇਂਟਾ ਦੀਆਂ ਕਾਪੀਆਂ ਵੀ ਦਿਖਾਈਆਂ ਹਨ ਅਤੇ ਮੰਗ ਕੀਤੀ ਹੈ ਕਿ ਉਕਤ ਦੋਸ਼ੀਆਂ ਵਿਰੁੱਧ ਤੁਰੰਤ ਐਫਆਈਆਰ ਦਰਜ ਕੀਤੀ ਜਾਵੇ ਕਿਉਂਕਿ ਇਸ ਨੇ ਇੱਕ 11 ਸਾਲ ਦੀ ਬੱਚੀ ਦਾ ਰੇਪ ਕੀਤਾ ਅਤੇ ਉਸਨੂੰ ਕੁੱਟਿਆ ਵੀ ਹੈ ਜਿਹਦੇ 'ਚ ਪਾਇਲ ਮਲਿਕ ਤੇ ਕ੍ਰਿਤੀਕਾ ਮਲਿਕ ਵੀ ਦੋਸ਼ੀ ਹਨ।

ਉਨ੍ਹਾਂ ਦੱਸਿਆ ਕਿ ਹੋਰ ਵੀ ਕੁੜੀਆਂ, ਹੋਰ ਵੀ ਬੰਦਿਆਂ ਨੇ ਇਸਦੇ ਖਿਲਾਫ ਸ਼ਿਕਾਇਤਾਂ ਕੀਤੀਆਂ ਹਨ ਜਿਹਦੀ ਡਿਟੇਲ ਮੇਰੇ ਕੋਲ ਆ ਰਹੀ ਹੈ।

ਐਡਵੋਕੇਟ ਦੇਵੇਂਦਰ ਰਾਜਪੂਤ ਨੇ ਹੋਰ ਕਿਹਾ ਕਿ ਪੰਜਾਬ ਦਾ ਅਤੇ ਸਾਡੇ ਦੇਸ਼ ਦਾ ਸੰਵਿਧਾਨ ਬਹੁਤ ਵਧੀਆ ਸੱਭਿਆਚਾਰ ਹੈ, ਪਰ ਕਈ ਲੋਕ ਹੁਣ ਮਾਹੌਲ ਖ਼ਰਾਬ ਕਰਨ ਉਤੇ ਤੁਲੇ ਹੋਏ ਹਨ। ਦੇਵੀ ਦੇਵਤਿਆਂ ਅਤੇ ਧਰਮ ਦੇ ਨਾਮ ਉਤੇ ਅਸ਼ਲੀਲਤਾ ਫੈਲ ਰਹੇ ਹਨ। ਉਪਰੋਕਤ ਦੋਸ਼ੀਆਂ ਨੇ ਮਾਤਾ ਕਾਲੀ ਦੇਵੀ ਜੀ ਦਾ ਰੂਪ ਧਾਰ ਕੇ ਬੇਅਦਬੀ ਕੀਤੀ ਹੈ। ਇਸ ਸਬੰਧੀ ਕਈ ਕੇਸ ਵੀ ਦਰਜ ਕੀਤੇ ਗਏ ਹਨ।

ਜ਼ਿਕਰਯੋਗ ਹੈ ਕਿ ਪਟਿਆਲਾ ਦੇ ਪ੍ਰਸਿੱਧ ਐਡਵੋਕੇਟ ਦੇਵੇਂਦਰ ਰਾਜਪੂਤ ਉਹੀ ਵਕੀਲ ਹਨ ਜਿਹੜੇ ਪੱਤਰਕਾਰ ਅਸ਼ੋਕ ਵਰਮਾ ਦੀ ਸ਼ਿਕਾਇਤ ਉਤੇ ਸ੍ਰੀ ਰਾਮਾਇਣ ਜੀ ਦੇ ਨਾਮ ਉਤੇ ਬੇਅਦਬੀਆਂ ਨਾਲ ਭਰੀ ਕਿਤਾਬ ਛਾਪ ਕੇ ਸਰਬਜੀਤ ਉਖਲਾ ਨਾਂਅ ਦੇ ਦੋਸ਼ੀ ਖਿਲਾਫ ਕੇਸ ਲੜ ਰਹੇ ਹਨ ਅਤੇ ਉਕਤ ਦੋਸ਼ੀ ਨੂੰ ਅੱਠ ਮਹੀਨੇ ਤੋਂ ਵੀ ਵੱਧ ਸਮੇਂ ਤੱਕ ਜ਼ਮਾਨਤ ਨਹੀਂ ਹੋਣ ਦਿੱਤੀ। ਪੱਤਰਕਾਰ ਅਸ਼ੋਕ ਵਰਮਾ ਵੱਲੋਂ ਕੀਤੀ ਸ਼ਿਕਾਇਤ ਉਤੇ ਐਡਵੋਕੇਟ ਸੁਖਵਿੰਦਰ ਸਿੰਘ ਬੱਲ ਦੇ ਨਾਲ ਐਡਵੋਕੇਟ ਦੇਵੇਂਦਰ ਰਾਜਪੂਤ ਕੇਸ ਲੜ ਰਹੇ ਹਨ। ਸ੍ਰੀ ਰਾਜਪੂਤ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿੱਚ ਵੀ ਬੇਅਦਬੀ ਕੇਸ ਦੀ ਬਾਖ਼ੂਬੀ ਪੈਰਵੀ ਕੀਤੀ ਹੈ ਅਤੇ ਹੁਣ ਵੀ ਕੇਸ ਲੜ ਰਹੇ ਹਨ।

## ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਗੋਸ਼ਟੀ

**ਹੇਵਰਡ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ ਹੇਵਰਡ ਵਿਖੇ ਜਗਜੀਤ ਨੌਸ਼ਹਿਰਵੀ ਦੇ ਪਲੇਠੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਵਿਚਾਰ ਚਰਚਾ ਕਰਵਾਈ ਗਈ। ਵਿਚਾਰ ਗੋਸ਼ਟੀ ਦੀ ਪ੍ਰਧਾਨਗੀ ਪੰਜਾਬ ਤੋਂ ਆਏ ਸ਼ਾਇਰ ਜਸਵੀਰ ਧੀਮਾਨ, ਜਸਵੀਰ ਗਿੱਲ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਪ੍ਰੋ. ਸੁਰਿੰਦਰ ਸਿੰਘ ਸੀਰਤ, ਸੁਰਿੰਦਰ ਸਿੰਘ ਧਨੋਆ ਅਤੇ ਬਲਵਿੰਦਰ ਸਿੰਘ ਧਨੋਆ ਨੇ ਕੀਤੀ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀ ਆਇਆਂ ਕਿਹਾ। ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸ਼ਾਇਰ ਈਸ਼ਰ ਸਿੰਘ ਮੋਮਨ ਅਤੇ ਟੈਕਸਸ ਵਿਖੇ ਹੜ੍ਹ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਜਗਜੀਤ ਦੀ ਕਿਤਾਬ ਵਿੱਚੋਂ ਖ਼ੂਬਸੂਰਤ ਗ਼ਜ਼ਲ ਗਾਇਨ ਕੀਤਾ। ਇਸ ਦੌਰਾਨ ਜਗਜੀਤ ਨੌਸ਼ਹਿਰਵੀ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਦੱਸਿਆ ਕਿ ਉਸ ਦੇ ਦਾਦਾ ਜੀ ਵੱਲੋਂ ਘਰ ਵਿਚ ਰੱਖੇ ਕਿੱਸਾ ਕਾਵਿ ਨੇ ਉਸ ਨੂੰ ਸਾਹਿਤ ਨਾਲ ਜੋੜਿਆ। ਉਸ ਨੇ ਕਾਲਜ ਦੇ ਅੰਤਿਮ ਕਾਲ ਵਿੱਚ ਲਿਖਣਾ ਸ਼ੁਰੂ ਕੀਤਾ।ਅਮਰੀਕਾ ਵਿੱਚ ਵਿਪਸਾਅ ਨਾਲ ਜੁੜਨ ਅਤੇ ਜਥੇਬੰਦਕ ਕਾਰਜ ਕਰਨ ਦੇ ਨਾਲ ਨਾਲ ਕਾਵਿ ਰਚਨਾ ਵੀ ਸਹਿਜ ਕਦਮੀਂ ਚੱਲਦੀ ਰਹੀ ਜੋ ਇਸ ਕਿਤਾਬ ਦੇ ਰੂਪ ਵਿੱਚ ਸਾਹਮਣੇ ਆਈ ਹੈ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਕਿਤਾਬ ਉੱਪਰ ਭਾਵ-ਪੂਰਤ ਪਰਚਾ ਪੜ੍ਹਿ ਆ। ਉਸ ਨੇ ਕਿਹਾ ਕਿ ਇਸ ਕਿਤਾਬ ਦੀਆਂ ਗ਼ਜ਼ਲਾਂ, ਨਜ਼ਮਾਂ ਤੇ ਗੀਤ ਦਿਲ ਦੀ ਗਹਿਰਾਈ ਵਿੱਚੋਂ ਉਪਜੀਆਂ ਹਨ। ਇਨ੍ਹਾਂ ਵਿੱਚ ਗੁਰੂਆਂ ਦੀ ਰਹਿਮਤ, ਸ਼ਾਹ ਹੁਸੈਨ, ਕਰਤਾਰ ਸਿੰਘ ਸਰਾਭਾ, ਮਹਾਤਮਾ ਬੁੱਧ, ਮਹਾਰਾਜਾ ਦਲੀਪ ਸਿੰਘ ਅਤੇ ਦੁੱਲ੍ਹਾ ਭੱਟੀ ਆਦਿ ਪੰਜਾਬ ਦੇ ਨਾਇਕ ਨਵੇਂ ਰੂਪ ਵਿੱਚ ਜੀਵੰਤ ਹੋਏ ਹਨ।

ਕੌਮੀ ਪੱਤ੍ਰਿਕਾ

# ਨੈਸ਼ਨਲ ਹਾਈਵੇ ਅਥਾਰਟੀ ਦੇ ਪ੍ਰਾਜੈਕਟ ਡਾਇਰੈਕਟਰ ਨੂੰ ਲਿਖੇ ਪੱਤਰ ਮਗਰੋਂ ਰਾਜਪੁਰਾ ਨੈਸ਼ਨਲ ਹਾਈਵੇ 'ਤੇ ਸਲਿਪ ਰੋਡ ਦੀ ਮੁਰੰਮਤ ਕਰਵਾਈ



ਡਵੀਜ਼ਨਲ ਕਮਿਸ਼ਨਰ ਦੇ ਪੱਤਰ ਵੱਲੋਂ ਲਿਖੇ ਪੱਤਰ ਬਾਅਦ ਰਾਜਪੁਰਾ ਫਲਾਈਓਵਰ ਨੇੜੇ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਕਰਵਾਈ ਜਾ ਰਹੀ ਮੁਰੰਮਤ।

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਵੱਲੋਂ ਰਾਜਪੁਰਾ ਵਿਖੇ ਨੈਸ਼ਨਲ ਹਾਈਵੇ 'ਤੇ ਬਣਾਏ ਜਾ ਰਹੇ ਫਲਾਈਓਵਰ ਜੰਕਸ਼ਨ ਨੇੜੇ ਸਲਿਪ ਰੋਡ ਦੀ ਮਾੜੀ ਹਾਲਤ ਦਾ ਨੋਟਿਸ ਲੈਕੇ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੇ ਪ੍ਰਜੈਕਟ ਇੰਪਲੀਮੈਂਟੇਸ਼ਨ ਯੂਨਿਟ, ਅੰਬਾਲਾ ਦੇ ਪ੍ਰਾਜੈਕਟ ਡਾਇਰੈਕਟਰ ਨੂੰ ਲਿਖੇ ਅਰਧ ਸਰਕਾਰੀ ਪੱਤਰ ਦਾ ਅਸਰ ਤੁਰੰਤ ਦੇਖਣ ਨੂੰ ਮਿਲਿਆ ਹੈ। ਐਨ.ਐਚ.ਏ.ਆਈ. ਨੇ ਇਸ ਪੱਤਰ 'ਤੇ ਤੁਰੰਤ ਕਾਰਵਾਈ ਕਰਦਿਆਂ ਸਲਿਪ ਰੋਡ ਦੀ ਮੁਰੰਮਤ ਕਰਵਾ ਦਿੱਤੀ ਹੈ। ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਆਪਣੇ ਅਰਧ ਸਰਕਾਰੀ ਪੱਤਰ ਵਿੱਚ ਲਿਖਿਆ ਹੈ ਕਿ ਰਾਹਗੀਰਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦਿਆਂ ਸਲਿਪ ਰੋਡ ਦੀ ਮੁਰੰਮਤ ਕਰਵਾਈ ਜਾਵੇ ਤਾਂ ਕਿ ਜੀ.ਟੀ. ਰੋਡ 'ਤੇ ਰਾਜਪੁਰਾ ਤੋਂ ਲੁਧਿਆਣਾ ਤੇ ਪਟਿਆਲਾ ਆਉਣ ਵਾਲੇ ਵਾਹਨ ਚਾਲਕ ਕਿਸੇ ਹਾਦਸੇ ਦੇ ਸ਼ਿਕਾਰ ਨਾ ਹੋਣ।

ਉਨ੍ਹਾਂ ਨੇ ਆਪਣੇ ਪੱਤਰ ਵਿੱਚ ਲਿਖਿਆ ਸੀ ਕਿ ਨਵੇਂ ਬਣ ਰਹੇ ਫਲਾਈਓਵਰ ਦੇ ਦੋਵੇਂ ਪਾਸੇ ਬੰਦ ਹੋਣ ਕਰਕੇ ਸਲਿਪ ਰੋਡ ਚੱਲ ਰਹੇ ਹਨ ਪਰੰਤੂ ਇਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ, ਜਿਸ ਕਰਕੇ ਰਾਹਗੀਰਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਨੈ ਬੁਬਲਾਨੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਦੇ ਪ੍ਰਾਜੈਕਟ ਡਾਇਰੈਕਟਰ ਨੂੰ ਸਖ਼ਤ ਸਲਾਹ ਦਿਤੀ ਹੈ ਕਿ ਉਹ ਭਵਿੱਖ ਵਿੱਚ ਇਸ ਗੱਲ ਦਾ ਧਿਆਨ ਰੱਖਣ ਕਿ ਸੜਕ 'ਤੇ ਹਾਦਸੇ ਰੋਕਣ ਲਈ ਰੋਡ ਦੀ ਮੁਰੰਮਤ ਤੁਰੰਤ ਕਰਵਾਈ ਜਾਵੇ।

# ਸ.ਫਾਈ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਕਮਿਸ਼ਨ ਵਚਨਬੱਧ: ਚੇਅਰਮੈਨ ਚੰਦਨ ਗਰੇਵਾਲ

**➢ ਸ.ਫਾਈ ਕਰਮਚਾਰੀਆਂ ਦਾ ਕਿਸੇ ਵੀ ਢੰਗ ਨਾਲ ਸ਼ੋਸ਼ਣ ਬਰਦਾਸ਼ਤ ਨਹੀ ਕੀਤਾ ਜਾਵੇਗਾ**
**➢ ਸ.ਫਾਈ ਵਿਵਸਥਾ ਸੁਧਾਰ ਲਈ ਸ.ਫਾਈ ਕਰਮਚਾਰੀਆਂ ਨੂੰ ਮਿਲਜੁਲ ਕੇ ਕੰਮ ਕਰਨ ਦੀ ਕੀਤੀ ਅਪੀਲ**

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਸਫ਼ਾਈ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨੇ ਅੱਜ ਪ੍ਰਬੰਧਕੀ ਕੰਪਲੈਕਸ ਵਿਖੇ ਨਗਰ ਨਿਗਮ ਦੇ ਅਧਿਕਾਰੀਆਂ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਨਗਰ ਨਿਗਮ ਦੇ ਸਫ਼ਾਈ ਕਰਮਚਾਰੀਆਂ ਨਾਲ ਇਕ ਮੀਟਿੰਗ ਦੌਰਾਨ ਕੀਤਾ। ਉਹਨਾਂ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਸੂਬੇ ਭਰ ਦੇ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ, ਉਹਨਾਂ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਸਰਕਾਰੀ ਨੀਤੀਆਂ ਦੀ ਸਮੀਖਿਆ ਕਰਨਾ ਹੈ। ਉਹਨਾਂ ਕਿਹਾ ਕਿ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਤਨਦੇਹੀ ਨਾਲ ਪਹੁੰਚਾਇਆ ਜਾਵੇਗਾ ਅਤੇ ਉਹਨਾਂ ਦੀ ਭਲਾਈ ਲਈ ਢੁੱਕਵੇਂ ਫੈਸਲੇ ਲਏ ਜਾਣਗੇ।

ਚੇਅਰਮੈਨ ਚੰਦਨ ਗਰੇਵਾਲ ਨੇ ਕਿਹਾ ਕਿ ਸਫਾਈ ਕਰਮਚਾਰੀਆਂ ਦੀਆਂ ਸਾਰੀਆਂ ਮੁਸ਼ਕਲਾਂ ਪਹਿਲ ਦੇ ਅਧਾਰ ' ਤੇ ਹੱਲ ਕਰਨੀਆਂ ਯਕੀਨੀ ਬਣਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਰਾਜ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਹੈ ਅਤੇ ਉਹਨਾਂ ਦਾ ਕਿਸੇ ਵੀ ਢੰਗ ਨਾਲ ਸ਼ੋਸ਼ਣ ਬਰਦਾਸ਼ਤ ਨਹੀ ਕੀਤਾ ਜਾਵੇਗਾ।

ਮੀਟਿੰਗ ਦੀ ਸ਼ੁਰੂਆਤ ਵਿੱਚ ਸਫ਼ਾਈ ਕਰਮਚਾਰੀਆਂ ਨੇ ਆਪਣੀਆਂ ਵੱਖ-ਵੱਖ ਮੰਗਾਂ ਰੱਖੀਆਂ, ਜਿਹਨਾਂ ਵਿੱਚ ਪੱਕੀ ਨੌਕਰੀ, ਵਧੀਆ ਮਜਦੂਰੀ, ਰਿਟਾਇਰਮੈਂਟ ਲਾਭ, ਆਊਟਸੋਰਸਿੰਗ ਨੀਤੀ ਦੀ ਸਮੀਖਿਆ, ਸਫ਼ਾਈ ਕਰਮਚਾਰੀਆਂ ਦੀ ਨਿਯਮਿਤ ਭਰਤੀ ਅਤੇ ਉਚਿਤ ਭੱਤਾ ਪ੍ਰਦਾਨ ਕਰਨ ਦੀ ਮੰਗ ਕੀਤੀ ਗਈ। ਚੇਅਰਮੈਨ ਚੰਦਨ ਗਰੇਵਾਲ ਨੇ ਇਹਨਾਂ ਮੰਗਾਂ ਨੂੰ ਧਿਆਨ ...ਤੇ ਭਰੋਸਾ ...ਨ ਵੱਲੋਂ ਇਹ ...ਰਾਉਣ ਅਤੇ ...ੀ ਲਗਾਤਾਰ ...ਹੈ। ਉਹਨਾਂ ...ਨੂੰ ਇਹ ਵੀ ...ਆਂ ਸਾਰੀਆਂ ...ਖੀ ਕ ?ਦਮ ...ਸਾਰਿਆਂ ਨੂੰ ...ਦੀ ਅਪੀਲ ...ਦੀ ਸਫ਼ਾਈ ...ਰ, ਸੁਚੱਜਾ ... ਬਣਾਇਆ ਜਾ ਸਕੇ ਅਤੇ ਨਾਗਰਿਕਾਂ ਨੂੰ ਸਿਹਤਮੰਦ ਅਤੇ ਸਾਫ਼ ਸੁਥਰਾ ਮਾਹੌਲ ਮਿਲ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/ ਕਰਮਚਾਰੀ ਅਤੇ ਨਗਰ ਨਿਗਮ ਦੇ

# ਆਪ ਦੇ ਸਮੂਹ ਲੀਡਰਾਂ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ : ਬਲਜਿੰਦਰ ਢਿੱਲੋ



**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਜਰੀਵਾਲ , ਮੁੱਖ ਮੰਤਰੀ ਭਗਵੰਤ ਮਾਨ , ਪੰਜਾਬ ਇੰਚਾਰਜ ਸਿਸੋਦੀਆ ਅਤੇ ਦੀਪਕ ਚੇਅਰਮੈਨ ਪੰਜਾਬ ਲਾਰਜ ਇੰਡਸਟਰੀ ਅਤੇ ਡਿਵੇਲਪਮੈਂਟ ਬੋਰਡ ਸਮੇਤ ਪਾਰਟੀ ਪ੍ਰਧਾਨ ਅਮਨ ਅਰੋੜਾ ਜੀ ਤੇ ਬਾਕੀ ਲੀਡਰਸ਼ਿਪ ਵੱਲੋ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਰਾਜ ਪਧਰੀ ਸਮਾਗਮ ਵਿੱਚ ਉਹਨਾ ਨੂੰ ਸ਼ਹਿਰ ਸੁਨਾਮ ਵਿਖੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਦਸਿਆ ਕੀ ਸਹੀਦ ਊਧਮ ਸਿੰਘ ਦਾ ਜਨਮ ਮਾਤਾ ਨਰੈਣ ਕੌਰ ਉਰਫ ਹਰਨਾਮ ਕੌਰ ਅਤੇ ਪਿਤਾ ਚੂਹੜ ਸਿੰਘ ਉਰਫ ਟਹਿਲ ਸਿੰਘ ਦੇ ਘਰ 26 ਦਸੰਬਰ 1899 ਈ. ਨੂੰ ਸੁਨਾਮ (ਸੰਗਰੂਰ) ਵਿੱਚ ਹੋਇਆ। ਊਧਮ ਸਿੰਘ ਦੇ ਬਚਪਨ ਦਾ ਨਾਂ ਸ਼ੇਰ ਸਿੰਘ ਸੀ ਅਤੇ ਉਨ੍ਹਾਂ ਦਾ ਵੱਡਾ ਭਰਾ ਸਾਧੂ ਸਿੰਘ ਸੀ। ਇਸ ਪਰਿਵਾਰ ਦਾ ਜੀਵਨ ਬੜਾ ਮੁਸ਼ਕਲਾਂ ਭਰਿਆ ਰਿਹਾ। ਪਿਤਾ ਟਹਿਲ ਸਿੰਘ ਪੁੱਤਰ ਊਧਮ ਸਿੰਘ ਨੂੰ ਕੀਰਤਨ ਸਿਖਾਉਣਾ ਚਾਹੁੰਦੇ ਸਨ ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਬਲਜਿੰਦਰ ਢਿੱਲੋਂ ਨੇ ਅੱਗੇ ਦਸਿਆ ਕਿ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਮੁੱਖ ਮੰਤਰੀ ਭਗਵੰਤ ਮਾਨ ਜੀ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਜੀ ਸਮੇਤ ਪਾਰਟੀ ਪ੍ਰਧਾਨ ਅਮਨ ਅਰੋੜਾ ਜੀ ਨੇ ਸ਼ਹੀਦ ਊਧਮ ਸਿੰਘ ਜੀ ਦੇ ਆਪਣੇ ਸ਼ਹਿਰ ਸੁਨਾਮ ਨੂੰ ਕਰੋੜਾਂ ਦੇ ਵਿਕਾਸ ਪ੍ਰੋਜੈਕਟਾਂ ਦੀ ਸੌਗ਼ਾਤ ਦਿੱਤੀ। ਸਾਰੇ ਪ੍ਰੋਜੈਕਟ ਤੈਅ ਸਮੇਂ ਅੰਦਰ ਮੁਕੰਮਲ ਕਰਨ ਦਾ ਵੀ ਟੀਚਾ ਸਰਕਾਰ ਵੱਲੋਂ ਰੱਖਿਆ ਗਿਆ ਹੈ। ਇਸ ਮੌਕੇ ਸੂਬਾ ਜਰਨਲ ਸਕੱਤਰ ਹਰਚੰਦ ਸਿੰਘ ਬਰਸਟ ,ਰਣਜੋਧ ਸਿੰਘ ਹਡਾਨਾ ਚੇਅਰਮੈਨ ਪੀ ਆਰ ਟੀ ਸੀ ਪੰਜਾਬ,ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ, ਮੇਅਰ ਕੁੰਦਨ ਗੋਗੀਆਂ,ਪਟਿਆਲਾ ਦਿਹਾਤੀ ਦੇ ਜਿਲਾ ਪ੍ਰਧਾਨ ਮੇਘ ਚੰਦ ਸ਼ੇਰ ਮਾਜਰਾ ,ਪਟਿਆਲਾ ਸਹਿਰੀ ਪ੍ਰਧਾਨ ਤੇਜਿੰਦਰ ਮਹਿਤਾ,ਮਾਲਵਾ ਜੋਨ ਦੇ ਮੀਡੀਆ ਇੰਚਾਰਜ ਹਰਪਾਲ ਜਨੇਜਾ ,ਜਸਵੰਤ ਰਾਏ ਜੋਆਇੰਟ ਸਕੱਤਰ ਐਸ ਸੀ ਵਿੰਗ ਪੰਜਾਬ ,ਵਿੱਕੀ ਘਨੌਰ ਵਾਈਸ ਚੇਅਰਮੈਨ ਸਿਹਤ ਵਿਭਾਗ ਪੰਜਾਬ,ਗੁਰਮੇਲ ਸਿੰਘ,ਲਖਵਿੰਦਰ ਸਿੰਘ ਢਿੱਲੋਂ ,ਜਤਿੰਦਰ ਕੁਮਾਰ ਤੋ ਇਲਾਵਾਂ ਵੱਡੀ ਗਿਣਤੀ ਵਿੱਚ ਸਾਥੀਆ ਨੇ ਸਮੂਹਲੀਅਤ ਕੀਤੀ।

# ਪਵਨ ਗੁਪਤਾ ਦੀ ਅਗਵਾਈ ਹੇਠ ਸ਼ਿਵ ਸੈਨਾ ਹਿੰਦੁਸਤਾਨ ਦਾ ਇੱਕ ਵ.ਫਦ ਡਿਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੂੰ ਮਿਲਿਆ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਦੀ ਅਗਵਾਈ ਹੇਠ ਸ਼ਿਵ ਸੈਨਾ ਹਿੰਦੁਸਤਾਨ ਦਾ ਇੱਕ ਵਫ਼ਦ ਪਟਿਆਲਾ ਡਿਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਿਆ।



ਇਸ ਮੌਕੇ 'ਤੇ ਡਿਵੀਜ਼ਨਲ ਕਮਿਸ਼ਨਰ ਸ਼੍ਰੀ ਵਿਨੈ ਬੁਬਲਾਨੀ ਨੂੰ ਸ਼੍ਰੀ ਕਾਲੀ ਮਾਤਾ ਜੀ ਦੀ ਚੁਨਰੀ ਅਤੇ ਭਗਵਾਨ ਸ਼ਿਵ ਜੀ ਦੀ ਤਸਵੀਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਸ਼ਿਵ ਸੈਨਾ ਹਿੰਦੁਸਤਾਨ ਦੇ ਵਫ਼ਦ ਵਿੱਚ ਸ਼੍ਰੀ ਹੇਮਰਾਜ ਗੋਇਲ, ਰਾਸ਼ਟਰੀ ਸਲਾਹਕਾਰ ਸ਼ਿਵ ਸੈਨਾ ਹਿੰਦੁਸਤਾਨ ਅਤੇ ਪੰਜਾਬ ਦੇ ਚੇਅਰਮੈਨ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ, ਸ਼੍ਰੀ ਸਵਤੰਤਰ ਰਾਜ ਪਾਸੀ, ਚੇਅਰਮੈਨ ਸ਼ਿਵ ਸ਼ਕਤੀ ਸੇਵਾ ਦਲ ਲੰਗਰ ਕਮੇਟੀ ਸ਼੍ਰੀ ਕਾਲੀ ਮਾਤਾ ਮੰਦਰ ਪਟਿਆਲਾ, ਸ਼੍ਰੀ ਸ਼ਮਾ ਕਾਂਤ ਪਾਂਡੇ, ਸੀਨੀਅਰ ਉਪ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਅਤੇ ਜ਼ਿਲ੍ਹਾ ਇੰਚਾਰਜ ਪਟਿਆਲਾ, ਸ਼੍ਰੀ ਕ੍ਰਿਸ਼ਨਾ ਗਾਬਾ, ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਸੀਨੀਅਰ ਆਗੂ ਸ਼ਾਮਲ ਸਨ। ਇਸ ਵਫ਼ਦ ਦੀ ਅਗਵਾਈ ਕਰ ਰਹੇ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਡਵੀਜ਼ਨਲ ਕਮਿਸ਼ਨਰ ਸ਼੍ਰੀ ਵਿਨੈ ਬੁਬਲਾਨੀ ਜੀ ਦਾ ਵਿਸ਼ੇਸ਼ ਧਿਆਨ ਹਿੰਦੂ ਸਮਾਜ ਨਾਲ ਸਬੰਧਤ ਮਹੱਤਵਪੂਰਨ ਧਾਰਮਿਕ ਮੁੱਦਿਆਂ ਅਤੇ ਸ਼੍ਰੀ ਕਾਲੀ ਮਾਤਾ ਮੰਦਰ ਦੇ ਪ੍ਰਬੰਧਨ ਨਾਲ ਸਬੰਧਤ ਮੁੱਦਿਆਂ ਵੱਲ ਦਿਵਾਇਆ ਅਤੇ ਇਸ ਬਾਰੇ ਡਵੀਜ਼ਨਲ ਕਮਿਸ਼ਨਰ ਪਟਿਆਲਾ ਦੇ ਧਿਆਨ ਵਿੱਚ ਲਿਆ ਕੇ ਵਿਸਤਾਰ ਪੂਰਵਕ ਚਰਚਾ ਕੀਤੀ ਅਤੇ ਪ੍ਰਸਿੱਧ ਤੀਰਥ ਧਾਰਮਿਕ ਸਥਾਨ ਨਾਲ ਸਬੰਧਤ ਮੁੱਦਿਆਂ ਅਤੇ ਸਮੱਸਿਆਵਾਂ ਵੱਲ ਸਹੀ ਧਿਆਨ ਦੇਣ ਦੇ ਨਾਲ-ਨਾਲ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਪਟਿਆਲਾ ਨੂੰ ਇਸ ਸੰਬੰਧਤ ਜ਼ਰੂਰੀ ਆਦੇਸ਼ ਅਤੇ ਦਿਸ਼ਾ-ਨਿਰਦੇਸ਼ ਦੇਣ ਦੀ ਮੰਗ ਕੀਤੀ।

ਡਵੀਜ਼ਨਲ ਕਮਿਸ਼ਨਰ ਸਾਹਿਬ ਨੇ ਸ਼੍ਰੀ ਕਾਲੀ ਮਾਤਾ ਮੰਦਰ ਅਤੇ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਸਾਰੇ ਪ੍ਰਸਿੱਧ ਮੰਦਰਾਂ ਨਾਲ ਸਬੰਧਤ ਸਾਰੇ ਮੁੱਦੇ ਪੰਜਾਬ ਸਰਕਾਰ ਦੇ ਸਾਹਮਣੇ ਰੱਖਣ ਦਾ ਭਰੋਸਾ ਦਿੱਤਾ ਅਤੇ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਪਟਿਆਲਾ ਦੇ ਸਹਿਯੋਗ ਨਾਲ ਸਾਰੀਆਂ ਸਮੱਸਿਆਵਾਂ ਦਾ ਜਲਦੀ ਢੁਕਵਾਂ ਹੱਲ ਲੱਭਣ ਦਾ ਭਰੋਸਾ ਦਿੱਤਾ ਤਾਂ ਜੋ ਕਿਸੇ ਵੀ ਆਉਣ ਵਾਲੇ ਸ਼ਰਧਾਲੂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

# 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਲਈ ਅਰਜ਼ੀਆਂ ਦੀ ਮੰਗ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵੱਲੋਂ 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਇਸ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ। ਭਾਰਤ ਸਰਕਾਰ ਦੀ ਨੈਸ਼ਨਲ ਡਿਜਾਸਟਰ ਮੈਨੇਜਮੈਂਟ ਅਥਾਰਟੀ ਵੱਲੋਂ ਇਸ ਪੁਰਸਕਾਰ ਲਈ 30 ਸਤੰਬਰ 2025 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਦੱਸਿਆ ਕਿ ਪੁਰਸਕਾਰ ਲਈ ਯੋਗ ਵਿਅਕਤੀ ਜਾਂ ਸੰਸਥਾਵਾਂ ਵੱਲੋਂ ਆਨਲਾਈਨ ਪੋਰਟਲ ✲ttps:// awards.gov.in 'ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਵੈਬਸਾਈਟ 'ਤੇ ਅਪਲਾਈ ਕਰਨ ਦੀਆਂ ਸ਼ਰਤਾਂ, ਪੁਰਸਕਾਰ ਲਈ ਚੋਣ ਪ੍ਰਕਿਰਿਆ, ਲੋੜੀਂਦੀ ਯੋਗਤਾ ਜਾਂ ਆਪਦਾ ਪ੍ਰਬੰਧਨ ਲਈ ਕੀਤੇ ਗਏ ਕੰਮਾਂ ਦੀ ਸੂਚੀ ਆਦਿ ਉਪਲਬੱਧ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਵਿਅਕਤੀ ਜਾ ਸੰਸਥਾਵਾਂ ਜਿਨ੍ਹਾਂ ਵੱਲੋਂ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਵਧੀਆਂ ਸੇਵਾਵਾਂ ਦਿੱਤੀਆਂ ਹਨ ਉਹ ਉਕਤ ਵੈਬਸਾਈਟ 'ਤੇ ਮਿਤੀ 30 ਸਤੰਬਰ ਤੱਕ ਆਨ ਲਾਈਨ ਅਪਲਾਈ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਆਪਦਾ ਪ੍ਰਬੰਧਨ 'ਚ ਵਡਮੁੱਲੇ ਯੋਗਦਾਨ ਤੇ ਨਿਰਸਵਾਰਥ ਸੇਵਾ ਨੂੰ ਮਾਨਤਾ ਦੇਣ ਲਈ 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਦੀ ਸ਼ੁਰੂਆਤ ਕੀਤੀ ਗਈ ਹੈ ਜੋ ਹਰੇਕ ਸਾਲ 23 ਜਨਵਰੀ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਵਸ ਮੌਕੇ ਤਿੰਨ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ।

ਉਨ੍ਹਾਂ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਜੋ ਇਸ ਪੁਰਸਕਾਰ ਲਈ ਯੋਗ ਹਨ, ਉਨ੍ਹਾਂ ਨੂੰ ਇਸ ਪੁਰਸਕਾਰ ਲਈ ਆਨ ਲਾਈਨ ਅਪਲਾਈ ਕਰਨ ਦੀ ਅਪੀਲ ਕੀਤੀ ਹੈ।

# ਜ਼ਿਲਾ ਪੱਧਰੀ ਸਕੇਟਿੰਗ ਮੁਕਾਬਲੇ 'ਚ ਤਨਵੀਰ ਜਿੱਤੇ ਗੋਲਡ ਮੈਡਲ

**ਪਟਿਆਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਜ਼ਿਲ੍ਹਾ ਪੱਧਰੀ ਰਿੰਕ ਹਾਲ ਬਾਰਾਦਰੀ ਗਾਰਡਨ ਵਿੱਚ ਸਕੇਟਿੰਗ ਚੈਂਪੀਅਨਸ਼ਿਪ ਮੁਕਾਬਲਿਆਂ ਕਰਵਾਏ ਗਏ। ਇਸ ਦੌਰਾਨ ਵੱਖ-ਵੱਖ ਥਾਵਾਂ ਕਲੱਬਾਂ ਦੇ ਬੱਚਿਆਂ ਨੇ ਭਾਗ ਲਿਆ। ਇਸੀ ਦੌਰਾਨ ਫਲਾਇੰਗ ਵੀਲਜ਼ ਰੋਲਰ ਸਕੇਟਿੰਗ ਕਲੱਬ ਪਟਿਆਲਾ ਦਾ ਬੱਚਾ ਤਨਵੀਰ ਕੌਰ 10 ::12 ਗਰੁੱਪ

1000 ਮੀਟਰ ਰੇਸ ਗੋਲਡ ਮੈਡਲ, 500 ਮੀਟਰ ਰੇਸ ਰਿੰਕ ਹਾਲ ਸਿਲਵਰ ਮੈਡਲ,ਇੱਕ ਲੈਪ ਰੋਡ ਰੇਸ ਗੋਲਡ ਮੈਡਲ ਜਿੱਤ ਕੇ ਆਪਣੇ ਕਲੱਬ ਦੇ ਕੋਚ ਜਗਤਾਰ ਸਿੰਘ ਅਤੇ ਕੋਚ ਪਰਮਜੀਤ ਸਿੰਘ ਸੋਹੀ ਦਾ ਨਾਮ ਚਮਕਾਇਆ ਤੇ ਪਰਿਵਾਰ ਦਾ ਨਾਂ ਚਮਕਾਇਆ ਹੈ।

ਇਸ ਦੌਰਾਨ ਕੋਚ ਪਰਮਜੀਤ ਸਿੰਘ ਸੋਹੀ ਨੇ ਪੱਤਰਕਾਰਾਂ ਨੇ ਗੱਲਬਾਤ ਦੌਰਾਨ ਦੱਸਿਆ ਇਹ ਜਿੱਤ ਦਾ ਸਿਹਰਾ ਬੱਚਿਆਂ ਦੀ ਮਿਹਨਤ ਸਦਕਾ ਜਾਂਦਾ ਹੈ ਉਹਨਾਂ ਨੇ ਆਪਣੀ ਮਿਹਨਤ ਲਗਾ ਕੇ ਗੋਲਡ ਮੈਡਲ ਜਿੱਤ ਦਰਜ ਕੀਤੀ ਹੈ ਇਸ ਦੌਰਾਨ ਕੋਚ ਸੋਹੀ ਨੇ ਕਿਹਾ ਕਿ ਤਨਵੀਰ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ।

# ਸੜਕ ਸੁਰੱਖਿਆ: ਜੁਲਾਈ ਵਿੱਚ 49 ਸਕੂਲੀ ਵੈਨਾਂ ਦੇ ਚਲਾਨ ਕੱਟੇ

**5 ਮਹੀਨਿਆਂ ਦੌਰਾਨ ਐਨ ਡੀ ਪੀ ਐਸ ਐਕਟ ਤਹਿਤ 211 ਕੇਸ ਦਰਜ, 355 ਮੁਲਜ਼ਮ ਗ੍ਰਿਫਤਾਰ**



**ਬਰਨਾਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਵਲੋਂ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਸੜਕ ਸੁਰੱਖਿਆ ਬਾਰੇ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਖ ਵੱਖ ਵਿਭਾਗਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜਾਗਰੂਕਤਾ ਗਤੀਵਿਧੀਆਂ ਅਤੇ ਚੈਕਿੰਗ ਮੁਹਿੰਮ ਦਾ ਜਾਇਜ਼ਾ ਲਿਆ। ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜੁਲਾਈ ਮਹੀਨੇ ਵਿੱਚ 49 ਸਕੂਲੀ ਵੈਨਾਂ ਦੇ ਚਲਾਨ ਕੱਟੇ ਗਏ।

ਉਨ੍ਹਾਂ ਦੱਸਿਆ ਕਿ ਇਸ ਪਾਲਿਸੀ ਦੀਆਂ ਹਦਾਇਤਾਂ ਅਨੁਸਾਰ ਹਰ ਸਕੂਲੀ ਵੈਨ ਵਿਚ ਸੀ.ਸੀ.ਟੀ.ਵੀ ਕੈਮਰਾ, ਖਿੜਕੀ 'ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਲੇਡੀ ਕੰਡਕਟਰ, ਅੱਗ ਬੁਝਾਊ ਯੰਤਰ, ਲਾਇਸੈਂਸ ਆਦਿ ਬਾਰੇ ਚੈਕਿੰਗ ਕੀਤੀ ਜਾਂਦੀ ਹੈ ਅਤੇ ਜਾਗਰੂਕਤਾ ਸੈਮੀਨਾਰ ਵੀ ਕਰਵਾਏ ਜਾਂਦੇ ਹਨ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਐਨਕਾਰਡ (ਨੈਸ਼ਨਲ ਨਾਰਕੋਟਿਕਸ ਕੋਆਰਡੀਨੇਸ਼ਨ ਪੋਰਟਲ) ਦੀ ਮੀਟਿੰਗ ਵੀ ਕੀਤੀ ਗਈ। ਇਸ ਮੌਕੇ ਡੀ ਐੱਸ ਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਪੁਲੀਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਦੀ ਅਗਵਾਈ ਹੇਠ ਪਹਿਲੀ ਮਾਰਚ ਤੋਂ 28 ਜੁਲਾਈ 2025 ਤੱਕ ਨਸ਼ਾ ਸਪਲਾਈ ਕਰਨ ਦੇ ਮਾਮਲੇ ਵਿਚ 62 ਮੁਲਜ਼ਮ, ਨਸ਼ਾ ਤਸਕਰੀ ਦੇ ਮਾਮਲੇ ਵਿਚ 114 ਮੁਲਜ਼ਮ ਅਤੇ ਇਸ ਸਬੰਧ ਵਿਚ ਹੋਰ 273 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕੁੱਲ 119 ਕੇਸ ਦਰਜ ਕੀਤੇ ਗਏ।

ਇਸ ਤੋਂ ਇਲਾਵਾ ਐਨ ਡੀ ਪੀ ਐਸ ਐਕਟ ਤਹਿਤ ਉਪਰੋਕਤ ਸਮੇਂ ਦੌਰਾਨ 211 ਕੇਸ ਦਰਜ ਕੀਤੇ ਗਏ ਅਤੇ 355 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੌਰਾਨ 1 ਕਿਲੋ 100 ਗ੍ਰਾਮ ਹੈਰੋਇਨ, 450 ਗ੍ਰਾਮ ਅਫੀਮ, 20 ਕੁਇੰਟਲ 71 ਕਿਲੋ ਪੋਸਤ, 45,524 ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ, 1,69,700 ਦੀ ਡਰੱਗ ਮਨੀ ਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ।

ਇਸ ਮੌਕੇ ਡਰੱਗ ਕੰਟਰੋਲ ਅਫ਼ਸਰ ਨੇ ਦੱਸਿਆ ਕਿ ਜੁਲਾਈ ਮਹੀਨੇ ਦੌਰਾਨ 25 ਇੰਸਪੈਕਸ਼ਨਾਂ ਕੀਤੀਆਂ ਗਈਆਂ ਅਤੇ 6 ਦਵਾਈਆਂ ਦੇ ਸੈਂਪਲ ਲਏ ਗਏ। 9 ਤਰ੍ਹਾਂ ਦੀਆਂ ਦਵਾਈਆਂ ਸੀਜ਼ ਕੀਤੀਆਂ ਗਈਆਂ ਅਤੇ 10 ਫਰਮਾਂ ਦੇ ਲਾਇਸੈਂਸ ਵੱਖ ਵੱਖ ਸਮੇ ਦੌਰਾਨ ਸਸਪੈਂਡ ਕੀਤੇ ਗਏ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਆਰਟੀਓ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ, ਐੱਸ ਡੀ ਐਮ ਤਪਾ ਸਿਮਰਪ੍ਰੀਤ ਕੌਰ, ਡੀ ਪੀ ਓ ਖੁਸ਼ਵੀਰ ਕੌਰ, ਸੀ ਡੀ ਪੀ ਓ ਗੁਰਜੀਤ ਕੌਰ, ਏ ਡੀ ਟੀ ਓ ਜਸ਼ਨਜੋਤ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਪੰਜਾਬ ਰਿਮੋਟ ਸੈਂਸਿੰਗ ਸੈਂਟਰ 'ਚ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ

**ਲੁਧਿਆਣਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀ.ਆਰ.ਐਸ.ਸੀ) ਵਿਖੇ ਇੰਡੀਅਨ ਸੋਸਾਇਟੀ ਆਫ ਰਿਮੋਟ ਸੈਂਸਿੰਗ ਸੈਂਟਰ, ਲੁਧਿਆਣਾ ਚੈਪਟਰ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ-2025 ਤਹਿਤ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ। ਉਨ੍ਹਾਂ ਬੀਟ ਪਲਾਸਟਿਕ ਪ੍ਰਦੂਸ਼ਣ ਸਿਰਲੇਖ ਵਾਲੇ ਲੇਖ ਅਤੇ ਡਰਾਇੰਗ ਮੁਕਾਬਲਿਆਂ ਲਈ ਪੁਰਸਕਾਰ ਵੀ ਵੰਡੇ।

ਜ਼ਿਕਰਯੋਗ ਹੈ ਕਿ ਵਿਸ਼ਵ ਵਾਤਾਵਰਨ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਸਾਨੂੰ ਕੁਦਰਤ ਪ੍ਰਤੀ ਸਾਡੀ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ ਅਤੇ ਲੋਕਾਂ ਨੂੰ ਵਾਤਾਵਰਨ ਸੁਰੱਖਿਆ ਪ੍ਰਤੀ ਜਾਗਰੂਕ ਕਰਦਾ ਹੈ। ਇਸ ਦਿਨ ਦਾ ਜਸ਼ਨ 1972 ਵਿੱਚ ਸ਼ੁਰੂ ਹੋਇਆ ਸੀ, ਉਦੋਂ ਤੋਂ ਇਹ ਦਿਨ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ।

ਵਿਸ਼ਵ ਵਾਤਾਵਰਣ ਦਿਵਸ-2025 ਤਹਿਤ ਚਲਾਈ ਗਈ ਪਲਾਂਟੇਸ਼ਨ ਡਰਾਈਵ ਦੌਰਾਨ ਡਾ. ਬਰਜਿੰਦਰਾ ਪਟੈਰੀਆ, ਡਾਇਰੈਕਟਰ, ਪੀ.ਆਰ.ਐਸ.ਸੀ. ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਡਾ. ਪਟੈਰੀਆ ਨੇ ਕਿਹਾ ਕਿ ਪਲਾਸਟਿਕ ਦੀ ਵਧੇਰੇ ਮਾਤਰਾ ਵਿੱਚ ਵਰਤੋਂ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਰਹੀ ਹੈ।

ਡਾ. ਜੇ.ਪੀ. ਸਿੰਘ, ਮੁਖੀ, ਮਿੱਟੀ ਅਤੇ ਪਾਣੀ ਇੰਜੀਨੀਅਰਿੰਗ ਨੇ ਆਏ ਮਹਿਮਾਨਾਂ ਨੂੰ ਪਲਾਸਟਿਕ ਨੂੰ ਵਰਤੋਂ ਨਾ ਕਰਨ ਦੀ ਸਹੁੰ ਚੁਕਾਈ।

ਡਾ. ਸੋਮਪਾਲ, ਪ੍ਰੋਫੈਸਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਸੂਰਾਂ ਵਿੱਚ ਅਫਰੀਕਨ ਸਵਾਈਨ ਫੀਵਰ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਪਸ਼ੂ ਪਾਲਕ: ਡਿਪਟੀ ਕਮਿਸ਼ਨਰ

**➢ ਅ.ਫਰੀਕਨ ਸਵਾਈਨ ਫੀਵਰ ਦੀ ਬਿਮਾਰੀ ਸੂਰਾਂ ਤੋਂ ਮਨੁੱਖਾਂ ਵਿੱਚ ਨਹੀਂ ਫੈਲਦੀ-ਡਾ. ਰਾਜੀਵ ਗਰੋਵਰ ➢ ਪਸ਼ੂ ਪਾਲਣ ਵਿਭਾਗ ਵੱਲੋਂ ਬਿਮਾਰੀ ਨੂੰ ਕੰਟਰੋਲ ਅਤੇ ਸੀਮਤ ਕਰਨ ਲਈ ਮੁਹਿੰਮ ਸ਼ੁਰੂ**

**ਪਟਿਆਲਾ, 5 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੇ ਪਿੰਡ ਰਵਾਸ ਬ੍ਰਾਹਮਣਾਂ ਦੇ ਇੱਕ ਪਿੱਗ ਫਾਰਮ ਵਿੱਚ ਸੂਰਾਂ ਨੂੰ ਅਫ਼ਰੀਕਨ ਸਵਾਈਨ ਫੀਵਰ ਦੀ ਬਿਮਾਰੀ ਦੀ ਪੁਸ਼ਟੀ ਹੋਣ ਦੇ ਬਾਅਦ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਮੂਹ ਸੂਰ ਪਾਲਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੇ ਮਾਹਰਾਂ ਮੁਤਾਬਕ ਇਹ ਸੂਰਾਂ ਵਿੱਚ ਪਾਈ ਜਾਣ ਵਾਲੀ

ਵਿਸ਼ਾਣੂ ਨਾਲ ਹੋਣ ਵਾਲੀ ਇੱਕ ਛੂਤੀ ਬਿਮਾਰੀ ਹੈ, ਪਰੰਤੂ ਇਹ ਬਿਮਾਰੀ ਸੂਰਾਂ ਤੋਂ ਮਨੁੱਖਾਂ ਵਿੱਚ ਨਹੀਂ ਫੈਲਦੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਬਿਮਾਰੀ ਬਹੁਤ ਤੇਜੀ ਨਾਲ ਫੈਲਦੀ ਹੈ ਅਤੇ ਇਸ ਬਿਮਾਰੀ ਨਾਲ ਸੂਰਾਂ ਵਿੱਚ ਮੌਤ ਦੀ ਦਰ 100 ਫੀਸਦੀ ਹੈ, ਇਸ ਲਈ ਸਮੂਹ ਪਸ਼ੂ ਪਾਲਕ ਪਸ਼ੂ ਪਾਲਣ ਵਿਭਾਗ ਵੱਲੋਂ ਦੱਸੀਆਂ ਸਾਵਧਾਨੀਆਂ ਦੀ ਪਾਲਣਾ ਕਰਨੀ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਸਾਵਧਾਨੀਆਂ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਬੰਦੀਆਂ ਦੇ ਆਦੇਸ਼ ਵੀ ਜਾਰੀ ਕੀਤੇ ਗਏ ਹਨ ਅਤੇ ਪਿੰਡ ਰਵਾਸ ਬ੍ਰਹਮਣਾਂ ਵਿਚ ਆਏ ਕੇਸ ਦੇ ਮੱਦੇਨਜ਼ਰ, ਬਿਮਾਰੀ ਦੇ ਕੇਂਦਰ ਤੋਂ 0 ਤੋਂ 1 ਕਿਲੋਮੀਟਰ ਤੱਕ ਦੇ ਖੇਤਰ ਨੂੰ ਲਾਗ ਵਾਲਾ (ਇਨਫੈਕਟਿਡ ਜ਼ੋਨ) ਅਤੇ 1 ਤੋਂ 10 ਕਿਲੋਮੀਟਰ ਤੱਕ ਦੇ ਖੇਤਰ ਨੂੰ ਨਿਗਰਾਨੀ ਜ਼ੋਨ ਐਲਾਨ ਕੀਤਾ ਗਿਆ ਹੈ। ਇਸੇ ਦੌਰਾਨ ਪਸ਼ੂ ਪਾਲਣ ਵਿਭਾਗ ਪਟਿਆਲਾ ਦੇ ਡਿਪਟੀ ਡਾਇਰੈਕਟਰ ਡਾ. ਰਾਜੀਵ ਗਰੋਵਰ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਇੱਕ ਫਾਰਮ ਤੇ ਸੂਰਾਂ ਵਿੱਚ ਅਫਰੀਕਨ ਸਵਾਈਨ ਫੀਵਰ ਬਿਮਾਰੀ ਦੀ ਪੁਸ਼ਟੀ ਹੋਈ ਹੈ। ਇਹ ਬਿਮਾਰੀ ਬਿਮਾਰ ਪਸ਼ੂਆਂ ਤੋਂ ਤੰਦਰੁਸਤ ਪਸ਼ੂਆਂ ਤੱਕ ਆਵਾਜਾਈ, ਪਸ਼ੂਆਂ ਦੀ ਫੀਡ ਅਤੇ ਹੋਰ ਸਾਜੋ ਸਮਾਨ ਰਾਹੀਂ ਵੀ ਇੱਕ ਤੋਂ ਦੂਜੀ ਜਗ੍ਹਾ ਤੇ ਫੈਲਦੀ ਹੈ ਪਰੰਤੂ ਇਹ ਬਿਮਾਰੀ ਸੂਰਾਂ ਤੋਂ ਮਨੁੱਖਾਂ ਵਿੱਚ ਨਹੀਂ ਫੈਲਦੀ, ਇਸ ਲਈ ਆਮ ਲੋਕਾਂ ਨੂੰ ਇਸ ਤੋਂ ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਸੂਰਾਂ ਵਿੱਚ ਹੋਣ ਵਾਲਾ ਇੱਕ ਵਿਸ਼ਾਣੂ ਰੋਗ ਅਫਰੀਕਨ ਸਵਾਈਨ ਬੁਖਾਰ ਹੈ।

ਡਿਪਟੀ ਡਾਇਰੈਕਟਰ ਡਾ. ਰਾਜੀਵ ਗਰੋਵਰ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਇਸ ਬਿਮਾਰੀ ਨੂੰ ਕੰਟਰੋਲ ਅਤੇ ਸੀਮਤ ਕਰਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਸਤਰਕਤਾ ਤਹਿਤ ਸੂਰਾਂ ਵਿੱਚ ਇਸ ਬਿਮਾਰੀ ਦਾ ਪਤਾ ਲਗਾਉਣ ਲਈ ਸੈਂਪਲ ਲਏ ਜਾ ਰਹੇ ਹਨ। ਡਾ. ਗਰੋਵਰ ਨੇ ਸਮੂਹ ਸੂਰ ਪਾਲਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਆਪਣੇ ਫਾਰਮ ਤੇ ਪਸ਼ੂ ਪਾਲਣ ਵਿਭਾਗ ਦੁਆਰਾ ਜਾਰੀ ਕੀਤੀਆਂ ਬਾਇਓ ਸਕਿਉਰਟੀ ਸਬੰਧੀ ਦਿਸ਼ਾ ਨਿਰਦੇਸ਼ਾਂ ਨੂੰ ਸਖਤੀ ਨਾਲ ਲਾਗੂ ਕਰਨ ਅਤੇ ਆਪਣੇ ਫਾਰਮ ਤੇ ਮਨੁੱਖੀ ਅਤੇ ਸੂਰਾਂ ਜਾਂ ਸੂਰਾਂ ਦੇ ਮੀਟ ਪਦਾਰਥ ਆਦਿ ਦੀ ਅਨਲੋੜੀਂਦੀ ਆਵਾਜਾਈ ਤੋਂ ਗੁਰੇਜ ਕਰਨ।

# ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਅਮਰੀਕਾ 'ਚ ਵਿਧਾਇਕਾਂ ਦੀ ਗਲੋਬਲ ਕਾਨਫਰੰਸ 'ਚ ਲੈਣਗੇ ਹਿੱਸਾ

**ਲੁਧਿਆਣਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਅਮਰੀਕਾ ਵਿੱਚ ਗਲੋਬਲ ਲੈਜਿਸਲੇਟਿਵ ਕਾਨਫਰੰਸ ਵਿੱਚ ਹਿੱਸਾ ਲੈਣਗੇ ਜਿਸਦੇ ਤਹਿਤ ਉਹ ਬੀਤੇ ਕੱਲ੍ਹ ਵੀਰਵਾਰ ਨੂੰ ਅਮਰੀਕਾ ਲਈ ਰਵਾਨਾ ਹੋਏ।

ਵਿਧਾਇਕ ਛੀਨਾ ਵੱਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ 4-6 ਅਗਸਤ ਤੱਕ ਬੋਸਟਨ, ਅਮਰੀਕਾ ਵਿੱਚ ਨੈਸ਼ਨਲ ਕਾਨਫਰੰਸ ਆਫ਼ ਸਟੇਟ ਲੈਜਿਸਲੇਚਰਜ਼ (ਐਨ.ਸੀ.ਐਸ.ਐਲ.) ਵੱਲੋਂ ਆਯੋਜਿਤ ਕੀਤੀ ਜਾ ਰਹੀ ਕਾਨਫਰੰਸ ਵਿੱਚ ਸ਼ਾਮਲ ਹੋਣਗੇ, ਜੋ ਕਿ ਵਿਸ਼ਵ ਪੱਧਰ 'ਤੇ ਵਿਧਾਇਕਾਂ ਵਿਚਕਾਰ ਸਹਿਯੋਗ ਵਧਾਉਣ ਲਈ ਇੱਕ ਵਿਸ਼ੇਸ਼ ਪਹਿਲਕਦਮੀ ਦੇ ਹਿੱਸੇ ਵਜੋਂ ਹੈ। ਭਾਰਤੀ ਵਿਧਾਇਕਾਂ ਦਾ ਇਹ ਅਧਿਐਨ ਦੌਰਾ ਨੈਸ਼ਨਲ ਲੈਜਿਸਲੇਚਰ ਕਾਨਫਰੰਸ ਇੰਡੀਆ (ਐਨ.ਐਲ.ਸੀ.ਇੰਡੀਆ) ਦੇ ਸਮਰਥਨ ਨਾਲ ਸੰਭਵ ਹੋ ਰਿਹਾ ਹੈ। ਐਨਐਲਸੀ ਇੰਡੀਆ ਇੱਕ ਗੈਰ-ਰਾਜਨੀਤਿਕ ਮੰਚ ਹੈ ਜੋ ਭਾਰਤੀ ਵਿਧਾਇਕਾਂ ਦੀ ਸਮਰੱਥਾ ਨੂੰ ਵਧਾਉਣ ਅਤੇ ਰਾਸ਼ਟਰੀ-ਅੰਤਰਰਾਸ਼ਟਰੀ ਲੋਕਤੰਤਰ ਸੰਵਾਦ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਦਾ ਹੈ।

ਇਹ 24 ਰਾਜਾਂ ਅਤੇ 21 ਰਾਜਨੀਤਿਕ ਪਾਰਟੀਆਂ ਦੇ 130 ਤੋਂ ਵੱਧ ਵਿਧਾਇਕਾਂ (ਐਮ.ਐਮ.ਏ. ਅਤੇ ਐਮ.ਐਲ.ਸੀਜ) ਦਾ ਇੱਕ ਸਮੂਹ ਹੈ, ਜੋ ਕਿ ਕਿਸੇ ਵੀ ਅੰਤਰਰਾਸ਼ਟਰੀ ਲੋਕਤੰਤਰੀ ਮੰਚ ਵਿੱਚ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਭਾਗੀਦਾਰੀ ਨੂੰ ਦਰਸਾਉਂਦਾ ਹੈ।

ਇਹ ਪਹਿਲ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਦੇਸ਼ਾਂ ਵਿਚਕਾਰ ਸੰਵਾਦ, ਸਹਿਯੋਗ ਅਤੇ ਗਿਆਨ ਸਾਂਝਾ ਕਰਨ ਦੀ ਭਾਵਨਾ ਨੂੰ ਦਰਸਾਉਂਦੀ ਹੈ। ਕਾਨਫਰੰਸ ਵਿੱਚ, ਇਹ ਸਮੂਹ ਦੁਨੀਆ ਭਰ ਦੇ 6,000 ਤੋਂ ਵੱਧ ਵਿਧਾਇਕਾਂ ਨਾਲ ਗੱਲਬਾਤ ਕਰੇਗਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ, ਡਿਜੀਟਲ ਲੋਕਤੰਤਰ, ਸਾਈਬਰ ਸੁਰੱਖਿਆ, ਵੋਟਰ ਵਿਸ਼ਵਾਸ ਅਤੇ ਨੀਤੀਗਤ ਨਵੀਨਤਾ ਵਰਗੇ ਅਤਿ-ਆਧੁਨਿਕ ਵਿਸ਼ਿਆਂ 'ਤੇ ਚਰਚਾਵਾਂ ਵਿੱਚ ਹਿੱਸਾ ਲਵੇਗਾ।

ਵਿਧਾਇਕ ਛੀਨਾ ਨੇ ਦੱਸਿਆ ਕਿ ਕਾਨਫਰੰਸ ਵਿੱਚ, ਇਹ ਸਮੂਹ ਦੁਨੀਆ ਭਰ ਦੇ 6,000 ਤੋਂ ਵੱਧ ਵਿਧਾਇਕਾਂ ਨਾਲ ਗੱਲਬਾਤ ਕਰੇਗਾ ਅਤੇ ਖੁਫੀਆ ਜਾਣਕਾਰੀ, ਡਿਜੀਟਲ ਲੋਕਤੰਤਰ, ਸਾਈਬਰ ਸੁਰੱਖਿਆ, ਵੋਟਰ ਵਿਸ਼ਵਾਸ ਅਤੇ ਨੀਤੀਗਤ ਨਵੀਨਤਾ ਵਰਗੇ ਨਕਲੀ ਅਤਿ-ਆਧੁਨਿਕ ਮੁੱਦਿਆਂ 'ਤੇ ਚਰਚਾ ਕਰੇਗਾ।

ਵਿਧਾਇਕ ਛੀਨਾ ਨੇ ਕਿਹਾ ਕਿ ਇਹ ਨਾ ਸਿਰਫ਼ ਅੰਤਰਰਾਸ਼ਟਰੀ ਤਜਰਬਾ ਹਾਸਲ ਕਰਨ ਦਾ ਮੌਕਾ ਹੈ, ਸਗੋਂ ਵਿਸ਼ਵ ਸ਼ਾਸਨ ਦੇ ਚੰਗੇ ਅਭਿਆਸਾਂ ਤੋਂ ਸਿੱਖਣ ਅਤੇ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਵਿੱਚ ਲਿਆਉਣ ਦਾ ਵੀ ਮੌਕਾ ਹੈ। ਇਹ ਭਾਗੀਦਾਰੀ ਭਾਰਤ ਦੀ ਲੋਕਤੰਤਰੀ ਲੀਡਰਸ਼ਿਪ ਦੀ ਵਿਸ਼ਵ ਪੱਧਰ 'ਤੇ ਮਜ਼ਬੂਤ ਮੌਜੂਦਗੀ ਅਤੇ ਨਿਰੰਤਰ ਵਿਕਾਸ ਦੀ ਇੱਛਾ ਨੂੰ ਦਰਸਾਉਂਦੀ ਹੈ।

ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਇਸ ਪਹਿਲਕਦਮੀ ਲਈ ਐਨ.ਐਲ.ਸੀ. ਇੰਡੀਆ ਅਤੇ ਇਸਦੇ ਸੰਸਥਾਪਕ ਡਾ. ਰਾਹੁਲ ਵੀ. ਕਰਾਡ ਦਾ ਵੀ ਧੰਨਵਾਦ ਕੀਤਾ।

# ਅਮਰਗੜ੍ਹ ਦੇ ਵਿਧਾਇਕ ਗੱਜਣਮਾਜਾਰਾ ਨੇ ਹਲਕਾ ਦੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

**ਸਮੱਸਿਆ ਦੇ ਤੁਰੰਤ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼**

**ਮਲੇਰਕੋਟਲਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰਗੜ੍ਹ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨੇ ਹਲਕਾ ਨਿਵਾਸੀਆਂ ਦੀ ਭਲਾਈ ਲਈ ਇੱਕ ਵਧੀਆ ਪਹਿਲਕਦਮੀ ਕਰਦਿਆਂ, ਆਪਣੇ ਨਿਵਾਸ ਸਥਾਨ 'ਤੇ ਲੋਕਾਂ ਦੀਆਂ ਰੋਜਾਨਾਂ ਸਮੱਸਿਆਵਾਂ ਸੁਣਨ ਲਈ ਵਿਸੇ ?ਸ ਉਪਰਾਲਾ ਕੀਤਾ ਹੈ ਤਾਂ ਜੋ ਵਿਧਾਨ ਸਭਾ ਹਲਕੇ ਦੇ ਲੋਕਾਂ, ਪਿੰਡਾਂ ਅਤੇ ਵਾਰਡਾਂ ਦੀਆਂ ਸਾਂਝੀਆਂ ਅਤੇ ਵਿਅਕਤੀਗਤ(ਨਿੱਜੀ) ਸਮੱਸਿਆਵਾਂ ਤੋਂ ਅਵਗਤ ਹੋ ਸਕਣ।

ਲੋਕਾਂ ਦੀ ਸਮੱਸਿਆਵਾਂ ਸੁਣਦਿਆਂ ਪ੍ਰੋਫੈਸਰ ਗੱਜਣਮਾਜਰਾ ਨੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਉਹਨਾਂ ਦੀਆਂ ਹਰੇਕ ਜਾਇਜ਼ ਸਮੱਸਿਆ ਦਾ ਤੁਰੰਤ ਅਤੇ ਢੁੱਕਵਾਂ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਪਿੰਡ ਅਤੇ ਵਾਰਡ ਦੇ ਸਮੁੱਚੇ ਵਿਕਾਸ ਲਈ ਪੂਰੀ ਤਰ੍ਹਾਂ ਤਤਪਰ ਹੈ ਅਤੇ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਹਨਾਂ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਹਲਕੇ ਦੇ ਕਿਸੇ ਵੀ ਹਿੱਸੇ ਨੂੰ ਵਿਕਾਸ ਤੋਂ ਪਿੱਛੇ ਨਹੀਂ ਰਹਿਣ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਵਧੀਆ ਸ਼ਾਸਨ (ਗੁੱਡ ਗਵਰਨੈਂਸ) ਦੀ ਪਰਿਭਾਸ਼ਾ ਤਦ ਹੀ ਸਫਲ ਹੁੰਦੀ ਹੈ ਜਦੋਂ ਆਮ ਜਨਤਾ ਨੂੰ ਸਰਕਾਰ ਦੀ ਹਾਜ਼ਰੀ ਅਤੇ ਜਵਾਬਦੇਹੀ ਦਾ ਅਹਿਸਾਸ ਹੋਵੇ। ਉਨ੍ਹਾਂ ਦੱਸਿਆ ਕਿ ਉਹ ਹਰ ਰੋਜ਼ ਸਵੇਰੇ 10 ਵਜੇ ਤੱਕ ਆਪਣੇ ਨਿਵਾਸ ਸਥਾਨ 'ਤੇ ਆਮ ਲੋਕਾਂ ਨਾਲ ਮਿਲਦੇ ਹਨ, ਤਾਂ ਜੋ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਫੌਰੀ ਰਾਹਤ ਦਿੱਤੀ ਜਾ ਸਕੇ।

ਪ੍ਰੋਫੈਸਰ ਗੱਜਣਮਾਜਰਾ ਨੇ ਲੋਕਾਂ ਨੂੰ ਉਤਸ਼ਾਹਤ ਕੀਤਾ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦੀ ਦਿੱਕਤ ਜਾਂ ਸਹੂਲਤ ਦੀ ਘਾਟ ਮਹਿਸੂਸ ਕਰਦੇ ਹਨ ਤਾਂ ਬੇਝਿਜਕ ਹੋ ਕੇ ਉਹਨਾਂ ਤੱਕ ਆਪਣੀ ਗੱਲ ਪਹੁੰਚਾਉਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਲਈ ਹਰੇਕ ਨਾਗਰਿਕ ਮਹੱਤਵਪੂਰਨ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਹਲਕੇ ਨੂੰ ਪੰਜਾਬ ਦਾ ਮਾਡਲ ਹਲਕਾ ਬਣਾਉਣ ਵੱਲ ਵਧ ਰਹੇ ਹਨ।

ਉਹਨਾਂ ਹਲਕਾ ਨਿਵਾਸੀਆਂ ਦੀਆਂ ਸੀਵਰੇਜ ਸਿਸਟਮ, ਸਾਫ ਸਫਾਈ, ਪੱਕੀਆਂ ਸੜਕਾਂ,ਨਹਿਰੀ ਪਾਣੀ, ਰਾਸ਼ਨ ,ਪੈਨਸ਼ਨ, ਬਿਜਲੀ, ਅਧਾਰ ਕਾਰਡ ਆਦਿ ਸਬੰਧੀ ਸਮੱਸਿਆਵਾਂ ਸੁਣੀਆਂ ਤੇ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ ਹਰ ਵਾਰਡ ,ਸ਼ਹਿਰ ਅਤੇ ਪਿੰਡ ਦੇ ਵਿਕਾਸ ਲਈ ਉਹ ਦਿਨ ਰਾਤ ਇੱਕ ਕਰ ਰਹੇ ਹਨ ਤਾਂ ਜੋ ਉਨਾਂ ਦਾ ਹਲਕਾ ਵਿਕਾਸ ਪੱਖੋ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਲੋਕ ਭਲਾਈ ਨਾਲ ਸਬੰਧਤ ਕੰਮਾਂ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਸਰਕਾਰ ਦੀ ਨੀਤੀ ਸਪੱਸ਼ਟ ਹੈ ਮੌਜੂਦਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਲੋਕਾਂ ਦੀ ਭਲਾਈ ਹੈ।

# ਮਾਸਪੇਸ਼ੀਆਂ ਦੇ ਕੜਵੱਲਮਰੋੜ

ਮਨਪ੍ਰੀਤ ਕੌਰ



ਰੇਸ਼ੇਦਾਰ ਟਿਸ਼ੂਆਂ ਦਾ ਬੰਡਲ ਜੋ ਸੁੰਗੜ ਸਕਦਾ ਹੈ ਤੇ ਸਰੀਰਕ ਅੰਗਾਂ ਨੂੰ ਤੁਰਨ-ਫਿਰਨ 'ਚ ਮਦਦ ਕਰਦਾ ਹੈ, ਉਸ ਨੂੰ ਮਾਸਪੇਸ਼ੀਆਂ ਕਹਿੰਦੇ ਹਨ। ਮਨੁੱਖੀ ਸਰੀਰ 'ਚ ਕੁਲ 639 ਮਾਸਪੇਸ਼ੀਆਂ ਹਨ। ਮਾਸਪੇਸ਼ੀਆਂ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ।

**ਮਾਸਪੇਸ਼ੀਆਂ ਦੇ ਕੜਵੱਲ-** ਮਾਸਪੇਸ਼ੀਆਂ 'ਚ ਅਚਾਨਕ ਆਇਆ ਤੇਜ਼ ਦੁਖਦਈ ਸੁੰਗੜਅ ਕੜਵੱਲਮਰੋੜ ਕੱਢ ਅਖਵਾਉਂਦਾ ਹੈ। ਇਹ ਕਿਰਿਆ ਕੁਝ ਮਿੰਟਾਂ ਤੋਂ ਕੁਝ ਸੈਕਿੰਡਾਂ ਤਕ ਹੋ ਸਕਦੀ ਹੈ। ਇਸ ਨੂੰ ਚਰਲੈ ਹੋਰਸ ਵੀ ਕਹਿੰਦੇ ਹਨ। ਮਾਸਪੇਸ਼ੀਆਂ ਦਾ ਸੁੰਗੜਣਾ ਅਣਇੱਛਤ ਕਿਰਿਆ ਹੈ ਜੋ ਜਲਦੀ ਪਹਿਲੀ ਹਾਲਤ 'ਚ ਨਹੀਂ ਆਉਂਦੀ।

### ਕਾਰਨ

- ਕਸਰਤ ਨਾ ਕਰਨਾ।
- ਪਾਣੀ ਦੀ ਘਾਟ।
- ਲੰਬੇ ਸਮੇਂ ਤਕ ਇਕੋਂ ਅਵਸਥਾ 'ਚ ਬੈਠਣਾ।
- ਖ਼ੂਨ ਦੇ ਵਹਾਓ ਦਾ ਘਟਣਾ।
- ਖ਼ੂਨ 'ਚ ਕੈਲਸ਼ੀਅਮ ਤੇ ਪੋਟਾਸ਼ੀਅਮ ਤੱਤਾਂ ਦੀ ਘਾਟ।
- ਖ਼ੂਨ 'ਚ ਘੱਟ ਕੈਲਸ਼ੀਅਮ ਤੇ ਮੈਗਨੀਸ਼ੀਅਮ ਕਾਰਨ ਮਾਸਪੇਸੀਆਂ ਦਾ ਸੁੰਗੜਾਅ।
- ਵਿਟਾਮਿਨ ਥਾਈਅਮਿਨ(ਬੀ1), ਪੈਂਟੋਥੇਨਿਕ ਐਸਿਡ (ਬੀ5) ਪੀਰੀਡਾਕਸਿਨ (ਬੀ6) ਦੀ ਘਾਟ।
- ਚਪਟੇ ਪੈਰ।
- ਲੀਵਰ, ਸ਼ੂਗਰ, ਨਿਊਰੋਮਾਸਪੇਸ਼ੀਆਂ, ਪਾਰਕਿੰਸਨਾਸ ਬਿਮਾਰੀ।
- ਅਲਕੋਹਲ, ਕੈਫੀਨ ਦਾ ਵੱਧ ਸੇਵਨ ਕਰਨਾ।

### ਬਚਾਅ

- ਸੁੰਗੜੀਆਂ ਮਾਸਪੇਸ਼ੀਆਂ ਦਾ ਖਿਚਾਅ ਤੇ ਮਾਲਿਸ਼ ਕਰੋ।
- ਡੀਹਾਈਡ੍ਰੇਸ਼ਨ 8-10 ਗਲਾਸ ਰੋਜ਼ਾਨਾ ਪਾਣੀ ਪੀਓ।
- ਕੜਵੱਲ ਨੂੰ ਖ਼ਤਮ ਕਰਨ ਲਈ ਆਈਸ ਪੈਕ ਰੱਖਣਾ ਜਾਂ ਠੰਢੇ ਪਾਣੀ ਨਾਲ ਨਹਾਉਣਾ।
- ਕੈਲਸ਼ੀਅਮ ਸ੍ਰੋਤ- ਹਰੀਆਂ ਸਬਜ਼ੀਆਂ, ਦਹੀਂ, ਕੇਲਾ, ਮੱਛੀ, ਪਨੀਰ, ਦੁੱਧ, ਫਲ਼ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।
- ਪੋਟਾਸ਼ੀਅਮ ਸ੍ਰੋਤ- ਕੇਲਾ, ਸੰਤਰਾ, ਅੰਬ, ਕੀਵੀ, ਖਜੂਰ, ਅਨਾਜ, ਪਨੀਰ, ਮੀਟ, ਮੱਛੀ, ਆਂਡੇ ਦਾ ਸੇਵਨ ਲਾਭਕਾਰੀ।
- ਵਿਟਾਮਿਨ ਡੀ ਦੀ ਘਾਟ ਨੂੰ ਪੂਰਾ ਕਰਨ ਲਈ ਸਵੇਰੇ 10-15 ਮਿੰਟ ਸੂਰਜ ਦੀ ਰੋਸਨੀ 'ਚ ਬੈਠੋ।



# ਸਿਹਤਮੰਦ ਜੀਵਨਸ਼ੈਲੀ ਨਾਲ ਮਾਣੋ ਬਰਸਾਤ ਰੁੱਤ ਦਾ ਆਨੰਦ

**ਬਰਸਾਤੀ ਮੌਸਮ 'ਚ ਮੱਖੀਆਂ, ਮੱਛਰ ਆਦਿ ਨਾਲ ਕਈ ਤਰ੍ਹਾਂ ਦੀ ਇਨਫੈਕਸ਼ਨ ਹੋ ਜਾਂਦੀ ਹੈ ਇਸ ਕਰਕੇ ਆਪਣੇ-ਆਪ ਦਾ ਤੇ ਆਪਣੇ ਆਲੇ-ਦੁਆਲੇ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ...**



ਡਾ. ਸ਼ਿਖਾ ਬਥਲਾ
94631-40908

ਗਰਮੀ ਦੇ ਮੌਸਮ 'ਚ ਬਰਸਾਤ ਜਿੱਥੇ ਗਰਮੀ ਤੋਂ ਰਾਹਤ ਦਵਾਉਂਦੀ ਹੈ ਉੱਥੇ ਸੁਆਣੀਆਂ ਲਈ ਸਿਹਤ ਸਬੰਧੀ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਲੈ ਕੇ ਆਉਂਦੀ ਹੈ। ਬਰਸਾਤ ਦੇ ਮੌਸਮ 'ਚ ਕੁਝ ਅਹਿਮ ਨੁਕਤਿਆਂ ਨੂੰ ਅਪਣਾ ਕੇ ਇਨ੍ਹਾਂ ਸਮੱਸਿਆਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ।

### ਬਰਸਾਤ 'ਚ ਭੋਜਨ

ਬਰਸਾਤ ਰੁੱਤ ਵਿਚ ਪਾਚਨ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ ਅਤੇ ਸਰੀਰਕ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਲਈ ਅਸੀਂ ਜਲਦੀ ਹੀ ਜ਼ੁਕਾਮ, ਖਾਂਸੀ, ਬੁਖ਼ਾਰ, ਚਮੜੀ ਅਤੇ ਪੇਟ ਸਬੰਧੀ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਸਮੱਸਿਆਵਾਂ ਤੋਂ ਬਚਾਅ ਲਈ ਜ਼ਰੂਰੀ ਹੈ ਕਿ ਭੋਜਨ ਬਣਾਉਣ ਅਤੇ ਖਾਣ ਤੋਂ ਪਹਿਲਾਂ ਤੇ ਬਾਅਦ ਵਿਚ ਸਾਬਣ ਨਾਲ ਚੰਗੀ ਤਰ੍ਹਾਂ ਹੱਥ ਧੋ ਲਵੋ। ਇਸ ਮੌਸਮ 'ਚ ਬਾਹਰਲੇ ਖਾਣੇ ਤੋਂ ਪਰਹੇਜ਼ਗਾਰ ਰਹੋ ਅਤੇ ਘਰ ਦਾ ਬਣਿਆ ਤਾਜ਼ਾ ਤੇ ਪੌਸ਼ਟਿਕ ਭੋਜਨ ਹੀ ਖਾਓ। ਭੋਜਨ ਵਿਚ ਨਿੰਬੂ ਦੀ ਜ਼ਿਆਦਾ ਵਰਤੋਂ ਕਰੋ ਅਤੇ ਮੌਸਮੀ ਫਲ਼ ਸੇਬ, ਅਨਾਰ, ਅੰਬ ਨਾਖਾਂ ਆਦਿ ਨੂੰ ਵੀ ਆਪਣੇ ਭੋਜਨ 'ਚ ਸ਼ਾਮਿਲ ਕਰੋ। ਸੂਪ, ਦਾਲ ਅਤੇ ਸਬਜ਼ੀ ਵਿਚ ਲਸਣ ਅਤੇ ਦਹੀਂ ਦੀ ਜ਼ਰੂਰ ਵਰਤੋਂ ਕਰੋ। ਇਹ ਸਾਡੇ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਂਦੇ ਹਨ। ਕੌੜੀ ਤਾਸੀਰ ਵਾਲੀਆਂ ਸਬਜ਼ੀਆਂ ਕਰੇਲਾ, ਮੇਥੀ ਦਾਣਾ, ਨਿੰਮ ਅਤੇ ਹਲਦੀ ਦਾ ਸੇਵਨ ਵਧਾ ਦਿੱਤਾ ਜਾਵੇ। ਇਸ ਤੋਂ ਇਲਾਵਾ ਪਾਣੀ ਉਬਾਲ ਕੇ ਪੀਤਾ ਜਾਵੇ।

### ਬੱਚਿਆਂ ਦੀ ਸਾਂਭ-ਸੰਭਾਲ

ਬੱਚਿਆਂ ਨੂੰ ਪਾਣੀ ਵਿਚ ਖੇਡਣਾ ਚੰਗਾ ਲਗਦਾ ਹੈ ਪਰ ਇਹੀ ਪਾਣੀ ਜੇ ਗੰਦਾ ਹੋਵੇ ਤਾਂ ਬਹੁਤ ਸਾਰੀਆਂ ਬਿਮਾਰੀਆਂ ਦਾ ਵੀ ਕਾਰਨ ਬਣਦਾ ਹੈ। ਇਸ ਲਈ ਸਾਫ਼ ਥਾਂ 'ਤੇ ਮੀਂਹ ਵਿਚ ਬੱਚਿਆਂ ਨੂੰ ਜ਼ਰੂਰ ਖੇਡਣ ਦਿਓ ਪਰ ਬਰਸਾਤ ਦੇ ਖੜ੍ਹੇ ਅਤੇ ਗੰਦੇ ਪਾਣੀ 'ਚ ਨਾ ਜਾਣ ਦਿਓ। ਮੀਂਹ ਦਾ ਪਾਣੀ ਬੱਚਿਆਂ ਨੂੰ ਗਰਮੀ ਅਤੇ ਪਿੱਤ ਤੋਂ ਰਾਹਤ ਦਿੰਦਾ ਹੈ ਪਰ ਮੀਂਹ ਵਿਚ ਨਹਾਉਣ ਤੋਂ ਬਾਅਦ ਬੱਚੇ ਗਿੱਲੇ ਕੱਪੜੇ ਜ਼ਿਆਦਾ ਦੇਰ ਨਾ ਪਾਉਣ ਦਿਉ। ਇਹ ਚਮੜੀ ਦੇ ਫੰਗਲ ਇਨਫੈਕਸ਼ਨ (ਉੱਲੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ) ਦਾ ਕਾਰਨ ਬਣ ਸਕਦਾ ਹੈ, ਚਮੜੀ 'ਤੇ ਲਾਲੀ ਆ ਸਕਦੀ ਹੈ ਅਤੇ ਖਾਰਿਸ਼ ਹੁੰਦੀ ਹੈ। ਮੀਂਹ ਪੈਣ ਮਗਰੋਂ ਨੀਵੀਆਂ ਥਾਵਾਂ ਜਾਂ ਟੋਭਿਆਂ 'ਚ ਖੜ੍ਹੇ ਪਾਣੀ ਵਿਚ ਬੱਚਿਆਂ ਨੂੰ ਨਹਾਉਣ ਜਾਂ ਖੇਡਣ ਤੋਂ ਮਨ੍ਹਾਂ ਕਰੋ ਕਿਉਂਕਿ ਗੰਦੇ ਪਾਣੀ 'ਚ ਖੇਡਣ ਜਾਂ ਨਹਾਉਣ ਨਾਲ ਬੱਚਿਆਂ ਨੂੰ ਚਮੜੀ ਦੇ ਰੋਗ ਹੋ ਸਕਦੇ ਹਨ, ਪੈਰਾਂ ਦੀਆਂ ਉਂਗਲਾਂ 'ਚ ਕਰੋਈਆਂ (ਇਕ ਕਿਸਮ ਦਾ ਫੰਗਲ ਇਨਫੈਕਸ਼ਨ) ਹੋ ਸਕਦਾ ਹੈ। ਬਰਸਾਤ ਵਿਚ ਮੱਛਰ ਅਤੇ ਹੋਰ ਕਈ ਤਰ੍ਹਾਂ ਦੇ ਕੀੜੇ-ਮਕੌੜੇ ਰਾਤ ਵੇਲੇ ਨਿਕਲ ਆਉਂਦੇ ਹਨ। ਇਸ ਲਈ ਰਾਤ ਨੂੰ ਸੌਣ ਸਮੇਂ ਮੱਛਰਦਾਨੀ, ਅਗਰਬੱਤੀ, ਮਾਸਕੀਟੋ ਰਿਪੈਲੈਂਟ ਕਰੀਮ ਆਦਿ ਦੀ ਵਰਤੋਂ ਕਰੋ। ਬੱਚਿਆਂ ਨੂੰ ਪੂਰੀਆਂ ਬਾਹਵਾਂ ਵਾਲਾ ਕੁੜਤਾ ਅਤੇ ਪਾਜਾਮਾ ਪਹਿਨਾਓ। ਸਕੂਲ ਜਾਣ ਸਮੇਂ ਰਸਤੇ 'ਚ ਬਾਰਿਸ਼ ਆ ਜਾਣ 'ਤੇ ਬੱਚਿਆਂ ਦੀਆਂ ਕਿਤਾਬਾਂ-ਕਾਪੀਆਂ ਗਿੱਲੀਆਂ ਹੋ ਕੇ ਖ਼ਰਾਬ ਹੋ ਜਾਂਦੀਆਂ ਹਨ। ਇਸ ਲਈ ਇਨ੍ਹੀਂ ਦਿਨ੍ਹੀਂ ਬੱਚਿਆਂ ਦੇ ਬਸਤੇ ਵਿਚ ਇਕ ਵੱਡਾ ਪਲਾਸਟਿਕ ਦਾ ਲਿਫ਼ਾਫ਼ਾ ਜ਼ਰੂਰ ਰੱਖੋ ਤਾਂ ਜੋ ਮੀਂਹ ਪੈਣ 'ਤੇ ਬੱਚੇ ਕਿਤਾਬਾਂ ਨੂੰ ਬਚਾ ਸਕੇ। ਇਸ ਤੋਂ ਇਲਾਵਾ ਬੱਚਿਆਂ ਦੇ ਬਸਤੇ ਵਿਚ ਇਕ ਬਰਸਾਤੀ ਵੀ ਜ਼ਰੂਰ ਰੱਖੋ ਤਾਂ ਜੋ ਉਹ ਮੀਂਹ 'ਚ ਭਿੱਜਣ ਤੋ ਬਚ ਸਕਣ। ਬੱਚਿਆਂ ਨੂੰ ਬਾਹਰੋਂ ਫੇਰੀ ਵਾਲੇ ਤੋਂ ਲੈ ਕੇ ਚੀਜ਼ਾਂ ਨਾ ਖਾਣ ਦਿਉ ਕਿਉਂਕਿ ਇਸ ਮੌਸਮ ਵਿਚ ਚੀਜ਼ਾਂ ਜਲਦੀ ਖ਼ਰਾਬ ਹੋ ਜਾਂਦੀਆਂ ਹਨ ਅਤੇ ਪੇਟ ਸਬੰਧੀ ਤਕਲੀਫ਼ਾਂ ਦਾ ਕਾਰਨ ਬਣਦੀਆਂ ਹਨ। ਬੱਚੇ ਉਲਟੀਆਂ ਅਤੇ ਪੇਟ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ।

### ਕੱਪੜਿਆਂ ਦੀ ਦੇਖਭਾਲ

ਬਰਸਾਤ ਵਾਲੇ ਦਿਨਾਂ ਵਿਚ ਫਿੱਕੇ ਰੰਗ ਦੇ ਜਾਂ ਚਿੱਟੇ ਕੱਪੜੇ ਨਾ ਪਾਓ। ਇਸ ਮੌਸਮ ਵਿਚ ਸੂਤੀ ਕੱਪੜੇ, ਲਿਨਿਨ, ਗਲੈਸ ਕਾਟਨ ਆਦਿ ਮੈਟੀਰਅਲ ਤੋਂ ਬਣੇ ਕੱਪੜੇ ਪਾਓ ਤਾਂ ਜੋ ਪਸੀਨਾ ਆਉਣ 'ਤੇ ਇਹ ਉਸ ਨੂੰ ਸੋਖ ਲੈਣ। ਕੱਪੜਿਆਂ ਨੂੰ ਰੋਜ਼ ਧੋਵੋ। ਬਰਸਾਤ ਦੇ ਮੌਸਮ ਵਿਚ ਕੱਪੜੇ ਜਲਦੀ ਨਹੀਂ ਸੁੱਕਦੇ। ਭਾਰੀ ਕੱਪੜੇ, ਜਿਵੇਂ ਤੌਲੀਆ, ਚਾਦਰਾਂ ਆਦਿ ਵਿੱਚੋਂ ਨਮੀ ਕਾਰਨ ਮੁਸ਼ਕ ਆਉਣ ਲੱਗ ਪੈਂਦੀ ਹੈ। ਇਸ ਲਈ ਇਨ੍ਹਾਂ ਨੂੰ ਹਵਾਦਾਰ ਥਾਂ 'ਤੇ ਚੰਗੀ ਤਰ੍ਹਾਂ ਸੁਕਾਓ। ਬਦਬੂ ਮਾਰਨ ਵਾਲੇ ਨਮੀ-ਯੁਕਤ ਕੱਪੜੇ ਚਮੜੀ ਅਤੇ ਸਾਹ ਦੇ ਰੋਗਾਂ ਦਾ ਕਾਰਨ ਬਣ ਸਕਦੇ ਹਨ। ਸੁਕਾਉਣ ਤੋਂ ਬਾਅਦ ਕੱਪੜਿਆਂ ਨੂੰ ਤਹਿ ਮਾਰ ਕੇ ਇਕ ਢੇਰ ਦੇ ਰੂਪ ਵਿਚ ਰੱਖਣ ਦੀ ਥਾਂ ਹੈਗਰਾਂ ਵਿਚ ਪਾ ਕੇ ਅਲਮਾਰੀ ਵਿਚ ਲਟਕਾਓ ਤਾਂ ਕਿ ਉਨ੍ਹਾਂ ਨੂੰ ਸਾਫ਼ ਹਵਾ ਲਗਦੀ ਰਹੇ। ਅਲਮਾਰੀ ਵਿਚ ਕੁਝ ਅਖ਼ਬਾਰਾਂ ਜ਼ਰੂਰ ਵਿਛਾ ਲਉ ਤਾਂ ਜੋ ਕੱਪੜਿਆਂ ਨੂੰ ਸਿੱਲ੍ਹ ਨਾ ਲੱਗੇ। ਇਸ ਤੋਂ ਇਲਾਵਾ ਅਲਮਾਰੀ ਵਿਚ ਫਿਨਾਈਲ ਦੀਆਂ ਗੋਲ਼ੀਆਂ ਜਾਂ ਮੁਸ਼ਕ ਕਾਫ਼ੂਰ ਜਾਂ ਨਿੰਮ ਦੇ ਸੁੱਕੇ ਪੱਤੇ ਵੀ ਰੱਖੇ ਜਾ ਸਕਦੇ ਹਨ।

### ਜੁੱਤੀਆਂ ਦਾ ਰੱਖੋ ਖ਼ਾਸ ਖ਼ਿਆਲ

ਬਰਸਾਤ ਦੇ ਦਿਨਾਂ ਵਿਚ ਆਪਣੀਆਂ ਜੁੱਤੀਆਂ ਦਾ ਵੀ ਖ਼ਾਸ ਖ਼ਿਆਲ ਰੱਖੋ। ਜਿਹੜੀ ਜੁੱਤੀ ਦੇ ਤਲ਼ੇ ਬਹੁਤ ਘਸੇ ਹੋਏ ਹੋਣ, ਉਸ ਨੂੰ ਬਰਸਾਤ ਵਾਲੇ ਦਿਨ ਪਾ ਕੇ ਬਾਹਰ ਨਾ ਜਾਓ। ਇਸ ਨਾਲ ਜਿੱਥੇ ਤਿਲਕਣ ਦਾ ਡਰ ਰਹਿੰਦਾ ਹੈ ਉੱਥੇ ਪਾਣੀ ਜੁੱਤੀ ਅੰਦਰ ਜਾ ਕੇ ਪੈਰਾਂ ਨੂੰ ਲੰਬੇ ਸਮੇਂ ਤਕ ਗਿੱਲਾ ਰੱਖਣ ਕਰ ਕੇ ਇਨਫੈਕਸ਼ਨ ਦਾ ਕਾਰਨ ਬਣ ਸਕਦਾ ਹੈ। ਸ਼ੂਗਰ ਦੇ ਮਰੀਜ਼ਾਂ ਨੂੰ ਇਸ ਮੌਸਮ ਵਿਚ ਬੰਦ ਜੁੱਤੀ ਹੀ ਪਾ ਕੇ ਰੱਖਣੀ ਚਾਹੀਦੀ ਹੈ ਪਰ ਧਿਆਨ ਰਹੇ ਕਿ ਜੁੱਤੀ ਜ਼ਿਆਦਾ ਤੰਗ ਨਾ ਹੋਵੇ। ਘਰ ਦੇ ਅੰਦਰੂਨੀ ਹਿੱਸੇ ਨੂੰ ਨਮੀ ਤੋਂ ਮੁਕਤ ਰੱਖਣ ਲਈ ਘਰ ਦੇ ਮੁੱਖ ਦਰਵਾਜ਼ੇ ਅਤੇ ਅੰਦਰਲੇ ਕਮਰਿਆਂ ਦੇ ਸਾਹਮਣੇ ਪਾਏਦਾਨ ਜ਼ਰੂਰ ਰੱਖੋ ਅਤੇ ਘਰ ਜਾਂ ਕਮਰੇ ਦੇ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ ਪੈਰ ਚੰਗੀ ਤਰ੍ਹਾਂ ਸਾਫ਼ ਕਰ ਲਵੋ। ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਅਸੀ ਬਰਸਾਤ ਦੇ ਮੌਸਮ ਵਿਚ ਆਪਣੇ ਆਪ ਅਤੇ ਆਪਣੇ ਪਰਿਵਾਰ ਨੂੰ ਕਈ ਬਿਮਾਰੀਆਂ ਤੋਂ ਬਚਾਅ ਸਕਦੇ ਹਾਂ ਅਤੇ ਸਿਹਤਮੰਦ ਰਹਿੰਦੇ ਹੋਏ ਬਰਸਾਤ ਰੁੱਤ ਦਾ ਆਨੰਦ ਮਾਣ ਸਕਦੇ ਹਾਂ।

### ਰਸੋਈ ਦੀ ਦੇਖਭਾਲ

*ਬਰਸਾਤ ਦੇ ਮੌਸਮ 'ਚ ਰਸੋਈ ਦੀ ਸਾਫ਼-ਸਫ਼ਾਈ ਦਾ ਖ਼ਾਸ ਧਿਆਨ ਰੱਖੋ। ਰਾਤ ਨੂੰ ਸਾਰੇ ਬਰਤਨ ਗਰਮ ਪਾਣੀ ਨਾਲ ਧੋ ਕੇ ਸੁਕਾਉਣ ਉਪਰੰਤ ਸਟੈਂਡ ਵਿਚ ਰੱਖੋ। ਦਾਲਾਂ ਵਾਲੇ ਡੱਬਿਆਂ ਅਤੇ ਆਟੇ ਵਾਲੀ ਡਰੱਮੀ ਨੂੰ ਧੋ ਕੇ ਧੁੱਪ ਲਗਾਉਣ ਉਪਰੰਤ ਹੀ ਇਨ੍ਹਾਂ ਵਿਚ ਖਾਣਯੋਗ ਸਮੱਗਰੀ ਨੂੰ ਰੱਖੋ ਤਾਂ ਜੋ ਬਰਸਾਤ ਵਿਚ ਇਨ੍ਹਾਂ ਨੂੰ ਕੀੜਾ ਨਾ ਲੱਗ ਸਕੇ। ਬਚਾਅ ਲਈ ਦਾਲਾਂ ਵਾਲੇ ਡੱਬਿਆਂ ਵਿਚ ਨਿੰਮ ਦੇ ਸੁੱਕੇ ਹੋਏ ਪੱਤੇ ਵੀ ਰੱਖ ਸਕਦੇ ਹੋ। ਖੰਡ ਨੂੰ ਨਮੀ ਤੋਂ ਬਚਾਉਣ ਲਈ ਉਸ ਵਿਚ ਲੌਂਗ ਰੱਖ ਦਿਉ। ਬਰਤਨ ਸਾਫ਼ ਕਰਨ ਉਪਰੰਤ ਸਿੰਕ ਨੂੰ ਸਾਬਣ ਨਾਲ ਧੋਵੋ। ਸਿੰਕ ਦੀ ਪਾਈਪ ਨੂੰ ਬਲਾਕ ਨਾ ਹੋਣ ਦੇਵੋ, ਇਸ ਤੋਂ ਬਚਾਅ ਲਈ ਸਿੰਕ ਦੀ ਪਾਈਪ ਵਿਚ ਥੋੜ੍ਹਾ ਬੇਕਿੰਗ ਪਾਊਡਰ ਪਾਇਆ ਜਾ ਸਕਦਾ ਹੈ। ਹਰ 15 ਦਿਨ ਬਾਅਦ ਪਾਈਪ ਨੂੰ ਖੋਲ੍ਹ ਕੇ ਚੰਗੀ ਤਰ੍ਹਾਂ ਸਾਫ਼ ਕਰੋ। ਬਹੁਤ ਸਾਰੀਆਂ ਬਿਮਾਰੀਆਂ ਮੱਖੀਆਂ ਅਤੇ ਮੱਛਰਾਂ ਰਾਹੀਂ ਫ਼ੈਲਦੀਆਂ ਹਨ, ਇਨ੍ਹਾਂ ਦੀ ਰੋਕਥਾਮ ਲਈ ਰੋਜ਼ਾਨਾ ਪਾਣੀ ਵਿਚ ਨੈਪਥੇਲੀਨ ਦਾ ਘੋਲ (ਫਿਨਾਈਲ) ਪਾ ਕੇ ਫਰਸ਼ਾਂ 'ਤੇ ਪੋਚਾ ਲਗਾਉ।*

# ਪਾਚਨ ਸ਼ਕਤੀ ਲਈ ਲਾਹੇਵੰਦ ਕਿਰਿਆ ਕੱਪੜਾ ਧੋਤੀ

ਇਸ਼ਟ ਪਾਲ

ਪਹਿਲਾ ਅਸੀਂ ਯੋਗ ਦੇ ਸ਼ਟਕਰਮ ਭਾਗ ਵਿਚ ਧੋਤੀ ਕਿਰਿਆ ਦੇ ਭਾਗ ਕੁੰਜ਼ਲ ਬਾਰੇ ਜਾਣ ਚੁੱਕੇ ਹਾਂ । ਮੈਂ ਪਹਿਲਾ ਵੀ ਤਹਾਨੂੰ ਕੁੰਜ਼ਲ ਕਿਰਿਆ ਵਿਚ ਤੇਜ਼ਾਬ, ਜ਼ੁਕਾਮ ਅਤੇ ਮੋਟਾਪਾ ਘਟਾਉਣ ਬਾਰੇ ਦੱਸ ਚੁੱਕਾਂ ਹਾਂ । ਇਸ ਕਿਰਿਆ ਨਾਲ ਲੱਖਾਂ ਹੀ ਲੋਕਾਂ ਨੇ ਆਪਣੇ ਉੱਪਰ ਲਿਖੇ ਰੋਗ ਠੀਕ ਕਰ ਲਏ ਹਨ ਪਰ ਅੱਜ ਵੀ ਕਈ ਮੁੰਡੇ ਅਤੇ ਕੁੜੀਆਂ ਬਾਹਰਲੇ ਖਾਣੇ ਨੂੰ ਨਹੀਂ ਛੱਡਦੇ। ਉਹ ਅਕਸਰ ਹੀ ਘਰ ਦੇ ਖਾਣੇ ਨੂੰ ਛੱਡ ਕੇ ਸਮੋਸੇ, ਕੁਲਚੇ, ਬਰਗਰ, ਪੀਜ਼ੇ ਆਦਿ ਹੋਰ ਖਾਣੇ ਖਾਦੇ ਹਨ । ਇਹ ਭੋਜਨ ਅਕਸਰ ਸਾਡੇ ਸਰੀਰ ਅੰਦਰ ਜਲਦੀ-ਜਲਦੀ ਨਹੀਂ ਪੱਚਦਾ। ਜਦੋਂ ਪਚਣ ਲੱਗੇ ਸਮਾਂ ਲੱਗਦਾ ਹੈ ਤਾਂ ਸਾਡੇ ਸਰੀਰ ਅੰਦਰ ਤੇਜ਼ਾਬ ਬਨਣਾ ਸ਼ੁਰੂ ਹੋ ਜਾਂਦਾ ਹੈ । ਆਮ ਤੌਰ 'ਤੇ ਸਿਰ ਦਰਦ ਰਹਿਣਾ, ਛਾਤੀ ਵਿਚ ਹਲਕਾ-ਹਲਕਾ ਦਰਦ ਹੋਣਾ ਅਤੇ ਮੂੰਹ ਕੌੜਾ ਜਾਂ ਖੱਟਾ ਰਹਿਣਾ ਸਭ ਤੇਜ਼ਾਬ ਦੇ ਹੀ ਲੱਛਣ ਹਨ ਨਾਲ ਹੀ ਜਦੋਂ ਅਸੀਂ ਇਸ ਤਰ੍ਹਾਂ ਦੇ ਖਾਣੇ ਦਾ ਹਰ ਰੋਜ਼ ਪ੍ਰਯੋਗ ਕਰਦੇ ਹਾਂ ਅਤੇ ਕਿਸੇ ਤਰ੍ਹਾਂ ਦੀ ਕਸਰਤ ਨਹੀਂ ਕਰਦੇ ਤਾਂ ਸਾਡਾ ਪੇਟ ਨਿਕਲਣਾ ਸ਼ੁਰੂ ਹੋ ਜਾਂਦਾ ਹੈ । ਗ਼ਲਤ ਖਾਣ ਨਾਲ ਅਤੇ ਵਾਤਾਵਰਣ ਦੀ ਧੂੜ ਮਿੱਟੀ ਨਾਲ ਅਕਸਰ ਅਸੀਂ ਦਮੇ ਜਾਂ ਜ਼ੁਕਾਮ ਦੇ ਸ਼ਿਕਾਰ ਹੋ ਜਾਂਦੇ ਹਾਂ । ਇਹ ਜ਼ੁਕਾਮ ਸਾਡੀ ਛਾਤੀ ਵਿਚ ਜੰਮ ਜਾਂਦਾ ਹੈ । ਜਿਸ ਨੂੰ ਠੀਕ ਕਰਨ ਲਈ ਅਸੀਂ ਤਰ੍ਹਾਂ-ਤਰ੍ਹਾਂ ਦੇ ਐਂਟੀਬਾਇਓਟਿਕਸ ਦੀ ਵਰਤੋਂ ਕਰਦੇ ਹਾਂ । ਇਨ੍ਹਾਂ ਦਵਾਈਆਂ ਨਾਲ ਅੰਦਰ ਜੰਮਿਆ ਜ਼ੁਕਾਮ ਤਾਂ ਬਾਹਰ ਨਹੀਂ ਨਿਕਲਦਾ ਪਰ ਇਹ ਅੰਦਰ ਹੀ ਸੁੱਕ ਜਾਂਦਾ ਹੈ । ਅਸੀਂ ਆਮ ਤੌਰ 'ਤੇ ਦੇਖਦੇ ਹਾਂ ਕਿ ਇਹ ਦਵਾਈਆਂ ਸਾਨੂੰ ਉਮਰ ਭਰ ਲੈਣੀਆਂ ਪੈਂਦੀਆਂ ਹਨ ਫਿਰ ਵੀ ਅਸੀਂ ਇਸ ਰੋਗ ਤੋ ਛੁਟਕਾਰਾ ਨਹੀਂ ਪਾ ਸਕਦੇ ਹੁੰਦੇ ।

ਹੁਣ ਮੈਂ ਤਹਾਨੂੰ ਧੋਤੀ ਦੇ ਮੁੱਖ ਭਾਗ ਕੱਪੜਾ ਧੋਤੀ ਬਾਰੇ ਜਾਣਕਾਰੀ ਦੇ ਰਿਹਾ ਹਾਂ । ਮੇਰਾ ਇੱਕੋ ਇਕ ਇਹੀ ਟਿੱਚਾ ਹੈ ਕਿ ਮੈਂ ਤਹਾਨੂੰ ਸਮੇਂ-ਸਮੇਂ ਯੋਗ ਦੀਆਂ ਮਹੱਤਵਪੂਰਨ ਕਿਰਿਆਵਾਂ ਬਾਰੇ ਜਾਣਕਾਰੀ ਦਿੰਦਾ ਰਿਹਾ । ਕੱਪੜਾ ਧੋਤੀ- ਇਸ ਕਿਰਿਆ ਦੇ ਨਾਂ ਤੋਂ ਹੀ ਪਤਾ ਲੱਗ ਰਿਹਾ ਕਿ ਇਹ ਕਿਰਿਆ ਕੱਪੜੇ ਨਾਲ ਕੀਤੀ ਜਾਂਦੀ ਹੈ । ਚਾਰ ਉੱਗਲ ਚੋੜੇ ਅਤੇ 8 ਫੁੱਟ ਲੰਬੇ ਸੁੱਤੀ ਕੱਪੜੇ ਦੀ ਧੋਤੀ ਬਣਦੀ ਹੈ। ਸਭ ਤੋ ਪਹਿਲਾ ਧੋਤੀ ਨੂੰ ਸਾਫ਼ ਕਰ ਲੈਣਾ ਚਾਹੀਦਾ ਹੈ। ਧੋਤੀ ਨੂੰ ਸਾਫ਼ ਕਰਨ ਲਈ ਗਰਮ ਪਾਣੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਧੋਤੀ ਨੂੰ ਗਰਮ ਪਾਣੀ ਵਿਚ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ। ਹੁਣ ਕਾਂਗ ਆਸਨ (ਪੈਰਾਂ ਉੱਪਰ ਬੈਠਣਾ) ਵਿਚ ਬੈਠ ਜਾਓ, ਧੋਤੀ ਨੂੰ ਹੌਲੀ-ਹੌਲੀ ਚੱਭਦੇ ਹੋਏ ਅੰਦਰ ਲੰਘਾਉਣ ਦੀ ਕੋਸ਼ਿਸ਼ ਕਰੋ। ਕੁੱਝ ਦਿਨ ਤਕ ਧੋਤੀ ਨੂੰ ਇਕ-ਇਕ ਫੁੱਟ ਤਕ ਅੰਦਰ ਲੰਘਾਉਣ ਦੀ ਕੋਸ਼ਿਸ਼ ਕਰਦੇ ਜਾਓ ਬਾਅਦ ਵਿਚ ਕਿਸੇ ਦਿਨ ਧੋਤੀ ਦਾ ਕੁੱਝ ਭਾਗ ਲਗਪਗ ਅੱਧਾ ਫੁੱਟ ਬਾਹਰ ਛੱਡ ਕੇ ਬਾਕੀ ਦੀ ਧੋਤੀ ਮੂੰਹ ਅੰਦਰ ਲੰਘਾ ਲਵੋ, ਹੁਣ ਪੇਟ ਨੂੰ 2 ਮਿੰਟ ਤਕ ਅੰਦਰ ਬਾਹਰ ਕਰਦੇ ਹੋਏ ਹਿਲਾਉਂਦੇ ਰਹੋ । ਹੁਣ ਮੂੰਹ ਤੋਂ ਬਾਹਰ ਬਚੀ ਹੋਈ ਧੋਤੀ ਨੂੰ ਦੋਵੇ ਹੱਥਾਂ ਨਾਲ ਫੜ ਕਿ ਹੌਲੀ-ਹੌਲੀ ਬਾਹਰ ਕੱਢ ਦੇ ਰਹੋ । ਜੇ ਧੋਤੀ ਅੰਦਰ ਫਸ ਜਾਵੇ ਤਾਂ ਘਬਰਾਉਣਾ ਨਹੀਂ ਚਾਹੀਦਾ ਬਲਕਿ ਕੁਝ ਧੋਤੀ ਫਿਰ ਤੋਂ ਅੰਦਰ ਲੰਘਾ ਲਵੋ ਅਤੇ ਫਿਰ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰੋ। ਬਾਹਰ ਕੱਢਣ ਤੋਂ ਬਾਅਦ ਧੋਤੀ ਨੂੰ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ। ਇਹ ਕਿਰਿਆ ਅਸੀਂ ਹਰ ਰੋਜ਼ ਜਾਂ ਹਫ਼ਤੇ ਵਿਚ 3 ਦਿਨ ਕਰ ਸਕਦੇ ਹਾਂ । ਇਹ ਕਿਰਿਆ ਸਵੇਰੇ ਵੇਲੇ ਖ਼ਾਲੀ ਪੇਟ ਕੀਤੀ ਜਾ ਸਕਦੀ ਹੈ।



### ਸਾਵਧਾਨੀਆਂ

- ਕੱਪੜਾ ਸਿਰਫ਼ ਸੂਤੀ ਕਿਸਮ ਦਾ ਹੀ ਹੋਣਾ ਚਾਹੀਦਾ ਹੈ ।
- ਕੱਪੜਾ ਸਾਫ਼ ਅਤੇ ਕਿਨਾਰੇ ਸਿੱਲੇ ਹੋਏ ਹੋਣੇ ਚਾਹੀਦੇ ਹਨ ।
- ਕੱਪੜਾ ਸਾਰਾ ਨਹੀਂ ਲੰਘਾਉਣਾ ਚਾਹੀਦਾ।
- ਕਿਰਿਆ ਕਰਨ ਤੋਂ ਬਾਅਦ ਨਾਲ ਦੀ ਨਾਲ ਕੱਪੜਾ ਸਾਫ਼ ਕਰ ਦੇਵੋ।
- ਕਿਸੇ ਯੋਗ ਮਾਹਿਰ ਦੀ ਦੇਖ-ਰੇਖ ਵਿਚ ਹੀ ਕਿਰਿਆ ਦਾ ਅਭਿਆਸ ਕਰੋ।

### ਲਾਭ

- ਤੇਜ਼ਾਬ ਅਤੇ ਐਸੀਡਿਟੀ ਦੇ ਰੋਗੀਆਂ ਨੂੰ ਬਹੁਤ ਲਾਭ ਮਿਲਦਾ ਹੈ ।
- ਛਾਤੀ ਵਿਚ ਜੰਮੇ ਜ਼ੁਕਾਮ ਲਈ ਲਾਭਕਾਰੀ ਹੈ।
- ਭੋਜਨ ਨਾਲੀ ਸਾਫ਼ ਹੋ ਜਾਂਦੀ ਹੈ ।
- ਪੇਟ ਸਾਫ਼ ਹੋ ਜਾਂਦਾ ਹੈ ।
- ਦਮੇ ਲਈ ਲਾਭਕਾਰੀ ਹੈ ।
- ਸਰੀਰ ਹਲਕਾ ਹੋ ਜਾਂਦਾ ਹੈ ।
- ਕਫ਼ ਦੋਸ਼ ਦੂਰ ਹੋ ਜਾਂਦੇ ਹਨ ।

9872565003

# ਸਿਹਤ ਸਬੰਧੀ ਘਰੇਲੂ ਨੁਸਖ਼ੇ

ਗੁਰਭਿੰਦਰ ਗੁਰੀ

**ਦਵਾਈਆਂ ਦਾ ਜ਼ਿਆਦਾ ਸੇਵਨ ਸਿਹਤ ਲਈ ਹਾਨੀਕਾਰਕ ਵੀ ਹੋ ਸਕਦਾ ਹੈ, ਇਸ ਕਰਕੇ ਤੁਸੀਂ ਘਰ ਬੈਠੇ ਘਰੇਲੂ ਉਪਾਅ ਨਾਲ ਵੀ ਇਨ੍ਹਾਂ ਪਰੇਸ਼ਾਨੀਆਂ ਤੋਂ ਛੁਟਕਾਰਾ ਪਾ ਸਕਦੇ ਹੋ...**

ਘਰੇਲੂ ਨੁਸਖ਼ਿਆਂ ਦਾ ਪ੍ਰਯੋਗ ਕਰ ਕੇ ਕਈ ਸਮੱਸਿਆ ਦਾ ਹੱਲ ਚੁਟਕੀ ਵਿਚ ਹੋ ਸਕਦਾ ਹੈ ਅੱਜ ਤੁਹਾਨੂੰ ਦੱਸ ਰਹੇ ਹਾਂ ਕੁੱਝ ਅਜਿਹੇ ਹੀ ਉਪਾਅ ਬਾਰੇ।

- ਪ੍ਰਤੀਦਿਨ ਇਕ ਗਲਾਸ ਗਾਜਰ ਦਾ ਜੂਸ ਪੀਣ ਨਾਲ ਸਰੀਰ ਵਿਚ ਖ਼ੂਨ ਦਾ ਵਾਧਾ ਹੁੰਦਾ ਹੈ।
- ਸਰੀਰ ਦੇ ਕਿਸੇ ਹਿੱਸੇ ਵਿਚ ਕੰਡਾ ਚੁੰਭਣ 'ਤੇ ਉਸ ਤੇ ਹਿੰਗ ਦਾ ਘੋਲ ਲਗਾਉਣ ਨਾਲ ਥੋੜ੍ਹੀ ਦੇਰ ਬਾਅਦ ਹੀ ਕੰਡਾ ਨਿਕਲ ਜਾਵੇਗਾ।
- ਬਾਦਾਮ ਦੇ ਤੇਲ ਦਾ ਇਸਤੇਮਾਲ ਕਰਨ 'ਤੇ ਸਿਕਰੀ ਖ਼ਤਮ ਹੋ ਜਾਂਦੀ ਹੈ।
- ਖਾਂਸੀ ਹੋਣ 'ਤੇ ਤੁਲਸੀ ਅਤੇ ਅਜਵਾਇਣ ਦਾ ਰਸ ਅਤੇ ਸ਼ਹਿਦ ਇਕੋ ਜਿਹੀ ਮਾਤਰਾ ਵਿਚ ਲੈਣ ਨਾਲ ਆਰਾਮ ਮਿਲਦਾ ਹੈ।
- ਪੇਟ ਦਰਦ ਹੋਣ 'ਤੇ ਭੁੰਨੀ ਹੋਈ ਸੌਂਫ ਚੱਬਣ ਨਾਲ ਫ਼ਾਇਦਾ ਮਿਲਦਾ ਹੈ।
- ਨਾਰੀਅਲ ਦੇ ਤੇਲ ਵਿਚ ਲੌਂਗ ਦੇ ਤੇਲ ਦੀਆਂ ਕੁੱਝ ਬੂੰਦਾਂ ਮਿਲਾ ਕੇ ਮਾਲਿਸ਼ ਕਰਨ ਨਾਲ ਸਿਰ ਦਰਦ ਦੂਰ ਹੁੰਦਾ ਹੈ।
- ਰਾਤ ਵੇਲੇ ਨੀਂਦ ਨਾ ਆਵੇ ਤਾਂ ਪੈਰਾਂ 'ਤੇ ਤਿਲਾਂ ਦਾ ਤੇਲ ਲਗਾਓ।
- ਖਾਣਾ ਹਜ਼ਮ ਨਾ ਹੁੰਦਾ ਹੋਵੇ ਤਾਂ ਪਿਆਜ਼ ਦੇ ਰਸ ਵਿਚ ਥੋੜ੍ਹਾਂ ਜਿਹਾ ਨਮਕ ਮਿਲਾ ਕੇ ਪੀਣ ਨਾਲ ਲਾਭ ਹੋਵੇਗਾ।
- ਧੁੰਨੀ ਨੂੰ ਹਰ ਰੋਜ਼ ਸਰ੍ਹੋਂ ਦਾ ਤੇਲ ਲਗਾਉਣ ਨਾਲ ਬੁੱਲ੍ਹ ਨਹੀਂ ਫਟਦੇ।

9915727311

- ਤੁਲਸੀ ਦੀਆਂ ਚਾਰ ਪੰਜ ਪੱਤੀਆਂ ਹਰ ਰੋਜ਼ ਸਵੇਰੇ ਸ਼ਾਮ ਚੱਬ ਕੇ ਖਾਣ ਨਾਲ ਮੂੰਹ ਦੀ ਦੁਰਗੰਧ ਦੂਰ ਹੁੰਦੀ ਹੈ
- ਅਮਰੂਦ ਦੇ ਪੱਤਿਆਂ ਦਾ ਕਾੜ੍ਹਾ ਬਣਾ ਕੇ ਕੁਰਲੀ ਕਰਨ ਨਾਲ ਮੂੰਹ ਦੇ ਛਾਲੇ ਅਤੇ ਮਸੂੜਿਆਂ ਦੇ ਦਰਦ ਤੋਂ ਆਰਾਮ ਮਿਲਦਾ ਹੈ।



**ਹੈਜ਼ਾ ਹੋਣ 'ਤੇ ਤਲ਼ਿਆ ਹੋਇਆ ਭੋਜਨ, ਚਾਹ , ਕੌਫੀ, ਕੋਲਡ ਡਰਿੰਕ, ਫਾਸਟ-ਫੂਡ, ਸ਼ਰਾਬ ਆਦਿ ਦਾ ਸੇਵਨ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਹੈਜ਼ਾ ਹੋਣ ਦੇ ਕਈ ਕਾਰਨ ਹਨ ਜਿਵੇਂ ਕਿ ਖਾਣ-ਪੀਣ ਦੀਆਂ ਵਸਤਾਂ ਦਾ ਨੰਗੀਆਂ ਤੇ ਦੂਸ਼ਿਤ ਹੋਣਾ, ਮਾਨਸਿਕ ਤੇ ਸਰੀਰਕ ਤਣਾਅ, ਅਸੰਤੁਲਿਤ ਭੋਜਨ, ਇਨਫੈਕਸ਼ਨ, ਆਲੇ-ਦੁਆਲੇ ਦੀ ਗੰਦਗੀ ਆਦਿ ਜ਼ਿੰਮੇਵਾਰ ਹੈ...**

# ਹੈਜ਼ਾ ਅਤੇ ਪੇਚਸ਼ ਦਾ ਇਲਾਜ

ਡਾ. ਹਰਿੰਦਰਪਾਲ ਸਿੰਘ

ਹੈਜ਼ਾ ਮੁੱਖ ਤੌਰ 'ਤੇ ਪਾਚਨ-ਤੰਤਰ ਦਾ ਇਕ ਰੋਗ ਹੈ। ਜਿਹੜਾ ਕਿ ਸਾਡੀ ਛੋਟੀ ਆਂਤ ਵਿਚ ਮੌਜੂਦ ਸਾਡੇ ਮਿੱਤਰ ਬੈਕਟੀਰੀਆ ਜੋ ਕਿ ਭੋਜਨ ਦੇ ਪਾਚਨ ਵਿਚ ਸਹਾਈ ਹੁੰਦੇ ਹਨ ਦੇ ਘਟਣ ਜਾਂ ਕਮਜ਼ੋਰ ਪੈ ਜਾਣ ਕਾਰਨ ਹੁੰਦਾ ਹੈ। ਇਸ ਸੂਰਤ ਵਿਚ ਹਾਨੀਕਾਰਕ ਬੈਕਟੀਰੀਆ ਵੱਧ ਜਾਂਦੇ ਹਨ ਜੋ ਕਿ ਇਸ ਰੋਗ ਦਾ ਕਾਰਨ ਬਣਦੇ ਹਨ। ਇਹ ਕਈ ਪ੍ਰਕਾਰ ਦਾ ਹੁੰਦਾ ਹੈ। ਹੈਜ਼ਾ ਹੋ ਜਾਣ 'ਤੇ ਖਾਧਾ ਪੀਤਾ ਪਚਣਾ ਬੰਦ ਹੋ ਜਾਂਦਾ ਹੈ। ਪੇਟ ਦੇ ਨਿਚਲੇ ਹਿੱਸੇ ਵਿਚ ਸੂਈਆਂ ਜਿਹੀਆਂ ਚੁਭਣਾ, ਤੇਜ਼ ਦਰਦ ਜਾਂ ਸੂਲ ਜਿਹਾ ਹੋਣ ਲੱਗ ਜਾਂਦਾ ਹੈ। ਟੱਟੀਆਂ ਅਤੇ ਉਲਟੀਆਂ ਲੱਗ ਜਾਂਦੀਆਂ ਹਨ। ਪਾਣੀ ਵਰਗੇ ਦਸਤ ਸ਼ੁਰੂ ਹੋ ਜਾਂਦੇ ਹਨ। ਸਰੀਰ ਵਿਚ ਪਾਣੀ ਖ਼ਤਮ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ ਜੋ ਕਿ ਜਾਨਲੇਵਾ ਵੀ ਹੋ ਸਕਦਾ ਹੈ। ਇਸ ਕਰਕੇ ਜ਼ਿਆਦਾ ਦਸਤ ਜਾਂ ਉਲਟੀਆਂ ਦੀ ਸੂਰਤ ਵਿਚ ਨਮਕ ਅਤੇ ਚੀਨੀ ਦਾ ਘੋਲ਼ ਮਰੀਜ਼ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਦਿੰਦੇ ਰਹਿਣਾ ਚਾਹੀਦਾ ਹੈ। ਹੈਜ਼ਾ ਹੋਣ ਦੀ ਸੂਰਤ ਵਿਚ ਤਲ਼ੇ ਹੋਏ ਭਾਰੀ ਭੋਜਨ, ਚਾਹ , ਕੌਫੀ, ਕੋਲਡ ਡਰਿੰਕ ਅਤੇ ਸ਼ਰਾਬ ਆਦਿ ਦਾ ਸੇਵਨ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਹੈਜ਼ਾ ਹੋਣ ਦੇ ਕਈ ਕਾਰਨ ਹਨ ਜਿਵੇਂ ਕਿ ਖਾਣ ਪੀਣ ਦੀਆਂ ਵਸਤਾਂ ਦਾ ਨੰਗੀਆਂ ਤੇ ਦੂਸ਼ਿਤ ਹੋਣਾ, ਮਾਨਸਿਕ ਤੇ ਸਰੀਰਕ ਤਣਾਅ, ਅਸੰਤੁਲਿਤ ਭੋਜਨ, ਇਨਫੈਕਸ਼ਨ, ਆਲੇ-ਦੁਆਲੇ ਦੀ ਗੰਦਗੀ, ਵਾਇਰਲ, ਐਂਟੀਬਾਇਓਟਿਕ ਅਤੇ ਐਲੋਪੈਥੀ ਦਵਾਈਆਂ ਦਾ ਜ਼ਿਆਦਾ ਸੇਵਨ ਆਦਿ। ਕੁਝ ਘਰੇਲੂ ਉਪਾਅ ਕਰ ਕੇ ਹੈਜ਼ੇ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।



- ਅੱਧਾ ਚਮਚ ਨਿੰਬੂ ਰਸ, ਅੱਧਾ ਚਮਚ ਅਦਰਕ ਰਸ, ਚੌਥਾ ਹਿੱਸਾ ਚਮਚ ਕਾਲੀ ਮਿਰਚ ਮਿਲਾ ਕੇ ਦਿਨ ਵਿਚ ਦੋ ਵਾਰ ਲਓ।
- ਵੱਟ ਉੱਠ ਰਹੇ ਹੋਣ ਜਾਂ ਦਰਦ ਹੋ ਰਿਹਾ ਹੋਵੇ ਤਾਂ ਅਦਰਕ ਦੀ ਚਾਹ ਲਾਭਦਾਇਕ ਹੋਵੇਗੀ।
- ਪਾਣੀ ਵਿਚ ਇਕ ਚਮਚ ਅਦਰਕ ਰਸ ਪਾ ਕੇ ਇਕ ਘੰਟੇ ਬਾਅਦ ਪੀਓ ਲਾਭ ਹੋਵੇਗਾ।
- ਪਾਣੀ ਦੇ ਗਲਾਸ ਵਿਚ ਇਕ ਚਮਚ ਸੇਬ ਦਾ ਸਿਰਕਾ ਪਾ ਕੇ ਹਰ ਵਾਰ ਭੋਜਨ ਨਾਲ ਪੀਣਾ ਚਾਹੀਦਾ ਹੈ।
- ਅੰਬ ਦੀ ਗੁਠਲੀ ਦਾ ਚੂਰਨ ਬਣਾ ਕੇ ਪਾਣੀ ਨਾਲ ਖਾਣ ਨਾਲ ਵੀ ਹੈਜ਼ਾ ਠੀਕ ਹੋ ਜਾਂਦਾ ਹੈ।
- ਅੱਠ ਔਂਸ ਪਾਣੀ ਵਿਚ ਚਾਰ ਕੱਪ ਸ਼ਹਿਦ ਦੇ ਮਿਲਾ ਕੇ ਪੀਣ ਨਾਲ ਆਰਾਮ ਮਿਲਦਾ ਹੈ।
- ਸੌਂਫ ਆਤੇ ਸਫ਼ੈਦ ਜ਼ੀਰਾ ਬਰਾਬਰ ਮਾਤਰਾ ਵਿਚ ਲੈ ਕੇ ਭੁੰਨ ਲਵੋ ਫਿਰ ਇਸ ਮਿਸ਼ਰਣ ਨੂੰ ਤਿੰਨ ਗਰਾਮ ਦੀ ਮਾਤਰਾ ਵਿਚ ਪਾਣੀ ਨਾਲ ਹਰ ਤਿੰਨ ਘੰਟੇ ਬਾਅਦ ਇਸਤੇਮਾਲ ਕਰੋ।
- 200 ਗ੍ਰਾਮ ਦਹੀਂ ਦੀ ਲੱਸੀ ( ਬਟਰ ਮਿਲਕ) ਵਿਚ ਭੁੰਨੇ ਜ਼ੀਰੇ ਦੇ ਬੀਜ ਅਤੇ ਕਾਲਾ ਨਮਕ ਪਾ ਕੇ ਪੀਓ।
- ਸਟਾਰਚ ਵਾਲੇ ਪਦਾਰਥ ਪੀਓ ਜਿਵੇਂ ਕਿ ਅਰਾਰੂਟ ਦਾ ਪਾਣੀ, ਜੌਂ ਦਾ ਪਾਣੀ, ਨਾਰੀਅਲ ਪਾਣੀ ਤੇ ਚੌਲ਼ਾਂ ਦਾ ਪਾਣੀ ਆਦਿ।
- ਲੌਂਗ ਦੇ ਤੇਲ ਦੀਆਂ 2-3 ਬੂੰਦਾਂ ਪਤਾਸੇ ਵਿਚ ਪਾ ਕੇ ਖਾਣ ਨਾਲ ਲਾਭ ਹੁੰਦਾ ਹੈ।
- ਜੈਫਲ਼ ਦਾ 10 ਗ੍ਰਾਮ ਚੂਰਨ ਗੁੜ੍ਹ ਵਿਚ ਮਿਲਾ ਕੇ ਤਿੰਨ -2 ਗ੍ਰਾਮ ਦੀਆਂ ਗੋਲ਼ੀਆਂ ਬਣਾਓ। ਇਕ-2 ਗੋਲ਼ੀ ਅੱਧੇ-ਅੱਧੇ ਘੰਟੇ ਬਾਅਦ ਲੈ ਕੇ ਉਪਰੋਂ ਥੋੜ੍ਹਾ ਗਰਮ ਪਾਣੀ ਪੀਣ ਨਾਲ ਲਾਭ ਹੁੰਦਾ ਹੈ।
- ਹੈਜ਼ੇ ਵਿਚ ਪੁਦੀਨਾ, ਪਿਆਜ਼ ਅਤੇ ਨਿੰਬੂ ਦਾ ਰਸ ਬਾਰ-ਬਾਰ ਮਿਲਾ ਕਿ ਦੇਣ ਨਾਲ ਲਾਭ ਹੁੰਦਾ ਹੈ।
- ਅਖ਼ਰੋਟ ਦੀ ਗਿਰੀ ਦਾ ਤੇਲ ਪੇਟ 'ਤੇ ਮਲਣ ਨਾਲ ਹੈਜ਼ਾ ਦੂਰ ਹੋ ਜਾਂਦਾ ਹੈ।
- ਸੱਤ ਦਾਣੇ ਕਾਲੀ ਮਿਰਚ ਅਤੇ ਇਕ ਮੋਟਾ ਪਿਆਜ਼ ਨਿੰਮ ਦੇ ਡੰਡੇ ਨਾਲ ਪੱਥਰ ਦੀ ਕੂੰਡੀ ਵਿਚ ਬਾਰੀਕ ਘੋਟ ਲਓ ਫਿਰ ਇਸ ਵਿਚ ਸੌ ਗ੍ਰਾਮ ਪਾਣੀ ਮਿਲਾ ਕਿ ਬਿਨਾਂ ਛਾਣੇ ਪਿਲਾ ਦਿਓ ਰਾਮਬਾਣ ਇਲਾਜ ਹੈ।
- ਕਪੂਰ ਅਤੇ ਅਜਵਾਇਣ ਇਕਸਾਰ ਮਾਤਰਾ ਵਿਚ ਲੈ ਕਿ ਕਿਸੇ ਸ਼ੀਸ਼ੀ ਵਿਚ ਬੰਦ ਕਰ ਕੇ ਰੱਖ ਲਵੋ। ਜਦ ਉਹ ਪਾਣੀ ਦੀ ਸ਼ਕਲ ਵਿਚ ਆ ਜਾਵੇ ਤਾਂ ਇਸ ਵਿਚੋਂ ਚਾਰ ਬੂੰਦਾਂ ਥੋੜ੍ਹੇ ਜਿਹੇ ਪਾਣੀ ਵਿਚ ਮਿਲਾ ਕੇ ਪਿਲਾਓ।
- ਸੁੰਡ, ਅਜਵਾਇਣ, ਪੁਦੀਨਾ, ਕਾਲੀ ਮਿਰਚ ਬਰਾਬਰ ਪੀਸ ਕੇ ਅੱਧਾ-ਅੱਧਾ ਚਮਚ ਰੋਗੀ ਨੂੰ ਗਰਮ ਪਾਣੀ ਨਾਲ ਪਿਲਾਓ।
- ਸੌਂਫ ਅਤੇ ਇਲਾਇਚੀ ਦਾ ਸੇਵਨ ਕਰਨ ਨਾਲ ਵੀ ਲਾਭ ਮਿਲਦਾ ਹੈ।
- ਰੋਗੀ ਦੇ ਸਰੀਰ 'ਤੇ ਰਾਈ ਦਾ ਲੇਪ ਕਰਨ ਨਾਲ ਤੁਰੰਤ ਹੀ ਉਲਟੀਆਂ ਤੇ ਟੱਟੀਆਂ ਬੰਦ ਹੋ ਜਾਂਦੀਆਂ ਹਨ।
- ਕੱਚੇ ਅੰਬ ਨੂੰ ਉਬਾਲ ਕੇ ਉਸ ਵਿਚ ਪਿਆਜ਼ ਦਾ ਰਸ ਮਿਲਾ ਕੇ ਰੋਗੀ ਦੀਆਂ ਹਥੇਲੀਆਂ ਅਤੇ ਤਾਲੂਆਂ ਤੇ ਮਾਲਿਸ਼ ਕਰਨ ਨਾਲ ਅਰਾਮ ਮਿਲਦਾ ਹੈ।
- ਜੈਫਲ਼ ਨੂੰ ਥੋੜ੍ਹਾ ਜਿਹਾ ਪਾਣੀ ਵਿਚ ਘਸਾ ਕੇ ਮੱਥੇ 'ਤੇ ਲੇਪ ਕਰਨ ਨਾਲ ਹੈਜ਼ਾ ਠੀਕ ਹੋ ਜਾਂਦਾ ਹੈ।
- ਪਿਸ਼ਾਬ ਘੱਟ ਆ ਰਿਹਾ ਹੋਵੇ ਤਾਂ ਅੱਧੇ ਕੱਪ ਪਾਣੀ ਵਿਚ ਅੱਧਾ ਚਮਚ ਖਾਣ ਵਾਲਾ ਸੋਢਾ ਮਿਲਾ ਕੇ ਰੋਗੀ ਨੂੰ ਪਿਲਾਉਣ ਨਾਲ ਪਿਸ਼ਾਬ ਖੁੱਲ੍ਹ ਕੇ ਆ ਜਾਂਦਾ ਹੈ। ਇਸ ਤੋਂ ਇਲਾਵਾ ਪਿਸ਼ਾਬ ਬੰਦ ਹੋ ਜਾਣ 'ਤੇ ਧੁੰਨੀ ਉੱਤੇ ਕਲਮੀ ਸ਼ੋਰੇ ਦਾ ਹਲਕਾ ਲੇਪ ਕਰਨ ਨਾਲ ਲਾਭ ਹੁੰਦਾ ਹੈ। ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਇਸ ਬਿਮਾਰੀ ਤੋਂ ਨਿਜਾਤ ਪਾ ਸਕਦੇ ਹੋ।

9814813674

- ਰੋਗੀ ਦੇ ਸਿਰ੍ਹਾਣੇ ਲਸਣ ਛਿੱਲ ਕੇ ਫੈਲਾ ਦਿਓ ਇਸ ਤਰ੍ਹਾਂ ਕਰਨ ਨਾਲ ਹੈਜ਼ੇ ਦੇ ਕੀਟਾਣੂ ਖ਼ਤਮ ਹੋ ਜਾਂਦੇ ਹਨ।
- ਇਕ ਕਿਲੋ ਨਿੰਬੂਆਂ ਦੇ ਰਸ ਨੂੰ ਨਿਚੋੜ ਕੇ ਇਸ ਵਿਚ 10 ਗ੍ਰਾਮ ਮੁਸ਼ਕ ਕਪੂਰ ਅਤੇ 100 ਗ੍ਰਾਮ ਕਾਲੀ ਮਿਰਚ , ਦੇਸੀ ਅਜਵਾਇਣ ਮਿਲਾ ਕਿ ਸਾਫ਼ ਖਰਲ ਵਿਚ ਰਗੜ ਲਵੋ। ਫਿਰ ਕਾਲੀ ਮਿਰਚ ਦੇ ਆਕਾਰ ਦੀਆਂ ਗੋਲ਼ੀਆਂ ਬਣਾ ਲਓ। ਇਕ-ਇਕ ਘੰਟੇ ਬਾਅਦ ਇਕ ਗੋਲ਼ੀ ਸ਼ਕੰਜਵੀ ਜਾਂ ਆਨਾਰ ਦੇ ਰਸ ਨਾਲ ਦੇਵਾਂ ਨਾਲ ਹੈਜ਼ਾ ਦੂਰ ਹੋ ਜਾਵੇਗਾ।

### ਇਲਾਜ

- ਦੋ ਚਮਚ ਧਣੀਆ ਉਬਾਲ ਕੇ ਪੀਣ ਨਾਲ ਤੁਰੰਤ ਅਰਾਮ ਮਿਲਦਾ ਹੈ।
- ਗਾਂ ਦਾ ਦੁੱਧ ਅਤੇ ਪਾਣੀ ਬਰਾਬਰ ਮਾਤਰਾ 'ਚ ਲੈ ਕੇ ਉਬਾਲ ਲਓ। ਜਦ ਪਾਣੀ ਪੂਰੀ ਤਰ੍ਹਾਂ ਸੜ ਜਾਵੇ ਤਾਂ ਦੁੱਧ ਨੂੰ ਉਤਾਰ ਕਿ ਕੋਸਾ ਹੀ ਪੀ ਲਵੋ। ਦਿਨ ਵਿਚ ਤਿੰਨ -ਚਾਰ ਵਾਰ ਪੀਣ ਨਾਲ ਪੇਚਿਸ਼ ਠੀਕ ਹੋ ਜਾਵੇਗਾ।
- ਤਾਜੀ ਲੱਸੀ ਵਿਚ ਬੇਲ ਦਾ ਗੁੱਦਾ ਮਿਲਾ ਕਿ ਪੀਣ ਨਾਲ ਖ਼ੂਨੀ ਦਸਤ ਵਿਚ ਲਾਭ ਹੁੰਦਾ ਹੈ।
- ਪੱਕੇ ਨਿੰਬੂ ਨੂੰ ਗਰਮ ਕਰਕੇ ਉਸਦਾ ਰਸ ਕੱਢ ਲਓ ਫਿਰ ਇਸ ਵਿਚ ਸੇਂਧਾ ਨਮਕ ਅਤੇ ਸ਼ੱਕਰ ਮਿਲਾ ਕਿ ਪੀਓ।

*• ਸੁੱਕੇ ਸੰਤਰੇ ਦੇ ਛਿਲਕੇ ਅਤੇ ਮੁਨੱਕੇ ਦੇ ਬੀਜ ਬਰਾਬਰ ਮਾਤਰਾ ਵਿਚ ਘੋਟ ਕੇ ਚਾਰ ਦਿਨ ਲਗਾਤਾਰ ਲੈਣ ਨਾਲ ਪੇਚਸ਼ ਵਿਚ ਲਾਭ ਹੁੰਦਾ ਹੈ। ਉਪਰੋਕਤ ਘਰੇਲੂ ਨੁਸਖ਼ਿਆਂ ਦਾ ਇਸਤੇਮਾਲ ਆਪਣੇ ਸਰੀਰ ਦੀ ਪ੍ਰਾਕ੍ਰਿਤੀ ਦੇ ਅਨੁਸਾਰ ਜਾਂ ਕਿਸੇ ਯੋਗ ਆਯੁਰਵੈਦ ਜਾਂ ਨੈਚੁਰੋਪੈਥ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ। ਲੋੜ ਪੈਣ 'ਤੇ ਡਾਕਟਰ ਨੂੰ ਦਿਖਾਓ।*

- ਦੋ ਗ੍ਰਾਮ ਮੇਥੀ ਦੇ ਚੂਰਨ ਨੂੰ ਦਹੀਂ ਵਿਚ ਮਿਲਾ ਕੇ ਦਿਨ ਵਿਚ ਤਿੰਨ ਵਾਰ ਖਾਣ ਨਾਲ ਪੇਚਸ਼ ਤੋਂ ਆਰਾਮ ਮਿਲਦਾ ਹੈ।

ਕੌਮੀ ਪੱਤ੍ਰਿਕਾ

# ਭਾਰਤੀ ਗੇਂਦਬਾਜ਼ਾਂ ਨੇ ਕਰ'ਤਾ ਕਰਿਸ਼ਮਾ ! ਇੰਗਲੈਂਡ ਦੇ ਜਬਾੜੇ 'ਚੋਂ ਕੱਢ ਲਿਆਂਦੀ ਜਿੱਤ, ਲੜੀ ਕਰਵਾਈ ਬਰਾਬਰ



**ਨਵੀਂ ਦਿੱਲੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਓਵਲ ਵਿੱਚ ਖੇਡਿਆ ਗਿਆ ਪੰਜਵਾਂ ਅਤੇ ਆਖਰੀ ਟੈਸਟ ਛੇ ਦੌੜਾਂ ਨਾਲ ਜਿੱਤ ਲਿਆ ਹੈ। ਭਾਰਤ ਨੇ 374 ਦੌੜਾਂ ਦਾ ਟੀਚਾ ਰੱਖਿਆ ਸੀ। ਜਵਾਬ ਵਿੱਚ, ਅੰਗਰੇਜ਼ੀ ਟੀਮ 367 ਦੌੜਾਂ 'ਤੇ ਆਊਟ ਹੋ ਗਈ। ਇੰਗਲੈਂਡ ਨੂੰ ਪੰਜਵੇਂ ਦਿਨ ਜਿੱਤਣ ਲਈ 35 ਦੌੜਾਂ ਦੀ ਲੋੜ ਸੀ ਅਤੇ ਭਾਰਤ ਨੂੰ ਚਾਰ ਵਿਕਟਾਂ ਦੀ ਲੋੜ ਸੀ। ਸਿਰਾਜ ਨੇ ਅੱਜ ਤਿੰਨ ਵਿਕਟਾਂ ਲਈਆਂ, ਜਦੋਂ ਕਿ ਪ੍ਰਸਿਧ ਕ੍ਰਿਸ਼ਨ ਨੇ ਇੱਕ ਵਿਕਟ ਲਈ। ਸਿਰਾਜ ਨੇ ਪਾਰੀ ਵਿੱਚ ਪੰਜ ਵਿਕਟਾਂ ਲਈਆਂ, ਜਦੋਂ ਕਿ ਪ੍ਰਸਿਧ ਕ੍ਰਿਸ਼ਨ ਨੇ ਚਾਰ ਵਿਕਟਾਂ ਲਈਆਂ। ਆਕਾਸ਼ ਦੀਪ ਨੇ ਇੱਕ ਵਿਕਟ ਲਈ। ਇਸ ਨਾਲ, ਪੰਜ ਮੈਚਾਂ ਦੀ ਟੈਸਟ ਲੜੀ 2-2 ਨਾਲ ਡਰਾਅ 'ਤੇ ਖਤਮ ਹੋਈ। ਸ਼ੁਭਮਨ ਗਿੱਲ ਦੀ ਅਗਵਾਈ ਵਾਲੀ ਨੌਜਵਾਨ ਟੀਮ ਦਾ ਇਹ ਇਤਿਹਾਸਕ ਪ੍ਰਦਰਸ਼ਨ ਹੈ। ਇਸ ਦੌਰੇ ਤੋਂ ਪਹਿਲਾਂ ਕਿਸੇ ਵੀ ਕ੍ਰਿਕਟ ਪੰਡਿਤਾਂ ਨੇ ਭਾਰਤ ਨੂੰ ਮਨਪਸੰਦ ਨਹੀਂ ਕਿਹਾ ਸੀ। ਹਾਲਾਂਕਿ, ਗਿੱਲ ਦੀ ਨੌਜਵਾਨ ਟੀਮ ਨੇ ਸਾਰੇ ਆਲੋਚਕਾਂ ਨੂੰ ਚੁੱਪ ਕਰਵਾ ਦਿੱਤਾ ਅਤੇ ਲੜੀ 2-2 ਨਾਲ ਡਰਾਅ ਕਰ ਲਈ।

ਭਾਰਤ ਨੇ ਪਹਿਲੀ ਪਾਰੀ ਵਿੱਚ 224 ਦੌੜਾਂ ਬਣਾਈਆਂ। ਜਵਾਬ ਵਿੱਚ, ਇੰਗਲੈਂਡ ਦੀ ਪਹਿਲੀ ਪਾਰੀ 247 'ਤੇ ਖਤਮ ਹੋਈ ਅਤੇ ਅੰਗਰੇਜ਼ੀ ਟੀਮ ਨੇ 23 ਦੌੜਾਂ ਦੀ ਲੀਡ ਲੈ ਲਈ। ਭਾਰਤ ਨੇ ਆਪਣੀ ਦੂਜੀ ਪਾਰੀ ਵਿੱਚ 396 ਦੌੜਾਂ ਬਣਾਈਆਂ ਅਤੇ ਕੁੱਲ 373 ਦੌੜਾਂ ਦੀ ਲੀਡ ਲੈ ਲਈ ਅਤੇ 374 ਦੌੜਾਂ ਦਾ ਟੀਚਾ ਰੱਖਿਆ। ਜਵਾਬ ਵਿੱਚ, ਇੰਗਲੈਂਡ ਦੀ ਦੂਜੀ ਪਾਰੀ 367 ਦੌੜਾਂ 'ਤੇ ਆਊਟ ਹੋ ਗਈ। ਜੋਅ ਰੂਟ ਦੀਆਂ 105 ਦੌੜਾਂ ਅਤੇ ਹੈਰੀ ਬਰੂਕ ਦੀਆਂ 111 ਦੌੜਾਂ ਇੰਗਲੈਂਡ ਨੂੰ ਹਾਰ ਤੋਂ ਨਹੀਂ ਬਚਾ ਸਕੀਆਂ। ਜਿਵੇਂ ਹੀ ਸਿਰਾਜ ਨੇ ਆਖਰੀ ਵਿਕਟ ਦੇ ਤੌਰ 'ਤੇ ਯਾਰਕਰ ਨਾਲ ਐਟਕਿੰਸਨ ਨੂੰ ਕਲੀਨ ਬੋਲਡ ਕੀਤਾ, ਭਾਰਤੀ ਪ੍ਰਸ਼ੰਸਕਾਂ ਅਤੇ ਖਿਡਾਰੀਆਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ। ਸਿਰਾਜ ਦੌੜਿਆ ਅਤੇ ਭਾਰਤੀ ਖਿਡਾਰੀ ਉਸਨੂੰ ਜੱਫੀ ਪਾਉਣ ਲਈ ਦੌੜੇ।

# SSC ਪ੍ਰੀਖਿਆ ਰੱਦ ਨਹੀਂ ਹੋਵੇਗੀ: ਪ੍ਰਭਾਵਿਤ ਵਿਦਿਆਰਥੀਆਂ ਦੀ ਮੁੜ ਪ੍ਰੀਖਿਆ

**ਨਵੀਂ ਦਿੱਲੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟਾਫ ਸਿਲੈਕਸ਼ਨ ਕਮਿਸ਼ਨ ਦੇ ਚੇਅਰਮੈਨ ਐਸ ਗੋਪਾਲਕ੍ਰਿਸ਼ਨਨ ਨੇ ਪ੍ਰੀਖਿਆ ਦੌਰਾਨ ਹੋਏ ਮਾੜੇ ਪ੍ਰਬੰਧਾਂ ਦੇ ਵਿਰੋਧ ਵਿੱਚ ਕਿਹਾ ਕਿ ਐਸਐਸਸੀ ਦੀ ਹਾਲ ਵਿੱਚ ਹੋਈ ਸਿਲੈਕਸ਼ਨ ਪੋਸਟ ਫੇਜ਼ 13 ਦੀ ਪ੍ਰੀਖਿਆ ਰੱਦ ਨਹੀਂ ਕੀਤੀ ਜਾਵੇਗੀ ਜਦਕਿ ਪ੍ਰਭਾਵਿਤ ਵਿਦਿਆਰਥੀਆਂ ਦੀ ਪ੍ਰੀਖਿਆ ਦੁਬਾਰਾ ਲਏ ਜਾਣ ਦੀ ਸੰਭਾਵਨਾ ਹੈ, ਜਿਨ੍ਹਾਂ ਨੂੰ 'ਨਿਰਪੱਖ ਮੌਕਾ' ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਸੰਸਥਾ ਨੇ ਪ੍ਰੀਖਿਆ ਵੈਂਡਰ ਐਡੂਕਿਟੀ ਕਰੀਅਰ ਟੈਕਨਾਲੋਜੀਜ਼ ਨੂੰ ਵੀ ਪੱਤਰ ਲਿਖਿਆ ਹੈ, ਜਿਸ ਵਿੱਚ ਫਰਮ ਨੂੰ 24 ਜੁਲਾਈ-1 ਅਗਸਤ ਟੈਸਟ ਵਿੰਡੋ ਦੌਰਾਨ ਰਿਪੋਰਟ ਕੀਤੇ ਗਏ ਸਾਰੇ ਮੁੱਦਿਆਂ ਨੂੰ ਹੱਲ ਕਰਨ ਲਈ ਕਿਹਾ ਗਿਆ ਹੈ।

ਚੇਅਰਮੈਨ ਨੇ ਕਿਹਾ, ÷ਅਸੀਂ ਡੇਟਾ ਦਾ ਵਿਸ਼ਲੇਸ਼ਣ ਕਰ ਰਹੇ ਹਾਂ। ਜੇ ਸਾਨੂੰ ਇੱਕ ਵੀ ਉਮੀਦਵਾਰ ਮਿਲਦਾ ਹੈ ਜਿਸ ਨਾਲ ਗਲਤ ਹੋਇਆ ਹੈ ਤਾਂ ਅਸੀਂ ਉਨ੍ਹਾਂ ਲਈ ਮੁੜ ਪ੍ਰੀਖਿਆ ਲਵਾਂਗੇ।÷

ਦੱਸ ਦਈਏ ਕਿ ਐਸਐਸਸੀ ਇੱਕ ਕੇਂਦਰੀ ਸੰਸਥਾ ਹੈ ਜੋ ਕੇਂਦਰੀ ਮੰਤਰਾਲਿਆਂ, ਵਿਭਾਗਾਂ ਅਤੇ ਹੋਰ ਸਰਕਾਰੀ ਸੰਗਠਨਾਂ ਵਿੱਚ ਵੱਖ-ਵੱਖ ਅਹੁਦਿਆਂ ਲਈ ਭਰਤੀ ਪ੍ਰੀਖਿਆਵਾਂ ਕਰਾਉਂਦੀ ਹੈ। ਫੇਜ਼ 13 ਦੀ ਪ੍ਰੀਖਿਆ ਜੋ ਕਿ 24 ਜੁਲਾਈ ਤੋਂ 1 ਅਗਸਤ ਦੇ ਵਿਚਕਾਰ 142 ਸ਼ਹਿਰਾਂ ਦੇ 194 ਕੇਂਦਰਾਂ ਵਿੱਚ ਕਰਵਾਈ ਗਈ ਸੀ, ਜਿਸ ਦੌਰਾਨ ਵਿਦਿਆਰਥੀਆਂ ਨੂੰ ਸਾਫਟਵੇਅਰ ਕਰੈਸ਼ ਹੋਣ, ਬਾਇਓਮੈਟ੍ਰਿਕ ਤਸਦੀਕ ਅਸਫਲਤਾਵਾਂ ਅਤੇ ਗਲਤ ਕੇਂਦਰ ਅਲਾਟਮੈਂਟਾਂ ਵਰਗੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪ੍ਰੀਖਿਆ ਵਿੰਡੋ ਦੌਰਾਨ ਲਗਭਗ 5 ਲੱਖ ਉਮੀਦਵਾਰ ਪ੍ਰੀਖਿਆ ਲਈ ਬੈਠੇ ਸਨ।

ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਪਿਛਲੇ ਹਫ਼ਤੇ ਤੋਂ ਦਿੱਲੀ ਦੀਆਂ ਸੜਕਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਗਏ। ਇਹ ਪ੍ਰਦਰਸ਼ਨ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵੀ ਤੇਜ਼ੀ ਨਾਲ ਵਾਇਰਲ ਹੋਈਆਂ।

# 'ਤੁਹਾਨੂੰ ਕਿਵੇਂ ਪਤਾ ਲੱਗਾ ਕਿ ਚੀਨ ਨੇ 2000 ਵਰਗ ਕਿਲੋਮੀਟਰ 'ਤੇ ਕਬਜ਼ਾ ਕੀਤਾ': ਸੁਪਰੀਮ ਕੋਰਟ ਵੱਲੋਂ ਰਾਹੁਲ ਗਾਂਧੀ ਨੂੰ ਝਾੜ

**ਨਵੀਂ ਦਿੱਲੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਰਾਹੁਲ ਗਾਂਧੀ ਵੱਲੋਂ 'ਭਾਰਤ ਜੋੜੋ' ਯਾਤਰਾ ਦੌਰਾਨ ਭਾਰਤੀ ਫੌਜ ਬਾਰੇ ਕੀਤੀਆਂ ਕਥਿਤ ਨਿਰਾਦਰਯੋਗ ਟਿੱਪਣੀਆਂ ਲਈ ਕਾਂਗਰਸ ਆਗੂ ਦੀ ਤਿੱਖੀ ਨੁਕਤਾਚੀਨੀ ਕਰਦਿਆਂ ਕਿ ਜੇਕਰ ਤੁਸੀਂ ਸੱਚੇ ਭਾਰਤੀ ਹੋ, ਤਾਂ ਤੁਸੀਂ ਅਜਿਹਾ ਕੁਝ ਨਹੀਂ ਕਹਿੰਦੇ। ਹਾਲਾਂਕਿ ਸਰਬਉੱਚ ਕੋਰਟ ਨੇ ਇਸ ਮਾਮਲੇ ਵਿੱਚ ਲਖਨਊ ਦੀ ਇੱਕ ਅਦਾਲਤ ਵਿੱਚ ਗਾਂਧੀ ਵਿਰੁੱਧ ਕਾਰਵਾਈ 'ਤੇ ਰੋਕ ਲਗਾ ਦਿੱਤੀ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਆਗਸਟੀਨ ਜੌਰਜ ਮਸੀਹ ਦੇ ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ ਅਤੇ ਮਾਮਲੇ ਵਿੱਚ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕੀਤਾ ਹੈ। ਬੈਂਚ ਨੇ ਕਿਹਾ, "ਤੁਸੀਂ ਵਿਰੋਧੀ ਧਿਰ ਦੇ ਨੇਤਾ ਹੋ। ਤੁਸੀਂ ਆਪਣੀ ਗੱਲ ਸੰਸਦ ਵਿੱਚ ਕਹੋ, ਤੁਸੀਂ ਸੋਸ਼ਲ ਮੀਡੀਆ 'ਤੇ ਇਹ ਕਿਉਂ ਕਿਹਾ? ਤੁਹਾਨੂੰ ਕਿਵੇਂ ਪਤਾ ਲੱਗਦਾ ਹੈ ਕਿ 2000 ਵਰਗ ਕਿਲੋਮੀਟਰ ਜ਼ਮੀਨ 'ਤੇ ਚੀਨੀਆਂ ਨੇ ਕਬਜ਼ਾ ਕਰ ਲਿਆ ਹੈ, ਜੇਕਰ ਤੁਸੀਂ ਸੱਚੇ ਭਾਰਤੀ ਹੋ, ਤਾਂ ਤੁਸੀਂ ਅਜਿਹੀ ਗੱਲ ਨਹੀਂ ਕਹਿੰਦੇ।"



ਅਲਾਹਾਬਾਦ ਹਾਈ ਕੋਰਟ ਨੇ 29 ਮਈ ਨੂੰ ਗਾਂਧੀ ਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ।

ਗਾਂਧੀ ਨੇ ਪਟੀਸ਼ਨ ਵਿਚ ਸੰਮਨ ਦੇ ਹੁਕਮ ਅਤੇ ਸ਼ਿਕਾਇਤ ਨੂੰ ਚੁਣੌਤੀ ਦਿੱਤੀ ਸੀ ਜਿਸ ਵਿੱਚ ਦਲੀਲ ਦਿੱਤੀ ਗਈ ਸੀ ਕਿ ਇਹ ਕੇਸ ਗਲਤ ਤਰੀਕੇ ਨਾਲ ਦਰਜ ਕੀਤਾ ਗਿਆ ਸੀ। ਇੱਥੋਂ ਦੀ ਇੱਕ ਅਦਾਲਤ ਵਿੱਚ ਦਾਇਰ ਆਪਣੀ ਪਟੀਸ਼ਨ ਵਿੱਚ ਸ਼ਿਕਾਇਤਕਰਤਾ ਉਦੈ ਸ਼ੰਕਰ ਸ੍ਰੀਵਾਸਤਵ ਨੇ ਦੋਸ਼ ਲਗਾਇਆ ਕਿ ਦਸੰਬਰ 2022 ਵਿਚ ਕੱਢੀ ਯਾਤਰਾ ਦੌਰਾਨ ਗਾਂਧੀ ਨੇ ਚੀਨ ਨਾਲ ਜਾਰੀ ਸਰਹੱਦੀ ਟਕਰਾਅ ਦੇ ਸੰਦਰਭ ਵਿੱਚ ਭਾਰਤੀ ਫੌਜ ਬਾਰੇ ਕਈ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ।

# ਪ੍ਰਧਾਨ ਮੰਤਰੀ ਮੋਦੀ ਨਾਲ ਚੰਗੇ ਸਬੰਧ, ਪਰ ਭਾਰਤ ਦਾ ਰੂਸ ਤੋਂ ਤੇਲ ਖਰੀਦਣਾ ਸਵੀਕਾਰ ਨਹੀਂ: ਅਮਰੀਕਾ

**ਵਾਸ਼ਿੰਗਟਨ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵ੍ਹਾਈਟ ਹਾਊਸ ਵਿਚ ਡਿਪਟੀ ਚੀਫ਼ ਆਫ ਸਟਾਫ਼ ਸਟੀਫਨ ਮਿੱਲਰ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਰੂਸ ਤੋਂ ਤੇਲ ਖਰੀਦੇ ਇਹ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦੇ ਜਾਣ ਕਰਕੇ ਰੂਸ ਨੂੰ ਯੂਕਰੇਨ ਖਿਲਾਫ਼ ਜੰਗ ਵਿਚ ਵਿੱਤੀ ਮਦਦ ਮਿਲੀ।

ਮਿਲਰ ਨੇ ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਇਹ ਸਵੀਕਾਰਯੋਗ ਨਹੀਂ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦ ਕੇ ਰੂਸ-ਯੂਕਰੇਨ ਜੰਗ ਵਿਚ ਵਿੱਤੀ ਮਦਦ ਪ੍ਰਦਾਨ ਕਰੇ। ਲੋਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਭਾਰਤ ਮੂਲ ਰੂਪ ਵਿੱਚ ਰੂਸੀ ਤੇਲ ਖਰੀਦਣ ਵਿੱਚ ਚੀਨ ਨਾਲ ਜੁੜਿਆ ਹੋਇਆ ਹੈ। ਇਹ ਇੱਕ ਹੈਰਾਨੀਜਨਕ ਤੱਥ ਹੈ।"

ਮਿਲਰ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 'ਜ਼ਬਰਦਸਤ' ਸਬੰਧ ਹਨ, ਅਤੇ ਖੇਤਰ ਲਈ ਸ਼ਾਂਤੀ ਦੇ ਬਦਲ ਵਿਚਾਰਧੀਨ ਹਨ। ਉਨ੍ਹਾਂ ਕਿਹਾ, "ਰਾਸ਼ਟਰਪਤੀ ਟਰੰਪ ਦੇ ਭਾਰਤ ਅਤੇ ਪ੍ਰਧਾਨ ਮੰਤਰੀ ਨਾਲ ਹਮੇਸ਼ਾ ਹੀ ਬਹੁਤ ਵਧੀਆ ਸਬੰਧ ਰਹੇ ਹਨ। ਪਰ ਸਾਨੂੰ ਇਸ ਜੰਗ ਦੇ ਵਿੱਤ ਨਾਲ ਨਜਿੱਠਣ ਬਾਰੇ ਅਸਲੀਅਤ ਜਾਣਨੀ ਪਵੇਗੀ। ਲਿਹਾਜ਼ਾ ਰਾਸ਼ਟਰਪਤੀ ਟਰੰਪ ਲਈ, ਯੂਕਰੇਨ ਵਿੱਚ ਚੱਲ ਰਹੀ ਜੰਗ ਨਾਲ ਕੂਟਨੀਤਕ, ਵਿੱਤੀ ਅਤੇ ਹੋਰ ਤਰੀਕਿਆਂ ਨਾਲ ਨਜਿੱਠਣ ਲਈ ਸਾਰੇ ਬਦਲ ਵਿਚਾਰਧੀਨ ਹਨ।" ਮਿਲਰ ਨੇ ਦੋਸ਼ ਲਗਾਇਆ ਕਿ ਭਾਰਤ ਅਮਰੀਕੀ ਉਤਪਾਦਾਂ ਨੂੰ ਸਵੀਕਾਰ ਨਹੀਂ ਕਰਦਾ ਕਿਉਂਕਿ ਉਹ ਉਨ੍ਹਾਂ 'ਤੇ ਭਾਰੀ ਟੈਰਿਫ ਲਗਾਉਂਦਾ ਹੈ।

ਉਨ੍ਹਾਂ ਕਿਹਾ, "ਭਾਰਤ ਸਾਡੇ ਉਤਪਾਦਾਂ ਨੂੰ ਸਵੀਕਾਰ ਨਹੀਂ ਕਰਦਾ, ਉਹ ਸਾਡੇ 'ਤੇ ਭਾਰੀ ਟੈਰਿਫ ਲਗਾਉਂਦੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਉਹ ਇਮੀਗ੍ਰੇਸ਼ਨ ਨੀਤੀਆਂ 'ਤੇ ਬਹੁਤ ਧੋਖਾਧੜੀ ਕਰਦੇ ਹਨ। ਇਹ ਅਮਰੀਕੀ ਕਾਮਿਆਂ ਲਈ ਬਹੁਤ ਨੁਕਸਾਨਦੇਹ ਹੈ।" ਕਾਬਿਲੇਗੌਰ ਹੈ ਕਿ ਅਮਰੀਕੀ ਸਦਰ ਡੋਨਲਡ ਟਰੰਪ ਨੇ 1 ਅਗਸਤ ਨੂੰ ਦਾਅਵਾ ਕੀਤਾ ਸੀ ਕਿ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਸਕਦਾ ਹੈ, ਜਦੋਂ ਕਿ ਭਾਰਤ ਨੇ ਆਪਣੇ ਕੌਮੀ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਊਰਜਾ ਨੀਤੀ ਨੂੰ ਅਪਣਾਉਣ ਦੇ ਆਪਣੇ ਪ੍ਰਭੂਸੱਤਾ ਅਧਿਕਾਰ ਦਾ ਬਚਾਅ ਕੀਤਾ।

# ਟੋਏ 'ਚ ਗੱਡੀ ਡਿੱਗਣ ਕਾਰਨ 5 ਕਾਂਵੜੀਆਂ ਦੀ ਮੌਤ

**ਭਾਗਲਪੁਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਦੇ ਭਾਗਲਪੁਰ ਜ਼ਿਲ੍ਹੇ ਵਿੱਚ ਸੜਕ ਕਿਨਾਰੇ ਪਾਣੀ ਨਾਲ ਭਰੇ ਇੱਕ ਟੋਏ ਵਿੱਚ ਗੱਡੀ ਡਿੱਗਣ ਕਾਰਨ ਪੰਜ ਸ਼ਰਧਾਲੂ ਕਾਂਵੜੀਆ ਦੀ ਮੌਤ ਹੋ ਗਈ। ਇੱਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸਬ-ਡਿਵੀਜ਼ਨਲ ਮੈਜਿਸਟ ?ਰੇਟ (ਸਦਰ) ਵਿਕਾਸ ਕੁਮਾਰ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਰਾਤ ਨੂੰ ਸ਼ਾਹਕੁੰਡ ਬਲਾਕ ਵਿੱਚ ਵਾਪਰੀ ਹੈ।

ਉਨ੍ਹਾਂ ਕਿਹਾ, ਜ਼ਾਹਿਰ ਤੌਰ 'ਤੇ ਮੀਂਹ ਦੇ ਬਾਵਜੂਦ ਗੱਡੀ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ ਅਤੇ ਡਰਾਈਵਰ ਨੇ ਸੰਤੁਲਨ ਗੁਆ ਦਿੱਤਾ। ਸਥਾਨਕ ਲੋਕਾਂ ਦੀ ਮਦਦ ਨਾਲ ਪੁਲੀਸ ਕਰਮਚਾਰੀਆਂ ਨੇ ਗੱਡੀ ਅਤੇ ਉਸ ਵਿੱਚ ਸਵਾਰ ਲੋਕਾਂ ਨੂੰ ਬਾਹਰ ਕੱਢਿਆ। ਡਰਾਈਵਰ ਸਮੇਤ ਸਾਰੇ ਪੰਜ ਸਵਾਰਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਉਨ੍ਹਾਂ ਦੱਸਿਆ ਕਿ ਮ੍ਰਿਤਕ ਸਾਰੇ ਸਥਾਨਕ ਵਸਨੀਕ ਸਨ ਅਤੇ ਗੁਆਂਢੀ ਬਾਂਕਾ ਜ਼ਿਲ੍ਹੇ ਵਿੱਚ ਇੱਕ ਧਾਰਮਿਕ ਅਸਥਾਨ 'ਤੇ ਜਾ ਰਹੇ ਸਨ।

# ਵਿੱਤ ਮੰਤਰੀ ਚੀਮਾ ਵੱਲੋਂ ਜੰਗਲਾਤ ਅਤੇ ਸਿੱਖਿਆ ਵਿਭਾਗ ਦੀਆਂ ਯੂਨੀਅਨਾਂ ਨਾਲ ਮੀਟਿੰਗਾਂ, ਜਾਇਜ਼ ਮੁੱਦਿਆਂ ਨੂੰ ਹੱਲ ਕਰਨ ਦਾ ਦਿੱਤਾ ਭਰੋਸਾ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ, ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਜੰਗਲਾਤ ਵਿਭਾਗ ਅਤੇ ਸਿੱਖਿਆ ਵਿਭਾਗ ਦੀਆਂ ਵੱਖ-ਵੱਖ ਯੂਨੀਅਨਾਂ ਨਾਲ ਮੀਟਿੰਗਾਂ ਕੀਤੀਆਂ। ਸਿੱਖਿਆ ਵਿਭਾਗ ਦੀਆਂ ਯੂਨੀਅਨਾਂ ਨਾਲ ਮੀਟਿੰਗਾਂ ਦੌਰਾਨ ਉਨ੍ਹਾਂ ਦੇ ਨਾਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ।



ਪੰਜਾਬ ਸਿਵਲ ਸਕੱਤਰੇਤ ਵਿੱਚ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਹੋਈਆਂ ਇਨ੍ਹਾਂ ਮੀਟਿੰਗਾਂ ਦਾ ਉਦੇਸ਼ ਯੂਨੀਅਨਾਂ ਦੁਆਰਾ ਉਠਾਈਆਂ ਗਈਆਂ ਜਾਇਜ਼ ਮੰਗਾਂ ਅਤੇ ਮੁੱਦਿਆਂ ਨੂੰ ਹੱਲ ਕਰਨਾ ਸੀ। ਮੀਟਿੰਗਾਂ ਦੌਰਾਨ, ਜੰਗਲਾਤ ਵਰਕਰਜ਼ ਯੂਨੀਅਨ, ਈ.ਟੀ.ਟੀ. ਟੈਸਟ ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ), ਮੁੜਬਹਾਲ ਕੱਚੇ ਅਧਿਆਪਕ ਯੂਨੀਅਨ, ਅਤੇ ਬੇਰੁਜ਼ਗਰ ਬੀ.ਐਡ ਟੀ.ਈ.ਟੀ. ਪਾਸ ਅਧਿਆਪਕ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ।

ਜੰਗਲਾਤ ਕਰਮਚਾਰੀ ਯੂਨੀਅਨ ਨਾਲ ਮੀਟਿੰਗ ਦੌਰਾਨ, ਜੰਗਲਾਤ ਵਿਭਾਗ ਦੇ ਸਕੱਤਰ ਪ੍ਰਿਯਾਂਕ ਭਾਰਤੀ ਨੇ ਵਿੱਤ ਮੰਤਰੀ ਚੀਮਾ ਨੂੰ ਯੂਨੀਅਨ ਦੀਆਂ ਮੰਗਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਵਿੱਤ ਮੰਤਰੀ ਨੇ ਯੂਨੀਅਨ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਅਫਸਰ ਕਮੇਟੀ ਵਿੱਚ ਯੂਨੀਅਨ ਦੀਆਂ ਮੁੱਖ ਮੰਗਾਂ 'ਤੇ ਵਿਚਾਰ ਕਰਨ ਉਪਰੰਤ ਕੈਬਨਿਟ ਸਬ-ਕਮੇਟੀ ਦੇ ਸਾਹਮਣੇ ਪ੍ਰਸਤਾਵ ਰੱਖਣ।

ਸਿੱਖਿਆ ਵਿਭਾਗ ਦੀਆਂ ਯੂਨੀਅਨਾਂ ਨਾਲ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਚੀਮਾ ਅਤੇ ਸਿੱਖਿਆ ਮੰਤਰੀ ਬੈਂਸ ਨੇ ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਪਹਿਲਾਂ ਹੀ ਵਿਚਾਰ ਅਧੀਨ ਹਨ। ਉਨ੍ਹਾਂ ਨੇ ਸਾਰੀਆਂ ਜਾਇਜ਼ ਮੰਗਾਂ ਨੂੰ ਸਮੇਂ ਸਿਰ ਪੂਰਾ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਮੀਟਿੰਗਾਂ ਵਿੱਚ ਹੋਰਨਾਂ ਤੋਂ ਇਲਾਵਾ, ਜੰਗਲਾਤ ਵਰਕਰਜ਼ ਯੂਨੀਅਨ ਤੋਂ ਯੂਨੀਅਨ ਪ੍ਰਧਾਨ ਅਮਰੀਕ ਸਿੰਘ, ਸੀਨੀਅਰ ਮੀਤ ਪ੍ਰਧਾਨ ਰਵੀ ਕਾਂਤ ਅਤੇ ਉਪ ਪ੍ਰਧਾਨ ਸਤਨਾਮ ਸਿੰਘ, ਮੁੜਬਹਾਲ ਕੱਚੇ ਅਧਿਆਪਕ ਯੂਨੀਅਨ ਤੋਂ ਯੂਨੀਅਨ ਪ੍ਰਧਾਨ ਵਿਕਾਸ ਸਾਹਨੀ, ਉਪ ਪ੍ਰਧਾਨ ਲਖਵਿੰਦਰ ਕੌਰ ਅਤੇ ਸਕੱਤਰ ਅਮਨਦੀਪ ਕੌਰ, ਬੇਰੁਜ਼ਗਾਰ ਬੀ.ਐਡ ਟੀਈਟੀ ਪਾਸ ਅਧਿਆਪਕ ਯੂਨੀਅਨ ਤੋਂ ਯੂਨੀਅਨ ਪ੍ਰਧਾਨ ਜਸਵੰਤ ਸਿੰਘ, ਨਸ਼ੱਤਰ ਸਿੰਘ, ਕੁਲਦੀਪ ਸਿੰਘ, ਅਤੇ ਈਟੀਟੀ ਟੈਸਟ ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ) ਤੋਂ ਯੂਨੀਅਨ ਪ੍ਰਧਾਨ ਕਮਲ ਠਾਕੁਰ, ਜਨਰਲ ਸਕੱਤਰ ਸੋਹਣ ਸਿੰਘ ਅਤੇ ਕੈਸ਼ੀਅਰ ਗੁਰਮੁਖ ਸਿੰਘ ਸ਼ਾਮਲ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ 6 ਅਗਸਤ ਨੂੰ ਪੱਖ ਰੱਖਣ ਲਈ ਸੱਦਿਆ

**ਅੰਮ੍ਰਿਤਸਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀਨਗਰ (ਜੰਮੂ-ਕਸ਼ਮੀਰ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਮਰਿਆਦਾ ਦੀ ਉਲੰਘਣਾ ਸਬੰਧੀ ਦੋਸ਼ਾਂ ਦੇ ਮਾਮਲੇ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀ ਅਕਾਲ ਤਖਤ ਵਿਖੇ 6 ਅਗਸਤ ਨੂੰ ਆਪਣਾ ਪੱਖ ਰੱਖਣ ਵਾਸਤੇ ਸੱਦਿਆ ਗਿਆ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨੇੜਲੇ ਰਿਸ਼ਤੇਦਾਰ ਦਾ ਦੇਹਾਂਤ ਹੋ ਜਾਣ ਕਾਰਨ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਹੁਣ ਦੁਬਾਰਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਰੱਖੀ ਗਈ ਹੈ ਅਤੇ ਕੈਬਨਿਟ ਮੰਤਰੀ ਸ੍ਰੀ ਬੈਂਸ ਨੂੰ ਪੇਸ਼ ਹੋਣ ਲਈ ਸੂਚਿਤ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੜਗੱਜ ਦੀ ਅਗਵਾਈ ਵਿੱਚ ਵੱਖ-ਵੱਖ ਪੰਥਕ ਅਤੇ ਧਾਰਮਿਕ ਮਾਮਲੇ ਵਿਚਾਰਨ ਲਈ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 6 ਅਸਗਤ ਨੂੰ ਸਵੇਰੇ 9 ਵਜੇ ਹੋਵੇਗੀ। ਇਹ ਜਾਣਕਾਰੀ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 6 ਅਗਸਤ ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਗਏ ਇਤਰਾਜ਼ਯੋਗ ਪ੍ਰੋਗਰਾਮ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਕਰਕੇ ਪੇਸ਼ ਹੋਣ ਲਈ ਆਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਈ-ਮੇਲ ਰਾਹੀਂ ਜਾਣਕਾਰੀ ਭੇਜ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਆਪਣੇ ਕਰੀਬੀ ਰਿਸ਼ਤੇਦਾਰ ਦੇ ਆਨੰਦ ਕਾਰਜ ਲਈ 12 ਅਗਸਤ ਤੱਕ ਵਿਦੇਸ਼ ਗਏ ਹਨ, ਜਿਸ ਲਈ ਉਨ੍ਹਾਂ ਨੂੰ ਬਾਅਦ ਵਿੱਚ ਪੇਸ਼ ਹੋਣ ਲਈ ਸੱਦਿਆ ਜਾਵੇਗਾ।

# ਲੈਂਡ ਪੂਲਿੰਗ: ਸੁਖਬੀਰ ਬਾਦਲ ਸਮੇਤ ਅਕਾਲੀ ਆਗੂਆਂ ਵੱਲੋਂ ਬਠਿੰਡਾ 'ਚ ਰੋਸ ਧਰਨਾ



**ਬਠਿੰਡਾ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੈਂਡ ਪੂਲਿੰਗ ਮਾਮਲੇ ਨੂੰ ਲੈ ਕੇ ਅਕਾਲੀ ਦਲ ਵੱਲੋਂ ਬਠਿੰਡਾ ਦੇ ਜਿਲ੍ਹਾ ਪ੍ਰਬੰਧਕੀ ਕਪਲੈਕਸ ਅੱਗੇ ਸੋਮਵਾਰ ਨੂੰ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਦੀ ਅਗਵਾਈ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੀਤੀ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਸ਼੍ਰੋਮਣੀ ਅਕਾਲੀ ਦਲ ਨਾਲ ਹੈ। ਉਨ੍ਹਾਂ ਆਪਣੇ ਪਿਤਾ ਸ਼ ?ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬਾਪੂ ਸ਼ਬਦ ਨਾਲ ਸੰਬੋਧਨ ਕਰਦਿਆਂ ਕਿਹਾ ਹੁਣ ਬਾਪੂ ਬਾਦਲ ਦੀ ਪਾਰਟੀ ਦੇ ਵਾਰਸ ਮੈਦਾਨ ਵਿੱਚ ਆ ਚੁੱਕੇ ਹਨ। ਉਨ੍ਹਾਂ ਮੁੱਖ ਮੰਤਰੀ ਪੰਜਾਬ ਤੇ ਕੇਜਰੀਵਾਲ ਲੈਂਡ ਪੂਲਿੰਗ ਦੀ ਆੜ 'ਚ ਕਿਸਾਨਾਂ ਦੀ ਜ਼ਮੀਨ ਖੋਹਣ 'ਤੇ ਲੱਗੇ ਹਨ, ਇਹ ਸਕੀਮ ਕਿਸਾਨ ਵਿਰੋਧੀ ਅਤੇ ਜਮੀਨ ਦਲਾਲੀ ਨੂੰ ਵਧਾਵਾ ਦੇਣ ਵਾਲੀ ਹੈ।

ਸੁਖਬੀਰ ਬਾਦਲ ਨੇ ਕਿਹਾ ਕਿ ਬਠਿੰਡਾ ਸਮੇਤ ਪੰਜਾਬ ਦੇ ਕਈ ਹਿੱਸਿਆਂ 'ਚ ਲੋਕਾਂ ਦੀਆਂ ਜ਼ਮੀਨਾਂ ਨੂੰ ਵਿਕਾਸ ਦੇ ਨਾਮ 'ਤੇ ਜਬਰੀ ਹਥਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸਨੂੰ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਿੱਲੀ ਦੇ ਬਿਲਡਰਾਂ ਨਾਲ ਮੀਟਿੰਗ ਕਰਕੇ ਪੰਜਾਬ ਦੀ ਅਫ਼ਸਰਸ਼ਾਹੀ ਦੇ ਸਹਿਯੋਗ ਨਾਲ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਮਾਨਸਾ ਦੀ ਹਜਾਰਾਂ ਏਕੜ ਜ਼ਮੀਨ ਤੇ ਲੈਂਡ ਪੂਲਿੰਗ ਰਾਹੀਂ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਮੌਕੇ ਅਕਾਲੀ ਆਗੂਆਂ ਨੇ ਐਲਾਨ ਕੀਤਾ ਕਿ ਜੇ ਲੈਂਡ ਪੂਲਿੰਗ ਸਕੀਮ ਰੱਦ ਨਾ ਕੀਤੀ ਗਈ ਤਾਂ ਅਕਾਲੀ ਦਲ ਪੰਜਾਬ ਭਰ 'ਚ ਰੋਸ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ ਜਾਣਗੀਆਂ।

ਇਸ ਮੌਕੇ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ, ਸਾਬਕਾ ਸੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਵੀ ਮਾਨ ਸਰਕਾਰ ਤੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ 'ਆਪ' ਦੀ ਅਗਾਵਈ ਵਾਲੀ ਪੰਜਾਬ ਸਕਰਾਰ ਸੂਬੇ ਨੂੰ ਕਰਜਾਈ ਕਰਨ ਤੇ ਤੁਲੇ ਹੋਈ ਹੈ।

ਧਰਨੇ ਦੌਰਾਨ ਅਕਾਲੀ ਦਲ ਦੇ ਹੋਰ ਆਗੂ ਜਿਲ੍ਹਾ ਪ੍ਰਧਾਨ ਜਗਸੀਰ ਸਿੰਘ ਕਲਿਆਣ, ਸਾਬਕਾ ਜਿਲ੍ਹਾ ਪ੍ਰਧਾਨ ਬਲਕਾਰ ਸਿੰਘ ਬਰਾੜ, ਬਠਿੰਡਾ ਦੇ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿਲੋਂ, ਬਠਿੰਡਾ, ਐਡਵੋਕੇਟ ਰਾਜਵਿੰਦਰ ਸਿੰਘ, ਸਾਬਕਾ ਮੇਅਰ ਬਲਜੀਤ ਸਿੰਘ ਬੀੜ ਬਹਿਮਨ, ਸੁਖਰਾਜ ਸਿੰਘ ਰਾਜੀ, ਅਮਰਜੀਤ ਜੰਡਾ ਵਾਲਾ, ਜਗਤਾਰ ਸਿੰਘ ਬਰਾੜ,ਮੋਹਿਤ ਗੁਪਤਾ, ਇਲਾਕੇ ਦੇ ਕਈ ਪਿੰਡਾਂ ਤੋਂ ਆਏ ਅਕਾਲੀ ਵੀ ਮੌਜੂਦ ਸਨ। ਇਸ ਮੌਕੇ ਅਕਾਲੀ ਵਰਕਰਾਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਆਪਣੀਆਂ ਜ਼ਮੀਨਾਂ ਦੀ ਰਾਖੀ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

# ਦਸ ਜ਼ਿਲ੍ਹਾ ਤੇ ਸੈਸ਼ਨ ਜੱਜਾਂ ਨੇ ਹਾਈ ਕੋਰਟ ਦੇ ਵਧੀਕ ਜੱਜਾਂ ਵਜੋਂ ਸਹੁੰ ਚੁੱਕੀ

## ਕੁੱਲ ਨਫ਼ਰੀ ਵਧ ਕੇ 59 ਹੋਈ; ਬਕਾਇਆ ਕੇਸਾਂ ਦੇ ਨਿਪਟਾਰੇ ਨੂੰ ਮਿਲੇਗੀ ਰਫ਼ਤਾਰ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਦੇ ਦਸ ਜ਼ਿਲ੍ਹਾ ਤੇ ਸੈਸ਼ਨ ਜੱਜਾਂ ਨੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਧੀਕ ਜੱਜਾਂ ਵਜੋਂ ਸਹੁੰ ਚੁੱਕੀ। ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਹਾਈ ਕੋਰਟ ਵਿਚ ਕੁੱਲ ਜੱਜਾਂ ਦੀ ਨਫ਼ਰੀ 59 ਹੋ ਗਈ ਹੈ ਜਦੋਂਕਿ ਜੱਜਾਂ ਦੀ ਮਨਜ਼ੂਰਸ਼ੁਦਾ ਗਿਣਤੀ 85 ਹੈ। ਇਹ ਨਿਯੁਕਤੀਆਂ 4,33,720 ਬਕਾਇਆ ਮਾਮਲਿਆਂ ਦੀ ਗਿਣਤੀ ਘਟਾਉਣ ਲਈ ਸਾਂਝੇ ਸੰਸਥਾਗਤ ਯਤਨ ਵਜੋਂ ਕੀਤੀਆਂ ਗਈਆਂ ਹਨ।

ਹਾਈ ਕੋਰਟ ਦੇ ਆਡੀਟੋਰੀਅਮ ਵਿੱਚ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਚੀਫ਼ ਜਸਟਿਸ ਸ਼ੀਲ ਨਾਗੂ ਨੇ ਇਨ੍ਹਾਂ ਜੱਜਾਂ ਨੂੰ ਸਹੁੰ ਚੁਕਾਈ। ਇਸ ਮੌਕੇ ਮੌਜੂਦਾ ਅਤੇ ਸੇਵਾਮੁਕਤ ਜੱਜ, ਸੀਨੀਅਰ ਨੌਕਰਸ਼ਾਹ, ਕਾਨੂੰਨੀ ਭਾਈਚਾਰੇ ਦੇ ਮੈਂਬਰ ਅਤੇ ਨਵਨਿਯੁਕਤ ਜੱਜਾਂ ਦੇ ਪਰਿਵਾਰ ਸ਼ਾਮਲ ਹੋਏ।

ਹਲਫ਼ ਲੈਣ ਵਾਲਿਆਂ ਵਿੱਚ ਵੀਰਿੰਦਰ ਅਗਰਵਾਲ, ਮਨਦੀਪ ਪੰਨੂ, ਅਮਰਿੰਦਰ ਸਿੰਘ ਗਰੇਵਾਲ, ਪਰਮੋਦ ਗੋਇਲ, ਰੁਪਿੰਦਰਜੀਤ ਚਾਹਲ, ਸ਼ਾਲਿਨੀ ਸਿੰਘ ਨਾਗਪਾਲ, ਸੁਭਾਸ਼ ਮੇਹਲਾ, ਸੂਰਿਆ ਪ੍ਰਤਾਪ ਸਿੰਘ, ਆਰਾਧਨਾ ਸਾਹਨੀ ਅਤੇ ਯਸ਼ਵੀਰ ਸਿੰਘ ਰਾਠੌਰ ਸ਼ਾਮਲ ਹਨ। ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਬਕਾਇਆ ਕੇਸਾਂ ਦੇ ਨਿਪਟਾਰੇ ਨੂੰ ਰਫ਼ਤਾਰ ਮਿਲਣ ਦੀ ਉਮੀਦ ਹੈ, ਜਦੋਂ ਹਾਈ ਕੋਰਟ ਦਹਾਕਿਆਂ ਤੋਂ ਇਕੱਠੇ ਹੋਏ ਬੈਕਲਾਗ ਨੂੰ ਖਤਮ ਕਰਨ ਦੇ ਔਖੇ ਕੰਮ ਵਿੱਚ ਰੁੱਝੀ ਹੋਈ ਹੈ। ਇਹ ਪੇਸ਼ਕਦਮੀ ਇਸ ਵਧਦੀ ਉਮੀਦ ਦੇ ਪਿਛੋਕੜ ਵਿੱਚ ਵੀ ਆਈ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਬੈਂਚ ਵਿੱਚ ਤਰੱਕੀ ਲਈ ਵਕੀਲਾਂ ਦੇ ਨਾਮ ਭੇਜੇ ਜਾ ਸਕਦੇ ਹਨ।

# ਸੰਸਦ ਮੈਂਬਰ ਆਰ. ਸੁਧਾ ਦੀ ਚੇਨ ਖੋਹੀ



**ਨਵੀਂ ਦਿੱਲੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਣਪਛਾਤੇ ਹਮਲਾਵਰ ਅੱਜ ਸਵੇਰੇ ਤਾਮਿਲ ਨਾਡੂ ਦੇ Mayiladuthurai ਤੋਂ ਸੰਸਦ ਮੈਂਬਰ ਆਰ. ਸੁਧਾ ਦੀ ਚਾਣਕਿਆਪੁਰੀ ਦੀ ਡਿਪਲੋਮੈਟਿਕ ਐਨਕਲੇਵ ਵਿੱਚੋਂ ਸੋਨੇ ਦੀ ਚੇਨ ਖੋਹ ਕੇ ਲੈ ਗਏ। ਸੰਸਦ ਮੈਂਬਰ ਉਸ ਮੌਕੇ ਸਵੇਰ ਦੀ ਸੈਰ ਕਰ ਰਹੀ ਸੀ। ਚਾਣਕਿਆਪੁਰੀ ਵਿੱਚ ਕਈ ਦੂਤਾਵਾਸ ਅਤੇ ਰਾਜ ਸਰਕਾਰਾਂ ਦੇ ਸਰਕਾਰੀ ਨਿਵਾਸ ਸਥਾਨ ਹਨ।

ਪੁਲੀਸ ਨੇ ਦੱਸਿਆ ਕਿ ਸੁਧਾ, ਜੋ ਇਥੇ ਤਾਮਿਲਨਾਡੂ ਭਵਨ ਵਿੱਚ ਰਹਿ ਰਹੀ ਹੈ, ਆਮ ਵਾਂਗ ਸਵੇਰ ਦੀ ਸੈਰ ਲਈ ਨਿਕਲੀ ਸੀ। ਇਸ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਉਸ ਦੀ ਸੋਨੇ ਦੀ ਚੇਨ ਖੋਹ ਲਈ ਅਤੇ ਮੌਕੇ ਤੋਂ ਭੱਜ ਗਏ।

# ਐਸਬੀਆਈ ਲਾਈਫ ਇੰਸ਼ੋਰੈਂਸ ਨੇ ਏਯੂ ਸਮਾਲ ਫਾਈਨੈਂਸ ਬੈਂਕ ਨਾਲ ਹੱਥ ਮਿਲਾਇਆ




**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀਆਂ ਸਭ ਤੋਂ ਭਰੋਸੇਮੰਦ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ, ਐਸਬੀਆਈ ਲਾਈਫ ਇੰਸ਼ੋਰੈਂਸ ਨੇ ਦੇਸ਼ ਦੇ ਸਭ ਤੋਂ ਵੱਡੇ ਸਮਾਲ ਫਾਈਨੈਂਸ ਬੈਂਕ, ਏਯੂ ਸਮਾਲ ਫਾਈਨੈਂਸ ਬੈਂਕ ਨਾਲ ਇੱਕ ਰਣਨੀਤਕ ਕਾਰਪੋਰੇਟ ਏਜੰਸੀ ਭਾਈਵਾਲੀ ਵਿੱਚ ਪ੍ਰਵੇਸ਼ ਕੀਤਾ ਹੈ। ਇਸ ਸਹਿਯੋਗ ਦਾ ਉਦੇਸ਼ ਦੇਸ਼ ਭਰ ਵਿੱਚ ਵਿਆਪਕ ਬੀਮਾ ਸਮਾਧਾਨਾਂ ਦੀ ਪਹੁੰਚ ਨੂੰ ਵਧਾਉਣਾ ਹੈ ਤਾਂ ਜੋ ਸਰਕਾਰ ਦੇ '2047 ਤੱਕ ਸਾਰਿਆਂ ਲਈ ਬੀਮਾ' ਦੇ ਮਿਸ਼ਨ ਦੇ ਹਿੱਸੇ ਵਜੋਂ ਭਾਰਤ ਦੇ ਪਛੜੇ ਅਤੇ ਉੱਭਰ ਰਹੇ ਬਾਜ਼ਾਰਾਂ ਲਈ ਵਿੱਤੀ ਸੁਰੱਖਿਆ ਨੂੰ ਪਹੁੰਚਯੋਗ ਬਣਾਇਆ ਜਾ ਸਕੇ। ਏਯੂ ਸਮਾਲ ਫਾਈਨੈਂਸ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਡਿਪਟੀ ਸੀਈਓ, ਸ਼੍ਰੀ ਉੱਤਮ ਟਿਬਰਵਾਲ ਨੇ ਕਿਹਾ: "ਏਯੂ ਸਮਾਲ ਫਾਈਨੈਂਸ ਬੈਂਕ ਵਿਖੇ, ਸਾਡਾ ਮੰਨਣਾ ਹੈ ਕਿ ਵਿੱਤੀ ਸੁਰੱਖਿਆ ਇੱਕ ਮੌਲਿਕ ਅਧਿਕਾਰ ਹੈ, ਵਿਸ਼ੇਸ਼ ਅਧਿਕਾਰ ਨਹੀਂ। ਐਸਬੀਆਈ ਲਾਈਫ ਇੰਸ਼ੋਰੈਂਸ ਨਾਲ ਇਹ ਭਾਈਵਾਲੀ ਭਾਰਤ ਦੇ ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਵਿਭਿੰਨ ਭਾਈਚਾਰਿਆਂ ਨੂੰ ਭਰੋਸੇਯੋਗ ਅਤੇ ਲੋੜ-ਅਧਾਰਤ ਬੀਮਾ ਸਮਾਧਾਨ ਪ੍ਰਦਾਨ ਕਰਨ ਦੇ ਸਾਡੇ ਸਾਂਝੇ ਸੰਕਲਪ ਨੂੰ ਹੋਰ ਮਜ਼ਬੂਤ ਕਰਦੀ ਹੈ। ਦੋਵਾਂ ਸੰਸਥਾਵਾਂ ਦੀਆਂ ਸ਼ਕਤੀਆਂ ਨੂੰ ਜੋੜ ਕੇ, ਸਾਡਾ ਉਦੇਸ਼ ਸੱਚੀ ਵਿੱਤੀ ਸਮਾਵੇਸ਼ ਨੂੰ ਅੱਗੇ ਵਧਾਉਣਾ ਅਤੇ ਲੱਖਾਂ ਲੋਕਾਂ ਲਈ ਇੱਕ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣਾ ਹੈ।"ਇਸ ਸਮਝੌਤੇ 'ਤੇ ਏਯੂ ਸਮਾਲ ਫਾਈਨੈਂਸ ਬੈਂਕ ਦੇ ਬੈਂਕਾਸ਼ੋਰੈਂਸ ਅਤੇ ਕਰਾਸ-ਸੇਲਜ਼ ਦੇ ਮੁਖੀ ਸ੍ਰੀ ਦਿਲੀਪ ਕੇ. ਵਿਦਿਆਰਥੀ ਅਤੇ ਐਸਬੀਆਈ ਲਾਈਫ ਇੰਸ਼ੋਰੈਂਸ ਦੇ ਮੁੰਬਈ ਮੈਟਰੋ ਦੇ ਖੇਤਰੀ ਨਿਦੇਸ਼ਕ ਸ੍ਰੀ ਅਸ਼ਵਨੀ ਕੁਮਾਰ ਨੇ ਹਸਤਾਖਰ ਕੀਤੇ। ਇਸ ਮੌਕੇ 'ਤੇ ਐਸਬੀਆਈ ਲਾਈਫ ਦੇ ਈਵੀਪੀ ਅਤੇ ਸੰਸਥਾਗਤ ਗੱਠਜੋੜ ਦੇ ਮੁਖੀ ਸ੍ਰੀ ਗਿਰੀਸ਼ ਥੰਪੀ ਸਮੇਤ ਦੋਵਾਂ ਸੰਸਥਾਵਾਂ ਦੇ ਕਈ ਪਤਵੰਤੇ ਮੌਜੂਦ ਸਨ।

# ਪਹਿਲਗਾਮ ਹਮਲਾਵਰਾਂ ਦੀ ਪਾਕਿਸਤਾਨੀ ਨਾਗਰਿਕਤਾ ਬਾਰੇ ਪੁਸ਼ਟੀ ਕਰਦੇ ਸਬੂਤ ਸੁਰੱਖਿਆ ਏਜੰਸੀਆਂ ਨੇ ਇਕੱਠੇ ਕੀਤੇ

**ਸ੍ਰੀਨਗਰ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਰੱਖਿਆ ਏਜੰਸੀਆਂ ਨੇ ਪਾਕਿਸਤਾਨ ਸਰਕਾਰ ਵੱਲੋਂ ਜਾਰੀ ਦਸਤਾਵੇਜ਼ਾਂ ਅਤੇ ਬਾਇਓਮੈਟ੍ਰਿਕ ਡਾਟਾ ਸਮੇਤ ਅਜਿਹੇ ਸਬੂਤ ਇਕੱਠੇ ਕੀਤੇ ਹਨ, ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਹਿਲਗਾਮ ਦੇ ਘਾਤਕ ਹਮਲੇ ਵਿੱਚ ਸ਼ਾਮਲ ਤਿੰਨੇ ਮਾਰੇ ਗਏ ਵਿਦੇਸ਼ੀ ਅਤਿਵਾਦੀ ਪਾਕਿਸਤਾਨੀ ਨਾਗਰਿਕ ਸਨ। ਇਹ ਜਾਣਕਾਰੀ ਅਧਿਕਾਰੀਆਂ ਨੇ ਸੋਮਵਾਰ ਨੂੰ ਦਿੱਤੀ ਹੈ। ਲਸ਼ਕਰ-ਏ-ਤੋਇਬਾ (LeT) ਦੇ ਸੀਨੀਅਰ ਕਾਰਕੁੰਨਾਂ ਵਜੋਂ ਪਛਾਣੇ ਗਏ ਇਹ ਅਤਿਵਾਦੀ 28 ਜੁਲਾਈ ਨੂੰ ਸ੍ਰੀਨਗਰ ਦੇ ਬਾਹਰਵਾਰ ਡਾਚੀਗਾਮ ਦੇ ਜੰਗਲ ਵਿੱਚ ਅਪਰੇਸ਼ਨ 'ਮਹਾਦੇਵ' ਦੌਰਾਨ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਸਨ। ਉਹ 22 ਅਪਰੈਲ ਨੂੰ ਪਹਿਲਗਾਮ ਦੇ ਬੈਸਰਨ ਮੈਦਾਨ ਵਿੱਚ ਹੋਏ ਹਮਲੇ ਤੋਂ ਬਾਅਦ ਡਾਚੀਗਾਮ-ਹਰਵਾਨ ਜੰਗਲੀ ਖੇਤਰ ਵਿੱਚ ਲੁਕੇ ਹੋਏ ਸਨ।

ਅਧਿਕਾਰੀਆਂ ਨੇ ਕਿਹਾ ਕਿ ਇਕੱਠੇ ਕੀਤੇ ਗਏ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਅਤਿਵਾਦੀਆਂ ਵਿੱਚ ਕੋਈ ਵੀ ਸਥਾਨਕ ਨਿਵਾਸੀ ਸ਼ਾਮਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੀ ਨੈਸ਼ਨਲ ਡਾਟਾਬੇਸ ਐਂਡ ਰਜਿਸਟ ?ਰੇਸ਼ਨ ਅਥਾਰਟੀ (ਨਾਡਰਾ) ਦੇ ਬਾਇਓਮੈਟ੍ਰਿਕ ਰਿਕਾਰਡ, ਵੋਟਰ ਪਛਾਣ ਪਰਚੀਆਂ ਅਤੇ ਡਿਜੀਟਲ ਸੈਟੇਲਾਈਟ ਫੋਨ ਡਾਟਾ, ਜਿਸ ਵਿੱਚ ਲੌਗ ਅਤੇ ਜੀਪੀਐੱਸ ਵੇਅ-ਪੁਆਇੰਟ ਸ਼ਾਮਲ ਹਨ, ਸੁਰੱਖਿਆ ਏਜੰਸੀਆਂ ਵੱਲੋਂ ਇਕੱਠੇ ਕੀਤੇ ਗਏ ਪੁਖਤਾ ਸਬੂਤਾਂ ਵਿੱਚੋਂ ਹਨ ਜੋ ਤਿੰਨਾਂ ਅਤਿਵਾਦੀਆਂ ਦੀ ਪਾਕਿਸਤਾਨੀ ਨਾਗਰਿਕਤਾ ਦੀ ਪੁਸ਼ਟੀ ਕਰਦੇ ਹਨ।

ਉਨ੍ਹਾਂ ਕਿਹਾ ਕਿ ਮੁਕਾਬਲੇ ਤੋਂ ਬਾਅਦ ਦੀ ਜਾਂਚ ਨੇ ਪਹਿਲਗਾਮ ਹਮਲੇ ਵਿੱਚ ਅਤਿਵਾਦੀਆਂ ਦੀ ਸ਼ਮੂਲੀਅਤ ਦੀ ਪੁਸ਼ਟੀ ਕੀਤੀ ਹੈ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਪਹਿਲੀ ਵਾਰ, ਸਾਡੇ ਹੱਥ ਪਾਕਿਸਤਾਨ ਸਰਕਾਰ ਵੱਲੋਂ ਜਾਰੀ ਕੀਤੇ ਦਸਤਾਵੇਜ਼ ਲੱਗੇ ਹਨ ਜੋ ਪਹਿਲਗਾਮ ਹਮਲਾਵਰਾਂ ਦੀ ਕੌਮੀਅਤ ਨੂੰ ਬਿਨਾਂ ਕਿਸੇ ਸ਼ੱਕ ਦੇ ਸਾਬਤ ਕਰਦੇ ਹਨ।"

ਅਧਿਕਾਰੀਆਂ ਨੇ ਦੱਸਿਆ ਕਿ 'ਅਪਰੇਸ਼ਨ ਮਹਾਦੇਵ' ਦੌਰਾਨ ਅਤੇ ਬਾਅਦ ਵਿੱਚ ਇਕੱਠੇ ਕੀਤੇ ਗਏ ਫੋਰੈਂਸਿਕ, ਦਸਤਾਵੇਜ਼ੀ ਅਤੇ ਗਵਾਹੀ ਸਬੂਤ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਤਿੰਨੋਂ ਹਮਲਾਵਰ ਪਾਕਿਸਤਾਨੀ ਨਾਗਰਿਕ ਅਤੇ ਲਸ਼ਕਰ-ਏ-ਤੋਇਬਾ ਦੇ ਸੀਨੀਅਰ ਕਾਰਕੁੰਨ ਸਨ ਜੋ ਹਮਲੇ ਵਾਲੇ ਦਿਨ ਤੋਂ ਹੀ ਡਾਚੀਗਾਮ-ਹਰਵਾਨ ਜੰਗਲੀ ਖੇਤਰ ਵਿੱਚ ਲੁਕੇ ਹੋਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਗੋਲੀਬਾਰੀ ਕਰਨ ਵਾਲੀ ਟੀਮ ਵਿੱਚ ਕੋਈ ਵੀ ਕਸ਼ਮੀਰੀ ਸ਼ਾਮਲ ਨਹੀਂ ਸੀ।

ਮਾਰੇ ਗਏ ਅਤਿਵਾਦੀਆਂ ਦੀ ਪਛਾਣ ਸੁਲੇਮਾਨ ਸ਼ਾਹ ਉਰਫ਼ ਫੈਜ਼ਲ ਜੱਟ (ਇੱਕ 1++ ਸ਼੍ਰੇਣੀ ਦਾ ਅੱਤਵਾਦੀ, ਮਾਸਟਰਮਾਈਂਡ ਅਤੇ ਮੁੱਖ ਨਿਸ਼ਾਨੇਬਾਜ਼) ਉਸਦਾ ਕਰੀਬੀ ਸਾਥੀ ਅਬੂ ਹਮਜ਼ਾ ਉਰਫ਼ 'ਅਫ਼ਗਾਨ', ਏ-ਗਰੇਡ ਕਮਾਂਡਰ, ਯਾਸਿਰ ਉਰਫ਼ 'ਜਿਬਰਾਨ' ਏ-ਗਰੇਡ ਕਮਾਂਡਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਨੇ ਹਥਿਆਰਾਂ ਦੇ ਨਾਲ-ਨਾਲ ਸ਼ਾਹ ਅਤੇ ਹਮਜ਼ਾ ਦੀਆਂ ਜੇਬਾਂ ਵਿੱਚੋਂ ਪਾਕਿਸਤਾਨ ਚੋਣ ਕਮਿਸ਼ਨ ਵੱਲੋਂ ਜਾਰੀ ਦੋ ਲੈਮੀਨੇਟਿਡ ਵੋਟਰ ਪਰਚੀਆਂ ਵਰਗੇ ਪਾਕਿਸਤਾਨੀ ਸਰਕਾਰੀ ਦਸਤਾਵੇਜ਼ ਬਰਾਮਦ ਕੀਤੇ ਹਨ।

ਅਧਿਕਾਰੀਆਂ ਅਨੁਸਾਰ ਵੋਟਰ ਸੀਰੀਅਲ ਨੰਬਰ ਕ੍ਰਮਵਾਰ ਲਾਹੌਰ (N1-125) ਅਤੇ ਗੁਜਰਾਂਵਾਲਾ (N1-79) ਦੀਆਂ ਵੋਟਰ ਸੂਚੀਆਂ ਨਾਲ ਮੇਲ ਖਾਂਦੇ ਹਨ।

# ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਦੇਹਾਂਤ



**ਰਾਂਚੀ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਮੁਕਤੀ ਮੋਰਚਾ ਦੇ ਸੁਪਰੀਮੋ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ(81) ਦਾ ਅੱਜ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਮੁੱਖ ਮੰਤਰੀ ਹੇਮੰਤ ਸੋਰੇਨ ਨੇ ਐਕਸ 'ਤੇ ਇਕ ਪੋਸਟ ਵਿਚ ਆਪਣੇ ਪਿਤਾ ਦੇ ਦੇਹਾਂਤ ਦੀ ਖ਼ਬਰ ਸਾਂਝੀ ਕੀਤੀ ਹੈ। ਝਾਰਖੰਡ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦੇ ਸਨਮਾਨ ਵਿੱਚ ਤਿੰਨ ਦਿਨਾਂ ਦੇ ਰਾਜਕੀ ਸੋਗ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਨੇ ਇਸ ਸਮੇਂ ਦੌਰਾਨ ਆਪਣੇ ਸਾਰੇ ਨਿਰਧਾਰਤ ਪ੍ਰੋਗਰਾਮ ਵੀ ਰੱਦ ਕਰ ਦਿੱਤੇ ਹਨ।

# ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣੇਗਾ ਜੋ ਸੰਕੇਤਿਕ ਭਾਸ਼ਾ ਦੇ ਇੰਟਰਪ੍ਰੇਟਰ, ਅਨੁਵਾਦਕ ਅਤੇ ਵਿਸ਼ੇਸ਼ ਸਿੱਖਿਅਕਾਂ ਨੂੰ ਸੂਚੀਬੱਧ ਕਰੇਗਾ : ਡਾ. ਬਲਜੀਤ ਕੌਰ

**ਚੰਡੀਗੜ੍ਹ, 5 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਭ ਲਈ ਪਹੁੰਚਯੋਗ ਅਤੇ ਸੰਵੇਦਨਸ਼ੀਲ ਨਿਆਂ ਨੂੰ ਯਕੀਨੀ ਬਣਾਉਣ ਵੱਲ ਇੱਕ ਨਵਾਂ ਇਤਿਹਾਸ ਰਚਦਿਆਂ, ਪੰਜਾਬ ਸਰਕਾਰ ਦੇਸ਼ ਦਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ, ਜੋ ਕਿ ਜੁਵੇਨਾਇਲ ਜਸਟਿਸ ਐਕਟ, 2015 ਦੇ ਤਹਿਤ ਸੰਕੇਤਿਕ ਭਾਸ਼ਾ ਇੰਟਰਪ੍ਰੇਟਰਾਂ, ਅਨੁਵਾਦਕਾਂ ਅਤੇ ਵਿਸ਼ੇਸ਼ ਸਿੱਖਿਅਕਾਂ ਨੂੰ ਰਸਮੀ ਤੌਰ 'ਤੇ ਸੂਚੀਬੱਧ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਚੁੱਕੀ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਚੁੱਕਿਆ ਗਿਆ ਇਹ ਕਦਮ ਕਾਨੂੰਨੀ, ਵਿਦਿਅਕ ਅਤੇ ਰੋਜ਼ਾਨਾ ਜੀਵਨ ਵਿੱਚ ਸੰਚਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ, ਵਿਸ਼ੇਸ਼ ਯੋਗਤਾਵਾਂ ਵਾਲੇ ਬੱਚਿਆਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਮਜ਼ਬੂਤ ਕੋਸ਼ਿਸ਼ ਹੈ।

ਉਨ੍ਹਾਂ ਕਿਹਾ ਕਿ ਜੁਵੇਨਾਇਲ ਜਸਟਿਸ ਐਕਟ ਅਤੇ ਪੋਕਸੋ ਐਕਟ 2012 ਅਧੀਨ ਇਹ ਸੂਚੀਕਰਨ, ਸੰਚਾਰ ਦੇ ਪਾੜਿਆਂ ਨੂੰ ਪਾਰ ਕਰਕੇ, ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਕਾਨੂੰਨੀ ਪਹੁੰਚ ਨੂੰ ਅਸਾਨ ਬਣਾਵੇਗਾ। ਇਹ ਤਜਰਬੇਕਾਰ ਪੇਸ਼ੇਵਰ ਅਦਾਲਤੀ ਕਾਰਵਾਈ ਦੌਰਾਨ ਬੱਚਿਆਂ ਲਈ ਸਹਿਯੋਗੀ ਭੂਮਿਕਾ ਨਿਭਾਉਣਗੇ, ਜਿਸ ਨਾਲ ਨਿਰਪੱਖ ਅਤੇ ਪਾਰਦਰਸ਼ੀ ਨਤੀਜੇ ਸੁਨਿਸ਼ਚਿਤ ਹੋਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਇੱਕ ਅਜਿਹਾ ਸਮਾਜ ਬਣਾਉਣ ਲਈ ਵਚਨਬੱਧ ਹੈ, ਜਿੱਥੇ ਹਰ ਬੱਚਾ ਸੁਣਿਆ, ਸਮਝਿਆ ਅਤੇ ਸਨਮਾਨਤ ਮਹਿਸੂਸ ਕਰੇ। ਇਹ ਯਤਨ ਬਾਲ ਭਲਾਈ ਅਤੇ ਅਧਿਕਾਰ-ਅਧਾਰਤ ਪ੍ਰਸ਼ਾਸਨ ਵੱਲ ਸਰਕਾਰ ਦੀ ਦ੍ਰਿੜ ਵਚਨਬੱਧਤਾ ਦਾ ਪ੍ਰਤੀਕ ਹੈ।

ਮੰਤਰੀ ਨੇ ਦੱਸਿਆ ਕਿ ਸੂਚੀਬੱਧ ਪੇਸ਼ੇਵਰਾਂ ਦੀ ਜ਼ਿਲ੍ਹਾ-ਵਾਰ ਤਾਇਨਾਤੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਐਕਟਾਂ ਅਨੁਸਾਰ ਮਿਹਨਤਾਨਾ ਦਿੱਤਾ ਜਾਵੇਗਾ। ਜਿੱਥੇ ਵੀ ਲੋੜ ਹੋਵੇ, ਉਥੇ ਸਮੇਂ-ਸਿਰ ਅਤੇ ਨਿਰੰਤਰ ਸਹਾਇਤਾ ਯਕੀਨੀ ਬਣਾਈ ਜਾਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਪਹਿਲਾਂ ਹੀ ਪੰਜਾਬ ਵਿਧਾਨ ਸਭਾ ਦੇ ਅਹਿਮ ਕਾਰਜਾਂ ਨੂੰ ਸੰਕੇਤਿਕ ਭਾਸ਼ਾ ਵਿੱਚ ਪ੍ਰਸਾਰਿਤ ਕਰਕੇ ਇਕ ਮਿਸਾਲ ਕਾਇਮ ਕਰ ਚੁੱਕੀ ਹੈ। ਇਹ ਫੈਸਲਾ ਵਿਸ਼ੇਸ਼ ਯੋਗਤਾ ਵਾਲੇ ਬੱਚਿਆਂ ਅਤੇ ਵਿਅਕਤੀਆਂ (ਸੁਣਨ ਤੇ ਬੋਲਣ ਵਿੱਚ ਅਸਮਰਥ ਵਿਅਕਤੀਆਂ) ਲਈ ਨਾ ਸਿਰਫ ਸੰਚਾਰ ਦੀ ਰੁਕਾਵਟ ਦੂਰ ਕਰਦਾ ਹੈ, ਸਗੋਂ ਸਮਾਜਿਕ ਨਿਆਂ ਅਤੇ ਭਾਗੀਦਾਰੀ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਨੂੰ ਵੀ ਮਜ਼ਬੂਤ ਕਰਦਾ ਹੈ। ਸੰਕੇਤਿਕ ਭਾਸ਼ਾ ਦੇ ਦੁਭਾਸ਼ੀਏ, ਅਨੁਵਾਦਕ ਅਤੇ ਵਿਸ਼ੇਸ਼ ਸਿੱਖਿਅਕਾਂ ਦੀ ਨਵੀਨਤਮ ਸੂਚੀਬੱਧਤਾ ਇਸ ਦਿਸ਼ਾ ਵਿੱਚ ਪੰਜਾਬ ਸਰਕਾਰ ਦਾ ਇੱਕ ਹੋਰ ਵੱਡਾ ਉਪਰਾਲਾ ਹੈ।

# ਧਰਮ ਤੇ ਵਿਰਸਾ

## ਸ੍ਰੀ ਦਸਮੇਸ਼ ਜੀ ਦੇ ਘੋੜੇ



ਡਾ. ਸਰਬਜੀਤ ਕੌਰ ਸੰਧਾਵਾਲੀਆ

ਸਾਹਿਬ-ਏ-ਕਮਾਲ ਦਾ ਘੋੜਿਆਂ ਨਾਲ ਕਮਾਲ ਦਾ ਪਿਆਰ ਸੀ। ਇਥੋਂ ਤੱਕ ਕਿ ਆਪ ਜੀ ਨੇ ਆਪਣੀ ਬਾਣੀ ਵਿਚ ਰੂਆਲ ਛੰਦ ਦੀ ਵਰਤੋਂ ਕੀਤੀ ਹੈ, ਜੋ ਘੋੜੇ ਦੀ ਰੂਆਲ ਚਾਲ 'ਤੇ ਬਣਾਇਆ ਗਿਆ ਹੈ। ਆਪ ਜੀ ਦਾ ਨੀਲੇ ਘੋੜੇ ਨਾਲ ਏਨਾ ਸਨੇਹ ਸੀ ਕਿ ਇਕ ਵਾਰ ਆਪ ਜੀ ਨੂੰ ਛੇਤੀ ਖ਼ਤਰੇ 'ਚੋਂ ਬਾਹਰ ਕੱਢਣ ਲਈ ਅਤੇ ਨੀਲੇ ਨੂੰ ਦੁੜਕੀ ਪਾਉਣ ਲਈ ਇਕ ਸਿੰਘ ਨੇ ਨੀਲੇ ਨੂੰ ਚਾਬਕ ਮਾਰਿਆ। ਮਹਾਰਾਜ ਜੀ ਨੇ ਨਾਰਾਜ਼ ਹੋ ਕੇ ਜਲਾਲ ਵਿਚ ਫ਼ਰਮਾਇਆ-

ਕਿਮ ਭਰਾਤਾ ਕੋ ਚਮਕੀ ਮਾਰੀ
ਸੰਤਤ ਮਾਰੀ ਜਾਏ ਤੁਮਾਰੀ।

ਭਾਵ ਸਾਡੇ ਨੀਲੇ ਭਰਾ ਨੂੰ ਚਾਬਕ ਮਾਰਨ ਵਾਲਾ ਔਂਤ ਜਾਵੇਗਾ। ਕੋਈ ਸੋਚ ਸਕਦਾ ਹੈ ਕਿ ਛੇਵੇਂ ਪਾਤਸ਼ਾਹ ਜੀ ਘੋੜੇ ਨੂੰ ਜਾਨ ਭਾਈ ਅਤੇ ਦਸਵੇਂ ਪਾਤਸ਼ਾਹ ਜੀ ਭਰਾਤਾ ਕਹਿ ਕੇ ਪਿਆਰਦੇ ਸਨ? ਜਿਸ ਸਮੇਂ ਸ੍ਰੀ ਦਸਮੇਸ਼ ਜੀ ਨੀਲੇ ਦੀ ਸਵਾਰੀ ਕਰਦੇ ਅਤੇ ਮੁਬਾਰਕ ਹੱਥ 'ਤੇ ਚਿੱਟਾ ਬਾਜ਼ ਸਜਾਉਂਦੇ ਤਾਂ ਇੰਜ ਲਗਦਾ ਸੀ ਕਿ ਆਪ ਦੇ ਹੱਥ ਉੱਤੇ ਦਿਨ ਚੜ੍ਹਿਆ ਹੋਇਆ ਹੈ ਅਤੇ ਰਾਤ ਹਨੇਰੇ 'ਤੇ ਕਾਠੀ ਪਾਈ ਹੋਈ ਹੈ।

ਮਹਾਰਾਜ ਜੀ ਦੇ ਘੋੜੇ ਚੁੰਧਿਆਉਂਦੇ ਹੋਏ ਵੇਗ ਸਨ। ਜਦੋਂ ਉਹ ਫ਼ੁਰਤੀਲੇ ਘੋੜੇ ਜੰਗ ਦੇ ਮੈਦਾਨ ਵਿਚ ਸੂਰਜ ਦੀ ਅੱਗ ਵਾਂਗ ਵੜਦੇ ਸਨ ਤਾਂ ਉਨ੍ਹਾਂ ਅੰਦਰ ਕਹਿਰਾਂ ਦਾ ਜੋਸ਼ ਆ ਜਾਂਦਾ ਸੀ। ਬੁੱਧੂ ਸ਼ਾਹ ਪੀਰ ਦੀ ਬੇਗ਼ਮ ਨਸੀਰਾਂ ਦਾ ਛੋਟਾ ਵੀਰ ਜਰਨੈਲ ਸੈਦ ਖਾਨ ਮਰਨ-ਮਾਰਨ ਦੀ ਸਹੁੰ ਖਾ ਕੇ ਸ੍ਰੀ ਦਸਮੇਸ਼ ਜੀ ਨਾਲ ਜੰਗ ਕਰਨ ਆਇਆ ਤਾਂ ਉਹਦੇ ਹੱਥੋਂ ਤਲਵਾਰ ਡਿਗ ਪਈ। ਉਸ ਨੇ ਝੁਕ ਕੇ ਮਹਾਰਾਜ ਜੀ ਦੇ ਘੋੜੇ ਦੀ ਰਕਾਬ ਨੂੰ ਅੱਖਾਂ ਨਾਲ ਲਾਇਆ ਅਤੇ ਫ਼ੌਜਾਂ ਦੀ ਕਮਾਨ ਛੱਡ ਕੇ ਫਕੀਰੀ ਧਾਰ ਲਈ। ਸਾਹਿਬਾਂ ਦੇ ਘੋੜਿਆਂ ਦੀ ਸੇਵਾ ਕਰਨ ਵਾਲਾ ਧੰਨਾ ਸਿੰਘ ਵੱਡੇ-ਵੱਡੇ ਕਵੀਸ਼ਰਾਂ ਨੂੰ ਮਾਤ ਪਾਉਣ ਲੱਗਾ।

ਜਦੋਂ ਸਰਬੰਸ ਕੁਰਬਾਨ ਕਰਕੇ ਸੱਚੇ ਪਾਤਸ਼ਾਹ ਜੀ ਉੱਚ ਦੇ ਪੀਰ ਦੇ ਰੂਪ ਵਿਚ ਆਲਮਗੀਰ ਪਹੁੰਚੇ ਤਾਂ ਭਾਈ ਮਨੀ ਸਿੰਘ ਦਾ ਵੱਡਾ ਭਰਾ ਨਗਾਹੀਆ ਸਿੰਘ, ਜੋ ਕਿ ਘੋੜਿਆਂ ਦਾ ਵਪਾਰੀ ਸੀ, ਮਹਾਰਾਜ ਜੀ ਨੂੰ ਦੇਖ ਕੇ ਵੈਰਾਗ ਵਿਚ ਆ ਗਿਆ। ਉਸ ਨੇ ਆਪਣੇ ਘੋੜਿਆਂ ਵਿਚੋਂ ਸਭ ਤੋਂ ਸੋਹਣਾ ਚਿੱਟਾ ਘੋੜਾ ਆਪਣੇ ਮਾਹੀ ਦੀ ਨਜ਼ਰ ਕੀਤਾ, ਜਿਸ 'ਤੇ ਸਵਾਰ ਹੋ ਕੇ ਆਪ ਨੇ ਅਗਲੇ ਸਫ਼ਰ ਅਰੰਭ ਕੀਤੇ। ਜਦੋਂ ਹਜ਼ੂਰ ਸਾਹਿਬ ਵਿਖੇ ਪਾਤਿਸ਼ਾਹ ਜੀ ਨੇ ਆਪਣਾ ਮੁਬਾਰਕ ਜਿਸਮ ਸਮੇਟ ਲਿਆ ਤਾਂ ਤਬੇਲੇ ਵਿਚੋਂ ਆਪ ਜੀ ਦਾ ਪਿਆਰਾ ਚਿੱਟਾ ਘੋੜਾ ਵੀ ਅਲੋਪ ਹੋ ਗਿਆ। ਅੱਜ ਵੀ ਚਿੱਟੇ ਘੋੜੇ ਨੂੰ ਬਾਜਾਂ ਵਾਲੇ ਪਾਤਸ਼ਾਹ ਦਾ ਘੋੜਾ ਜਾਣ ਕੇ ਸਤਿਕਾਰਿਆ ਜਾਂਦਾ ਹੈ। ਹਜ਼ੂਰ ਸਾਹਿਬ ਵਿਖੇ ਘੋੜੇ ਨੂੰ ਸ਼ਿੰਗਾਰ ਕੇ ਨਗਰ ਕੀਰਤਨ ਦੇ ਅੱਗੇ ਲਾਇਆ ਜਾਂਦਾ ਹੈ ਅਤੇ ਅਰਦਾਸ ਕੀਤੀ ਜਾਂਦੀ ਹੈ ਕਿ ਦਸਮ ਪਿਤਾ ਜੀਓ! ਆਪਣੇ ਘੋੜੇ 'ਤੇ ਅਸਵਾਰ ਹੋ ਕੇ ਸੰਗਤਾਂ ਨੂੰ ਦਰਸ਼ਨ ਬਖ਼ਸ਼ੋ। ਉਸ ਸਮੇਂ ਕਈ ਕੌਤਕ ਹੁੰਦੇ ਹਨ ਅਤੇ ਭਾਵਨਾ ਵਾਲਿਆਂ ਨੂੰ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸ੍ਰੀ ਦਸਮੇਸ਼ ਜੀ ਹਾਜ਼ਰ-ਨਾਜ਼ਰ ਹੋਣ। ਘੋੜਾ ਆਪਣੇ ਕੰਨ ਖੜ੍ਹੇ ਕਰ ਲੈਂਦਾ ਹੈ, ਧਰਤੀ 'ਤੇ ਪੌੜ ਮਾਰਨ ਲੱਗਿਆਂ ਮੁੜ੍ਹਕੋ-ਮੁੜ੍ਹਕੀ ਹੋ ਜਾਂਦਾ ਹੈ ਅਤੇ ਕਈ ਵਾਰ ਹਨੇਰੀ ਵਾਂਗ ਦੌੜ ਲੈਂਦਾ ਹੈ। ਸ਼ਹਿਰ ਦੇ ਦੁਕਾਨਦਾਰ ਇਸ ਨੂੰ ਕੁਝ ਛਕਾਅ ਕੇ ਪ੍ਰਸੰਨ ਹੁੰਦੇ ਹਨ। ਪ੍ਰੇਮੀ ਇਸ ਦੇ ਦਰਸ਼ਨ ਕਰਕੇ ਧੰਨ ਹੋ ਜਾਂਦੇ ਹਨ। ਗੁਰੂ ਕੇ ਲਾਹੌਰ ਵਿਖੇ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਵਿਆਹ ਦਿਵਸ 'ਤੇ ਆਪ ਜੀ ਦੇ ਘੋੜੇ ਦਾ ਇਕ ਪੌੜ ਧਰਤੀ ਵਿਚ ਖੁੱਭ ਗਿਆ ਸੀ, ਜਿੱਥੇ ਹੁਣ ਗੁਰਦੁਆਰਾ ਪੌੜ ਸਾਹਿਬ ਸੁਸ਼ੋਭਿਤ ਹੈ। ਇਥੋਂ ਨਿਰਮਲ ਜਲ ਦਾ ਚਸ਼ਮਾ ਫੁੱਟਿਆ ਸੀ, ਜੋ ਅਜੇ ਵੀ ਜਾਰੀ ਹੈ।

ਮਹਾਰਾਜ ਜੀ ਦੇ ਘੋੜੇ ਚੁੰਧਿਆਉਂਦੇ ਹੋਏ ਵੇਗ ਸਨ। ਜਦੋਂ ਉਹ ਫ਼ੁਰਤੀਲੇ ਘੋੜੇ ਜੰਗ ਦੇ ਮੈਦਾਨ ਵਿਚ ਸੂਰਜ ਦੀ ਅੱਗ ਵਾਂਗ ਵੜਦੇ ਸਨ ਤਾਂ ਉਨ੍ਹਾਂ ਅੰਦਰ ਕਹਿਰਾਂ ਦਾ ਜੋਸ਼ ਆ ਜਾਂਦਾ ਸੀ। ਬੁੱਧੂ ਸ਼ਾਹ ਪੀਰ ਦੀ ਬੇਗ਼ਮ ਨਸੀਰਾਂ ਦਾ ਛੋਟਾ ਵੀਰ ਜਰਨੈਲ ਸੈਦ ਖਾਨ ਮਰਨ-ਮਾਰਨ ਦੀ ਸਹੁੰ ਖਾ ਕੇ ਸ੍ਰੀ ਦਸਮੇਸ਼ ਜੀ ਨਾਲ ਜੰਗ ਕਰਨ ਆਇਆ ਤਾਂ ਉਹਦੇ ਹੱਥੋਂ ਤਲਵਾਰ ਡਿਗ ਪਈ।

## ਵੱਡੀ ਇਤਿਹਾਸਿਕ ਮਹੱਤਤਾ ਰੱਖਦਾ ਹੈ ਬਟਾਲਾ

-ਦਿਲਜੀਤ ਸਿੰਘ ਬੇਦੀ

**ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਭਾਦੋਂ ਸੁਦੀ ਸਤਵੀਂ ਸੰਮਤ 1544 ਮੁਤਾਬਿਕ 1487 ਈਸਵੀ ਨੂੰ, ਭਾਈ ਮੂਲ ਚੰਦ ਖੱਤਰੀ ਅਤੇ ਮਾਤਾ ਚੰਦੋ ਰਾਣੀ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਇਆ। ਗੁਰੂ ਸਾਹਿਬ ਦੀ ਬਰਾਤ ਵਿਚ ਬਾਦਸ਼ਾਹ ਤੋਂ ਲੈ ਕੇ ਰੱਬੀ-ਫ਼ਕੀਰਾਂ ਤੱਕ ਸ਼ਾਮਿਲ ਹੋਏ, ਜਿਨ੍ਹਾਂ ਵਿੱਚ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਤੇ ਰਾਏ ਭੋਏ ਦੀ ਤਲਵੰਡੀ ਦੇ ਮਾਲਕ ਰਾਏ ਬੁਲਾਰ ਵੀ ਸਨ। ਬਟਾਲਾ ਦੀ ਪਵਿੱਤਰ ਧਰਤੀ 'ਤੇ ਬਰਾਤ ਦੀ ਅਗਵਾਈ ਸ਼ਹਿਰ ਦੇ ਪਤਵੰਤੇ ਸੱਜਣਾ ਨੇ ਕੀਤੀ, ਜਿਨ੍ਹਾਂ ਵਿੱਚ ਪਰਗਣੇ ਦਾ ਮੁਖੀ ਅਜਿੱਤਾ ਰੰਧਾਵਾ ਵੀ ਸ਼ਾਮਲ ਸੀ। ਬਰਾਤ ਦਾ ਉਤਾਰਾ ਪਹਿਲਾਂ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਾਲੇ ਅਸਥਾਨ 'ਤੇ ਕੀਤਾ ਅਤੇ ਵਿਆਹ ਗੁਰੂ ਜੀ ਦੇ ਸਹੁਰਾ-ਘਰ ਮਾਤਾ ਸੁਲੱਖਣੀ ਜੀ ਦੇ ਜਨਮ ਅਸਥਾਨ ਜੋ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਅਸਥਾਨ ਨਾਲ ਪ੍ਰਸਿੱਧ ਹੈ ਵਿਖੇ ਹੋਇਆ।**




ਗੁਰਦਾਸਪੁਰ ਜ਼ਿਲ੍ਹੇ ਅੰਦਰ ਸਥਿਤ ਸ਼ਹਿਰ ਬਟਾਲਾ ਵੱਡੀ ਇਤਿਹਾਸਿਕ ਮਹੱਤਤਾ ਰੱਖਦਾ ਹੈ, ਇਹ ਪ੍ਰਸਿਧ ਨਗਰ ਨੂੰ ਬਹਿਲੋਲ ਲੋਧੀ ਦੇ ਰਾਜਕਾਲ ਵਿਚ ਇਕ ਭੱਟੀ ਰਾਜਪੂਤ ਰਾਇ ਰਾਮਦੇਉ ਨੇ ਵਸਾਇਆ ਸੀ। ਇਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਿਕ ਅਸਥਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਸੁਸ਼ੋਭਿਤ ਹਨ। ਇਥੇ ਹੀ ਗੁਰਦੁਆਰਾ ਸਤਿਕਰਤਾਰੀਆਂ ਵੀ ਹੈ। ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਪ੍ਰਾਪਤ ਇਤਿਹਾਸਿਕ ਕੰਧ ਅੱਜ ਵੀ ਮੌਜੂਦ ਹੈ ਅਤੇ ਇਥੇ ਹਰ ਸਾਲ ਵੱਡਾ ਜੋੜ ਮੇਲਾ ਲਗਦਾ ਹੈ।

ਗੁਰਦੁਆਰਾ ਸ੍ਰੀ ਕੰਧ ਸਾਹਿਬ ਉਸ ਸਮੇਂ ਦੀ ਇਤਿਹਾਸਕ ਯਾਦਗਾਰ ਹੈ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਨਗਰ ਵਿਚ ਬਰਾਤ ਲੈ ਕੇ ਆਏ ਸਨ। ਜਿਸ ਸਥਾਨ 'ਤੇ ਬਰਾਤ ਦਾ ਉਤਾਰਾ ਕੀਤਾ ਗਿਆ, ਇਹ ਹਵੇਲੀ ਭਾਈ ਜਮੀਤ ਰਾਏ ਬੰਸੀ ਦੀ ਸੀ। ਇਤਿਹਾਸ ਅਨੁਸਾਰ ਗੁਰੂ ਜੀ ਦੇ ਸਹੁਰਾ ਪਰਿਵਾਰ ਦੀਆਂ ਲੜਕੀਆਂ ਨੇ ਹਾਸਾ-ਮਖੌਲ ਕਰਨ ਲਈ ਲਾੜੇ (ਗੁਰੂ ਜੀ) ਦਾ ਮੰਜਾ ਇਕ ਪੁਰਾਣੀ (ਕੱਚੀ ਕੰਧ) ਨੇੜੇ ਡਾਹ ਦਿੱਤਾ। ਉਥੇ ਮੌਜੂਦ ਇਕ ਬਜ਼ੁਰਗ ਮਾਤਾ ਨੇ ਗੁਰੂ ਜੀ ਨੂੰ ਕਿਹਾ ਕਿ ਇਹ ਕੰਧ ਕੱਚੀ ਹੈ ਜੋ ਢਹਿਣ ਹੀ ਵਾਲੀ ਹੈ, ਇਥੋਂ ਉੱਠ ਕੇ ਜ਼ਰਾ ਪਰ੍ਹੇ ਹੋ ਜਾਓ। ਬਜ਼ੁਰਗ ਮਾਤਾ ਦੇ ਇਹ ਬੋਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮਾਤਾ ਜੀ, ਇਹ ਕੰਧ ਜੁਗੋ-ਜੁਗ ਕਾਇਮ ਰਹੇਗੀ। ਉਹ ਕੱਚੀ ਕੰਧ ਗੁਰਦੁਆਰਾ ਸਾਹਿਬ ਅੰਦਰ ਸ਼ੀਸ਼ੇ ਦੇ ਫਰੇਮ ਵਿੱਚ ਸੁਰੱਖਿਅਤ ਅੱਜ ਵੀ ਮੌਜੂਦ ਹੈ। ਮਹਾਰਾਜਾ ਸ਼ੇਰ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਇਸ ਸਥਾਨ 'ਤੇ ਪੱਕਾ ਗੁਰੂ-ਅਸਥਾਨ ਬਣਾਇਆ ਜੋ ਕਿ ਸੰਗਤਾਂ ਲਈ ਦਰਸ਼ਨ ਕਰਨ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਸਬੰਧੀ ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਵੱਡੀ ਭੈਣ ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਲੋਧੀ (ਕਪੂਰਥਲਾ) ਰਹਿਣ ਲਗ ਪਏ ਤਾਂ ਉਥੇ ਗੁਰੂ ਜੀ ਦੇ ਜੀਜਾ ਜੈ ਰਾਮ ਜੀ ਨੇ ਇਨ੍ਹਾਂ ਨੂੰ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿਖੇ ਉਪਜੀਵਕਾ ਲਈ ਕੰਮ 'ਤੇ ਲਗਵਾ ਦਿੱਤਾ। ਇਥੇ ਹੀ ਗੁਰੂ ਸਾਹਿਬ ਜੀ ਦੀ ਕੁੜਮਾਈ ਹੋਈ। ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 22 ਡਾ. ਸਾਹਿਬ ਸਿੰਘ ਜੀ ਅਨੁਸਾਰ, ਗੁਰੂ ਨਾਨਕ ਦੇਵ ਜੀ ਦੀ ਕੁੜਮਾਈ, ਵਿਸਾਖ ਵਦੀ ਇੱਕ ਸੰਮਤ 1542 ਨੂੰ ਹੋਈ।

ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਭਾਦੋਂ ਸੁਦੀ ਸਤਵੀਂ ਸੰਮਤ 1544 ਮੁਤਾਬਿਕ 1487 ਈਸਵੀ ਨੂੰ, ਭਾਈ ਮੂਲ ਚੰਦ ਖੱਤਰੀ ਅਤੇ ਮਾਤਾ ਚੰਦੋ ਰਾਣੀ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਇਆ। ਗੁਰੂ ਸਾਹਿਬ ਦੀ ਬਰਾਤ ਵਿਚ ਬਾਦਸ਼ਾਹ ਤੋਂ ਲੈ ਕੇ ਰੱਬੀ-ਫ਼ਕੀਰਾਂ ਤੱਕ ਸ਼ਾਮਿਲ ਹੋਏ, ਜਿਨ੍ਹਾਂ ਵਿੱਚ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਤੇ ਰਾਏ ਭੋਏ ਦੀ ਤਲਵੰਡੀ ਦੇ ਮਾਲਕ ਰਾਏ ਬੁਲਾਰ ਵੀ ਸਨ। ਬਟਾਲਾ ਦੀ ਪਵਿੱਤਰ ਧਰਤੀ 'ਤੇ ਬਰਾਤ ਦੀ ਅਗਵਾਈ ਸ਼ਹਿਰ ਦੇ ਪਤਵੰਤੇ ਸੱਜਣਾ ਨੇ ਕੀਤੀ, ਜਿਨ੍ਹਾਂ ਵਿੱਚ ਪਰਗਣੇ ਦਾ ਮੁਖੀ ਅਜਿੱਤਾ ਰੰਧਾਵਾ ਵੀ ਸ਼ਾਮਲ ਸੀ। ਬਰਾਤ ਦਾ ਉਤਾਰਾ ਪਹਿਲਾਂ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਾਲੇ ਅਸਥਾਨ 'ਤੇ ਕੀਤਾ ਅਤੇ ਵਿਆਹ ਗੁਰੂ ਜੀ ਦੇ ਸਹੁਰਾ-ਘਰ ਮਾਤਾ ਸੁਲੱਖਣੀ ਜੀ ਦੇ ਜਨਮ ਅਸਥਾਨ ਜੋ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਅਸਥਾਨ ਨਾਲ ਪ੍ਰਸਿੱਧ ਹੈ ਵਿਖੇ ਹੋਇਆ। ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਪਾਵਨ ਪਵਿੱਤਰ ਅਸਥਾਨ ਵਿਖੇ ਹੀ 1551 ਵਿੱਚ ਬਾਬਾ ਸ੍ਰੀ ਚੰਦ ਜੀ ਅਤੇ ਸੰਮਤ 1553 ਵਿੱਚ ਸ੍ਰੀ ਲਖਮੀ ਦਾਸ ਜੀ ਦਾ ਜਨਮ ਹੋਇਆ।ਬਟਾਲਾ ਵਿਖੇ ਹੀ ਗੁਰਦੁਆਰਾ ਸਤਿਕਰਤਾਰੀਆਂ ਵੀ ਸਥਿਤ ਹੈ। ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਮਤ 1681 ਵਿੱਚ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਵਿਆਹੁਣ ਵਾਸਤੇ ਜਦ ਬਟਾਲੇ ਆਏ ਤਾਂ ਗੁਰਦੁਆਰਾ ਸਤਿਕਰਤਾਰੀਆਂ ਵਿਖੇ ਠਹਿਰੇ ਅਤੇ ਇਸ ਅਸਥਾਨ ਦੀ ਮਹਾਨਤਾ ਪ੍ਰਗਟ ਕੀਤੀ। ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਅਤੇ ਗੁਰਦੁਆਰਾ ਸ੍ਰੀ ਸਤਿਕਰਤਾਰੀਆਂ ਦਾ ਸਮੁੱਚਾ ਪ੍ਰਬੰਧ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ ਜੋ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਇਆ ਜਾ ਰਿਹਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨਾਲ ਸਬੰਧਤ ਜੋੜ ਮੇਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਰੂਪ ਵਿੱਚ ਹਰ ਸਾਲ ਇਨ੍ਹਾਂ ਤਿੰਨਾਂ ਇਤਿਹਾਸਕ ਅਸਥਾਨਾਂ ਵਿਖੇ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਦੇਸ਼-ਵਿਦੇਸ਼, ਦੂਰ-ਦੁਰਾਡੇ ਤੋਂ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰ ਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਇਸ ਸਾਲ 26,27 ਅਤੇ 28 ਅਗਸਤ ਨੂੰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਅਤੇ ਗੁਰਦੁਆਰਾ ਸਾਹਿਬ ਸਤਿਕਰਤਾਰੀਆਂ ਵਿਖੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਮਨਾਇਆ ਜਾ ਰਿਹਾ ਹੈ। ਇਸ ਮੌਕੇ ਇਤਿਹਾਸਿਕ ਨਗਰ ਕੀਰਤਨ ਸਜਾਇਆ ਜਾਂਦਾ ਹੈ, ਜੋ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਬਟਾਲਾ ਵਿਖੇ ਪੁੱਜਦਾ ਹੈ। ਇਸ ਨਗਰ ਕੀਰਤਨ ਵਿਚ ਪੁਰਾਤਨ ਪ੍ਰੰਪਰਾ ਅਨੁਸਾਰ ਸੰਗਤਾਂ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੀਆਂ ਹਨ ਅਤੇ ਟਹਿਲ-ਸੇਵਾ ਕਰ ਕੇ ਗੁਰੂ ਘਰ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਦੀਆਂ ਹਨ।

## ਮਹਾਨ ਵਿਦਵਾਨ, ਚਿੰਤਕ ਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ




ਰਮੇਸ਼ ਬੱਗਾ ਚੋਹਲਾ

ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਿੱਖ ਧਰਮ ਵਿੱਚ ਜਦੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ ਤਾਂ ਗੁਰੂ ਘਰ ਦੇ ਪਿਆਰਿਆਂ ਅਤੇ ਸਚਿਆਰਿਆਂ ਦੀ ਕਮਾਈ ਦਾ ਵੀ ਧਿਆਨ ਧਰਨ ਲਈ ਕਿਹਾ ਜਾਂਦਾ ਹੈ। ਇਨ੍ਹਾਂ ਪਿਆਰਿਆਂ ਅਤੇ ਸਚਿਆਰਿਆਂ ਨੇ ਆਪਣੇ ਜੀਵਨ ਨੂੰ ਨਾ ਸਿਰਫ਼ ਸਿੱਖੀ ਸਿਧਾਂਤਾਂ ਮੁਤਾਬਕ ਢਾਲਿਆ ਹੀ ਸਗੋਂ ਉਨ੍ਹਾਂ ਸਿਧਾਂਤਾਂ ਦੀ ਰੌਸ਼ਨੀ ਨੂੰ ਦੂਰ-ਦੁਰਾਡੇ ਤੱਕ ਪਹੁੰਚਾਉਣ ਲਈ ਵੀ ਆਪਣਾ ਅਹਿਮ ਯੋਗਦਾਨ ਪਾਇਆ। ਇਨ੍ਹਾਂ ਗੁਰੂ ਘਰ ਦੇ ਪਿਆਰਿਆਂ-ਨਿਆਰਿਆਂ ਦੇ ਯੋਗਦਾਨ ਬਦਲੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਇਨ੍ਹਾਂ ਨੂੰ ਮਾਣ-ਸਤਿਕਾਰ ਦਿੰਦੀਆਂ ਹਨ। ਇਸੇ ਤਰ੍ਹਾਂ ਦੇ ਹੀ ਮਾਣ ਸਤਿਕਾਰ ਦੇ ਪਾਤਰ ਹਨ, ਸਿੱਖ ਧਰਮ ਦੇ ਮਹਾਨ ਵਿਦਵਾਨ, ਚਿੰਤਕ ਅਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ।

ਭਾਈ ਗੁਰਦਾਸ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿੱਚ ਭਾਈ ਈਸ਼ਰ ਦਾਸ (ਗੁਰੂ ਅਮਰਦਾਸ ਜੀ ਦਾ ਚਚੇਰਾ ਭਾਈ) ਦੇ ਪਰਿਵਾਰ ਵਿੱਚ 1559 ਈਸਵੀ ਨੂੰ ਹੋਇਆ। ਕੁੱਝ ਲੇਖਕਾਂ ਮੁਤਾਬਕ ਭਾਈ ਸਾਹਿਬ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ 1553 ਈਸਵੀ ਨੂੰ ਹੋਇਆ। ਆਪਣੇ ਬਚਪਨ ਦਾ ਵਧੇਰੇ ਸਮਾਂ ਭਾਈ ਸਾਹਿਬ ਨੇ ਗੋਇੰਦਵਾਲ ਸਾਹਿਬ ਵਿੱਚ ਹੀ ਬਿਤਾਇਆ ਅਤੇ ਮੁੱਢਲੀ ਸਿੱਖਿਆ ਵੀ ਇੱਥੋਂ ਹੀ ਹਾਸਲ ਕੀਤੀ। ਉਚੇਰੀ ਸਿੱਖਿਆ ਉਨ੍ਹਾਂ ਨੇ ਉਸ ਵਕਤ ਦੇ ਪ੍ਰਸਿੱਧ ਇਸਲਾਮੀ ਅਤੇ ਭਾਰਤੀ ਵਿੱਦਿਆ ਕੇਂਦਰਾਂ 'ਤੇ ਜਾ ਕੇ ਗ੍ਰਹਿਣ ਕੀਤੀ। ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਉਨ੍ਹਾਂ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਗੁਰਮਤਿ ਦੇ ਵਿਸ਼ਿਆਂ 'ਤੇ ਆਪਣੀ ਪਕੜ ਮਜ਼ਬੂਤ ਬਣਾ ਲਈ।

ਬਾਬੇਕਿਆਂ ਦੀ ਸਰਬੱਤ ਦਾ ਭਲਾ ਮੰਗਣ ਵਾਲੀ ਸੋਚ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਭਾਈ ਗੁਰਦਾਸ ਜੀ ਲਾਹੌਰ, ਆਗਰਾ, ਕਾਂਸ਼ੀ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਗਏ। ਇਹ ਸਿਲਸਿਲਾ ਗੁਰੂ ਹਰਗੋਬਿੰਦ ਜੀ ਤੱਕ ਚੱਲਦਾ ਰਿਹਾ। ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਫਤਹਿਪੁਰ ਸੀਕਰੀ, ਗਵਾਲੀਅਰ, ਉਜੈਨ, ਬੁਰਹਾਨਪੁਰ, ਲਖਨਊ ਅਤੇ ਜੋਨਪੁਰ ਆਦਿ ਥਾਵਾਂ 'ਤੇ ਸਿੱਖ ਸੰਗਤਾਂ ਵੀ ਸਥਾਪਤ ਕੀਤੀਆਂ। ਗੁਰੁ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਕਈ ਅੰਦਰੂਨੀ ਅਤੇ ਬਾਹਰੀ ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਨੂੰ ਪਛਾੜਨ ਲਈ ਵੀ ਭਾਈ ਗੁਰਦਾਸ ਜੀ ਦਾ ਅਹਿਮ ਰੋਲ ਰਿਹਾ ਹੈ। ਜਦੋਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਆਰੰਭਿਆ ਤਾਂ ਉਸ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਵੱਲੋਂ ਨਿਭਾਈ ਗਈ। ਇਸ ਤੋਂ ਇਲਾਵਾ ਗੁਰੂ ਆਸ਼ੇ ਦੀ ਵਿਆਖਿਆ ਕਰਨ ਹਿੱਤ ਭਾਈ ਸਾਹਿਬ ਨਾਲ-ਨਾਲ ਆਪਣੀ ਬਾਣੀ ਦੀ ਸਿਰਜਣਾ ਵੀ ਕਰਦੇ ਰਹੇ। ਇਸ ਬਾਣੀ ਨੂੰ ਜਦੋਂ ਪੰਚਮ ਪਾਤਸ਼ਾਹ ਨੇ ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਚਾਹਿਆ ਤਾਂ ਨਿਮਰਤਾ ਦਾ ਸਬੂਤ ਦਿੰਦਿਆਂ ਭਾਈ ਸਾਹਿਬ ਨੇ ਕਿਹਾ ਕਿ ਸੇਵਕ ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ। ਇਹ ਨਿਮਰਤਾ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਭਾਈ ਸਾਹਿਬ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਰੱਜਵਾਂ ਸਤਿਕਾਰ ਦਿੱਤਾ।

ਭਾਈ ਗੁਰਦਾਸ ਜੀ ਨੇ ਗੁਰੂ ਹਰਗੋਬਿੰਦ ਜੀ ਦੇ ਆਰੰਭਲੇ ਸਮੇਂ ਉਸਾਰੀ ਦੇ ਕੰਮਕਾਜ ਦੀ ਨਿਗਰਾਨੀ ਵੀ ਕੀਤੀ। 1609 ਈਸਵੀ ਨੂੰ ਛੇਵੇਂ ਪਾਤਸ਼ਾਹ ਨੇ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਤੇ ਉਸ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਭਾਈ ਸਾਹਿਬ ਨੇ ਨਿਭਾਈ। ਜਦੋਂ ਗੁਰੂ ਸਾਹਿਬ ਗੁਰਸਿੱਖੀ ਦੇ ਪ੍ਰਚਾਰ ਲਈ ਕਿਤੇ ਦੂਰ ਨੇੜੇ ਜਾਂਦੇ ਤਾਂ ਅੰਮ੍ਰਿਤਸਰ ਆਉਣ ਵਾਲੇ ਸ਼ਰਧਾਲੂਆਂ ਦਾ ਸਵਾਗਤ ਅਤੇ ਸੇਵਾ ਦਾ ਕੰਮ ਵੀ ਭਾਈ ਸਾਹਿਬ ਵੱਲੋਂ ਬਾਬਾ ਬੁੱਢਾ ਜੀ ਨਾਲ ਮਿਲ ਕੇ ਬੜੇ ਉਤਸ਼ਾਹ ਨਾਲ ਕੀਤਾ ਜਾਂਦਾ ਹੈ।1605 ਈਸਵੀ ਵਿੱਚ ਜਦੋਂ ਅਕਬਰ ਬਾਦਸ਼ਾਹ ਬਟਾਲੇ ਆਇਆ ਤਾਂ ਕਿਸੇ ਨੇ ਉਸ ਦੇ ਕੰਨ ਭਰ ਦਿੱਤੇ ਕਿ ਗੁਰੂ ਸਾਹਿਬ ਵੱਲੋਂ ਰਚਿਤ ਗ੍ਰੰਥ ਸਾਹਿਬ ਵਿੱਚ ਇਸਲਾਮ ਅਤੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖ਼ਿਲਾਫ਼ ਲਿਖਤ ਲਿਖੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਅਕਬਰ ਬਾਦਸ਼ਾਹ ਦੇ ਸ਼ੰਕਿਆਂ ਨੂੰ ਸੰਤੁਸ਼ਟ ਕਰਨ ਦੇ ਕਾਬਲ ਵੀ ਭਾਈ ਗੁਰਦਾਸ ਜੀ ਨੂੰ ਹੀ ਸਮਝਿਆ ਗਿਆ। ਗੁਰੂ ਸਾਹਿਬ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਗ੍ਰੰਥ ਸਾਹਿਬ ਨੂੰ ਨਾਲ ਲੈ ਕੇ ਬਟਾਲੇ ਪਹੁੰਚ ਗਏ। ਜਦੋਂ ਅਕਬਰ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਾਠ ਕਰਨਾ ਆਰੰਭ ਕਰ ਦਿੱਤਾ। ਪਾਠ ਸੁਣ ਕੇ ਅਕਬਰ ਬਾਦਸ਼ਾਹ ਦੀ ਕਾਫ਼ੀ ਤਸੱਲੀ ਹੋ ਗਈ। ਅਕਬਰ ਨੇ 51 ਮੋਹਰਾਂ ਗ੍ਰੰਥ ਸਾਹਿਬ ਅੱਗੇ ਰੱਖ ਕੇ ਆਪਣਾ ਸੀਸ ਝੁਕਾਇਆ ਤੇ ਭਾਈ ਸਾਹਿਬ ਨੂੰ ਇੱਕ ਸੁੰਦਰ ਦੁਸ਼ਾਲਾ ਭੇਟ ਕੀਤਾ।

ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਿਕ ਵਾਰਾਂ ਪੰਜਾਬੀ 675 ਬਰਿਜ ਅਤੇ ਕੁੱਝ ਸ਼ਲੋਕ ਸੰਸਕ੍ਰਿਤ ਵਿੱਚ ਮਿਲਦੇ ਹਨ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਗੁਰਮਤਿ ਦੀ ਲਾਭਦਾਇਕਤਾ ਦਾ ਪਤਾ ਲਗਾਉਣ ਲਈ ਉਨ੍ਹਾਂ ਦੀ ਇਸ ਰਚਨਾ ਦਾ ਨਿੱਠ ਕੇ ਅਧਿਐਨ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ। ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਗੋਇੰਦਵਾਲ ਸਾਹਿਬ ਦੀ ਧਰਤੀ ਤੇ ਲਏ ਅਤੇ ਛੇਵੇਂ ਪਾਤਸ਼ਾਹ ਦੀ ਹਜ਼ੂਰੀ ਵਿੱਚ ਭਾਦੋਂ ਸੁਦੀ ਪੰਜਵੀਂ 1637 ਈਸਵੀ ਨੂੰ ਸਰੀਰਕ ਚੋਲਾ ਤਿਆਗ ਗਏ। ਭਾਈ ਸਾਹਿਬ ਦੇ ਯੋਗਦਾਨ ਬਦਲੇ ਸਿੱਖ ਸੰਗਤਾਂ ਹਮੇਸ਼ਾ ਉਨ੍ਹਾਂ ਦੀਆਂ ਰਿਣੀ ਰਹਿਣਗੀਆਂ।

ਸੰਪਰਕ: 94631-32719

## ਅਣਖੀ ਯੋਧਿਆਂ ਦੀ ਦਾਸਤਾਨ – ਸਾਕਾ ਨਨਕਾਣਾ ਸਾਹਿਬ

ਤੇਜ ਪ੍ਰਤਾਪ ਸਿੰਘ ਸਤਕੋਹਾ



ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਨੇ ਗੁਰਦੁਆਰਿਆਂ, ਗੁਰਧਾਮਾਂ ਦੀ ਪਵਿੱਤਰਤਾ ਭੰਗ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਸਿੱਖ ਕੌਮ ਨੇ ਉਸ ਦਾ ਡਟ ਕੇ ਵਿਰੋਧ ਕੀਤਾ ਹੈ। ਸਿੱਖਾਂ ਦੀ ਕੁਰਬਾਨੀ ਵਾਲੇ ਜਜ਼ਬੇ ਅਤੇ ਸਮਰਪਣ ਦੀ ਭਾਵਨਾ ਅੱਗੇ ਸਭ ਨੇ ਗੋਡੇ ਟੇਕੇ ਹਨ। ਵੀਹਵੀਂ ਸਦੀ ਵਿੱਚ ਵਾਪਰਿਆ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵੀ ਇਸ ਦੀ ਗਵਾਹੀ ਭਰਦਾ ਹੈ।

ਅੰਗਰੇਜ਼ ਹਕੂਮਤ ਦੌਰਾਨ ਗੁਰਦੁਆਰਿਆਂ ਦਾ ਪ੍ਰਬੰਧ ਮਹੰਤ ਚਲਾਉਂਦੇ ਸਨ। ਗੁਰਦੁਆਰਾ ਨਨਕਾਣਾ ਸਾਹਿਬ 'ਤੇ ਮਹੰਤ ਨਰਾਇਣ ਦਾਸ ਦਾ ਕਬਜ਼ਾ ਸੀ। ਉਸ ਵੱਲੋਂ ਗੁਰਦੁਆਰੇ ਵਿੱਚ ਨਸ਼ੇ ਦਾ ਪ੍ਰਵਾਹ, ਅਚਾਰਹੀਣਤਾ ਵਾਲੇ ਸਾਰੇ ਕੰਮ ਕੀਤੇ ਜਾ ਰਹੇ ਸਨ। ਗੁਰਦੁਆਰੇ ਵਿੱਚ ਦਰਸ਼ਨ ਕਰਨ ਆਈਆਂ ਔਰਤਾਂ ਤੇ ਨੌਜਵਾਨ ਲੜਕੀਆਂ ਦੇ ਅਗਵਾ ਦੀਆਂ ਘਟਨਾਵਾਂ ਵੀ ਵਾਪਰਨ ਲੱਗੀਆਂ ਸਨ। ਮਹੰਤ ਵੱਲੋਂ ਅਜਿਹੀਆਂ ਕੁਰੀਤੀਆਂ ਲੁਕ ਛਿਪ ਕੇ ਨਹੀਂ ਸਗੋਂ ਖੁੱਲ੍ਹੇਆਮ ਕੀਤੀਆਂ ਜਾਣ ਲੱਗੀਆਂ ਸਨ, ਜਿਸ ਲਈ ਉਸ ਨੇ ਬਦਮਾਸ਼ਾਂ ਦੀ ਵੱਡੀ ਟੋਲੀ ਵੀ ਪਾਲੀ ਹੋਈ ਸੀ। ਸਿੱਖ ਆਗੂਆਂ, ਉਸ ਵੇਲੇ ਦੇ ਸਿੱਖ ਅਖ਼ਬਾਰਾਂ ਤੇ ਸਭਾਵਾਂ ਨੇ ਮਹੰਤ ਖ਼ਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਗੁਰਦੁਆਰੇ ਦਾ ਪ੍ਰਬੰਧ ਮਹੰਤ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਪਰ ਮਹੰਤ ਦੇ ਅੰਗਰੇਜ਼ ਹਕੂਮਤ ਦੇ ਹਮਾਇਤੀ ਹੋਣ ਕਾਰਨ ਹਕੂਮਤ ਨੇ ਇਸ ਆਵਾਜ਼ ਨੂੰ ਅਣਗੌਲਿਆਂ ਕਰ ਦਿੱਤਾ।ਸਿੱਖਾਂ ਨੇ 1921 ਦੀ 23 ਜਨਵਰੀ ਅਤੇ 6 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਸਮਾਗਮ ਕੀਤੇ। ਇਨ੍ਹਾਂ ਸਮਾਗਮਾਂ ਵਿੱਚ ਮਹੰਤ ਨਰਾਇਣ ਦਾਸ ਨੂੰ ਚਿੱਠੀ ਲਿਖ ਕੇ ਗੁਰਦੁਆਰਾ ਸਾਹਿਬ ਵਿੱਚ ਕੀਤੇ ਜਾ ਰਹੇ ਸਾਰੇ ਕੁਕਰਮਾਂ ਤੋਂ ਹਟਣ ਅਤੇ ਸੁਧਰਨ ਦੀ ਤਾੜਨਾ ਕੀਤੀ ਗਈ। ਇਸ ਦੇ ਡਰੋਂ ਮਹੰਤ ਨੇ ਬਦਮਾਸ਼ਾਂ ਦੀ ਗਿਣਤੀ ਵਧਾਉਣੀ ਸ਼ੁਰੂ ਕਰ ਦਿੱਤੀ। ਸਿੱਖ ਆਗੂਆਂ ਭਾਈ ਲਛਮਣ ਸਿੰਘ, ਭਾਈ ਤੇਜਾ ਸਿੰਘ, ਭਾਈ ਕਰਤਾਰ ਸਿੰਘ ਝੱਬਰ ਆਦਿ ਵੱਲੋਂ ਮਤਾ ਪਾਇਆ ਗਿਆ ਕਿ ਚੁੱਪ ਚੁਪੀਤੇ ਜਥੇ ਲੈ ਕੇ ਗੁਰਦੁਆਰੇ ਪਹੁੰਚਿਆ ਜਾਵੇ ਅਤੇ ਮਹੰਤ ਕੋਲੋਂ ਗੁਰਦੁਆਰੇ ਦਾ ਪ੍ਰਬੰਧ ਲਿਆ ਜਾਵੇ। ਉਲੀਕੇ ਪ੍ਰੋਗਰਾਮ ਅਨੁਸਾਰ ਵੱਖ-ਵੱਖ ਥਾਵਾਂ ਤੋਂ ਜਥੇ 19 ਫਰਵਰੀ ਨੂੰ ਗੁਰਦੁਆਰਾ ਨਨਕਾਣਾ ਸਾਹਿਬ ਵੱਲ ਤੁਰ ਪਏ। ਇਸ ਦੀ ਭਿਣਕ ਮਹੰਤ ਨਰਾਇਣ ਦਾਸ ਨੂੰ ਪੈ ਗਈ। ਉਸ ਨੇ ਵੱਡੀ ਗਿਣਤੀ ਵਿੱਚ ਬਦਮਾਸ਼ ਬੁਲਾ ਲਏ ਅਤੇ ਭਾਰੀ ਮਾਤਰਾ ਵਿੱਚ ਅਸਲਾ ਅਤੇ ਹਥਿਆਰ ਇਕੱਠੇ ਕਰ ਲਏ। ਸਿੱਖ ਆਗੂਆਂ ਨੇ ਇਸ ਟਕਰਾਅ ਦੀ ਸਥਿਤੀ ਨੂੰ ਭਾਂਪਦਿਆਂ ਉਲੀਕੇ ਪ੍ਰੋਗਰਾਮ ਨੂੰ ਅੱਗੇ ਪਾਉਣ ਦਾ ਫ਼ੈਸਲਾ ਲਿਆ। ਉਨ੍ਹਾਂ ਨੇ ਸਾਰੇ ਜਥਿਆਂ ਨੂੰ ਰੋਕਣ ਲਈ ਸੁਨੇਹੇ ਦੇਣ ਲਈ ਵੱਖ ਵੱਖ ਪਿੰਡਾਂ ਵਿੱਚ ਸਿੰਘਾਂ ਨੂੰ ਭੇਜਿਆ ਪਰ ਸੁਨੇਹਾ ਪਹੁੰਚਣ ਤੋਂ ਪਹਿਲਾਂ ਹੀ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਾਲਾ ਜਥਾ ਅਰਦਾਸਾਂ ਸੋਧ ਕੇ ਚਾਲੇ ਪਾ ਚੁੱਕਾ ਸੀ। ਇਹ ਸ਼ਾਂਤਮਈ ਸਿੰਘਾਂ ਦਾ ਜਥਾ ਵੱਖ ਵੱਖ ਪਿੰਡਾਂ ਵਿੱਚੋਂ ਲੰਘਦਾ ਹੋਇਆ 20 ਫਰਵਰੀ ਨੂੰ ਸਵੇਰੇ ਗੁਰਦੁਆਰਾ ਨਨਕਾਣਾ ਸਾਹਿਬ ਪਹੁੰਚ ਗਿਆ।

ਗੁਰਦੁਆਰੇ ਵਿੱਚ ਭਾਈ ਸਾਹਿਬ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠੇ ਸਨ ਤੇ ਗੁਰਬਾਣੀ ਦਾ ਪ੍ਰਵਾਹ ਚੱਲ ਰਿਹਾ ਸੀ। ਸੰਗਤਾਂ ਸ਼ਾਂਤਮਈ ਢੰਗ ਨਾਲ ਬੈਠ ਕੇ ਗੁਰਬਾਣੀ ਪੜ੍ਹ-ਸੁਣ ਰਹੀਆਂ ਸਨ ਕਿ ਮਹੰਤ ਦੇ ਹਥਿਆਰਬੰਦ ਗੁੰਡਿਆਂ ਨੇ ਹੱਲਾ ਬੋਲ ਦਿੱਤਾ। ਗੰਡਾਸੇ, ਕਿਰਪਾਨਾਂ, ਛੁਰਿਆਂ, ਬਰਛਿਆਂ ਤੇ ਬੰਦੂਕਾਂ ਆਦਿ ਨਾਲ ਤਿਆਰੀ ਕਰ ਕੇ ਆਏ ਬਦਮਾਸ਼ਾਂ ਨੇ ਨਿਹੱਥੇ ਅਤੇ ਸ਼ਾਂਤਮਈ ਢੰਗ ਨਾਲ ਗੁਰਬਾਣੀ ਪੜ੍ਹ ਰਹੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਕੀਤੀ ਗਈ। ਜ਼ਖ਼ਮੀ ਸਿੰਘਾਂ ਉੱਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ। 12 ਸਾਲਾਂ ਦੇ ਬੱਚੇ ਨੂੰ ਵੀ ਅੱਗ ਵਿੱਚ ਸੁੱਟ ਦਿੱਤਾ ਗਿਆ। ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਜ਼ਖ਼ਮੀ ਹਾਲਤ ਵਿੱਚ ਜੰਡ ਨਾਲ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ। ਜਥੇ ਦੇ ਪਿੱਛੇ ਰਹਿ ਗਏ ਭਾਈ ਲਛਮਣ ਸਿੰਘ ਦੇ ਭਤੀਜੇ ਭਾਈ ਈਸ਼ਰ ਸਿੰਘ ਨੇ ਗੁਰਦੁਆਰੇ ਦੇ ਬਾਹਰੋਂ ਹੀ ਇਸ ਵਰਤਾਰੇ ਨੂੰ ਦੇਖਦਿਆਂ ਆਪਣੀ ਘੋੜੀ ਨੂੰ ਪਿੰਡ ਵੱਲ ਖਾਲੀ ਤੋਰ ਦਿੱਤਾ ਤੇ ਗੁਰਦੁਆਰੇ ਵਿੱਚ ਪ੍ਰਵੇਸ਼ ਕਰ ਕੇ ਜਥੇ ਵਿੱਚ ਜਾ ਸ਼ਾਮਲ ਹੋਏ ਅਤੇ ਸ਼ਹੀਦੀ ਪ੍ਰਾਪਤ ਕੀਤੀ।

ਸਿਰਲੱਥ ਯੋਧਿਆਂ ਵੱਲੋਂ ਬਾਬਾ ਦੀਪ ਸਿੰਘ ਦੀਆਂ ਪੈੜਾਂ ਅਤੇ ਸੋਧੀ ਗਈ ਅਰਦਾਸ ਦੀ ਮਹੱਤਤਾ 'ਤੇ ਚਲਦਿਆਂ ਗੁਰਦੁਆਰੇ ਦੀ ਪਵਿੱਤਰਤਾ ਦੀ ਬਹਾਲੀ ਲਈ ਦਿੱਤੀ ਸ਼ਹਾਦਤ ਨੇ ਅੰਗਰੇਜ਼ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ। ਇਸ ਸ਼ਹਾਦਤ ਪਿੱਛੋਂ ਸਿੱਖ ਸੰਗਤਾਂ ਦੇ ਰੋਹ ਨੂੰ ਦੇਖਦਿਆਂ ਹਕੂਮਤ ਨੇ ਮਹੰਤ ਖ਼ਿਲਾਫ਼ ਕੇਸ ਦਰਜ ਕਰ ਲਿਆ ਅਤੇ ਗੁਰਦੁਆਰੇ ਦੀਆਂ ਚਾਬੀਆਂ ਸਿੱਖ ਆਗੂਆਂ ਦੇ ਹਵਾਲੇ ਕਰ ਦਿੱਤੀਆਂ। ਮਹੰਤ ਨਰਾਇਣ ਦਾਸ ਨੂੰ ਕਾਲੇ ਪਾਣੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਸਾਕਾ ਨਨਕਾਣਾ ਸਾਹਿਬ ਨੂੰ ਬੀਤਿਆਂ ਭਾਵੇਂ ਕਈ ਦਹਾਕੇ ਬੀਤ ਗਏ ਹਨ ਪਰ ਹੁਣ ਵੀ ਜਦੋਂ ਕਿਧਰੇ ਹਕੂਮਤਾਂ ਵੱਲੋਂ ਗੁਰਧਾਮਾਂ ਦੀ ਆਜ਼ਾਦੀ ਅਤੇ ਧਰਮਸੰਕਟ ਲਈ ਸ਼ਾਂਤਮਈ ਢੰਗ ਨਾਲ ਰੋਸ ਵਿੱਚ ਬੈਠੀਆਂ ਸੰਗਤਾਂ 'ਤੇ ਹਮਲਾ ਕੀਤਾ ਜਾਂਦਾ ਹੈ ਤਾਂ ਇਹ ਜ਼ਖ਼ਮ ਫਿਰ ਤਾਜ਼ਾ ਹੋ ਜਾਂਦੇ ਹਨ। ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰਾਂ ਤੇ ਸੰਗਤਾਂ ਵੱਲੋਂ ਥਾਂ-ਥਾਂ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ ਪਰ ਕਿਸੇ ਵੀ ਸਰਕਾਰ ਨੇ ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਬਣਾਉਣ ਤੇ ਰਾਜ ਪੱਧਰੀ ਸਮਾਗਮ ਕਰਵਾਉਣ ਨੂੰ ਕੋਈ ਤਰਜੀਹ ਨਹੀਂ ਦਿੱਤੀ।

ਸੰਪਰਕ: 95011-18385

# ਸਾਲਾਂ ਤੋਂ ਬੰਦ ਪਈ 'ਯੂ ਸਪੈਸ਼ਲ ਬੱਸ ਸੇਵਾ' ਦੁਬਾਰਾ ਸ਼ੁਰੂ ਹੋਵੇਗੀ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 5 ਅਗਸਤ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਦਿੱਲੀ ਯੂਨੀਵਰਸਿਟੀ ਅਧੀਨ ਚਲਾਏ ਜਾ ਰਹੇ ਸੋਸ਼ਲ ਸੈਂਟਰ ਸਕੂਲ (ਮੌਰਿਸ ਨਗਰ) ਦੇ ਨਵੇਂ ਅਕਾਦਮਿਕ ਬਲਾਕ ਦਾ ਉਦਘਾਟਨ ਕਰਕੇ ਰਾਜਧਾਨੀ ਦੇ ਵਿਦਿਆਰਥੀਆਂ ਨੂੰ ਇੱਕ ਵੱਡਾ ਤੋਹਫ਼ਾ ਦਿੱਤਾ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸਾਲਾਂ ਤੋਂ ਬੰਦ ਪਈਆਂ ਯੂ ਸਪੈਸ਼ਲ ਬੱਸ ਸੇਵਾਵਾਂ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ। ਇਹ ਬੱਸਾਂ ਹੁਣ ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੀਆਂ, ਜਿਸ ਵਿੱਚ ਏਅਰ ਕੰਡੀਸ਼ਨਿੰਗ, ਐਲਈਡੀ ਲਾਈਟਿੰਗ ਅਤੇ ਸੰਗੀਤ ਪ੍ਰਣਾਲੀ ਵਰਗੀਆਂ ਸਹੂਲਤਾਂ ਸ਼ਾਮਲ ਹੋਣਗੀਆਂ। ਮੁੱਖ ਮੰਤਰੀ ਨੇ ਇਹ ਵੀ ਸੁਝਾਅ ਦਿੱਤਾ ਕਿ ਦਿੱਲੀ ਯੂਨੀਵਰਸਿਟੀ ਨੂੰ ਕੁਝ ਸਕੂਲਾਂ ਨੂੰ ਅਪਣਾਉਣਾ ਚਾਹੀਦਾ ਹੈ, ਤਾਂ ਜੋ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਵਿਦਿਆਰਥੀ ਨਿਯਮਿਤ ਤੌਰ 'ਤੇ ਇਨ੍ਹਾਂ ਸਕੂਲਾਂ ਦਾ ਦੌਰਾ ਕਰਨ ਅਤੇ ਸਕੂਲੀ ਬੱਚਿਆਂ ਦਾ ਮਾਰਗਦਰਸ਼ਨ ਕਰਨ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਬੋਲਦਿਆਂ, ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਕਾਲਜ ਆਉਣ-ਜਾਣ ਵਿੱਚ ਆਉਣ-ਜਾਣ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਯੂ ਸਪੈਸ਼ਲ ਬੱਸ ਸੇਵਾ ਨੂੰ ਮੁੜ ਸ਼ੁਰੂ ਕਰਨ ਜਾ ਰਹੇ ਹਾਂ ਤਾਂ ਜੋ ਵਿਦਿਆਰਥੀਆਂ ਨੂੰ ਪਹੁੰਚਯੋਗ, ਸੁਰੱਖਿਅਤ ਅਤੇ ਸਨਮਾਨਜਨਕ ਆਵਾਜਾਈ ਸਹੂਲਤ ਮਿਲ ਸਕੇ। ਸੋਸ਼ਲ ਸੈਂਟਰ ਸਕੂਲ ਦੀਆਂ ਪ੍ਰਾਪਤੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ 1947 ਵਿੱਚ ਸਮਾਜ ਸੇਵਾ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਇਹ ਸਕੂਲ ਹੁਣ ਇੱਕ ਸ਼ਾਨਦਾਰ ਚਾਰ ਮੰਜ਼ਿਲਾ ਇਮਾਰਤ ਅਤੇ 21 ਆਧੁਨਿਕ ਕਲਾਸਰੂਮਾਂ ਵਾਲੀ ਸੰਸਥਾ ਵਿੱਚ ਬਦਲ ਗਿਆ ਹੈ। ਮੁੱਖ ਮੰਤਰੀ ਨੇ ਇਸ ਸਕੂਲ ਦੀ ਦੇਖਭਾਲ ਅਤੇ ਨਵੀਨੀਕਰਨ ਲਈ ਦਿੱਲੀ ਯੂਨੀਵਰਸਿਟੀ ਦੀ ਪ੍ਰਸ਼ੰਸਾ ਕੀਤੀ। ਮੁੱਖ ਮੰਤਰੀ ਨੇ ਇਸ ਮੌਕੇ ਸਕੂਲ ਨੂੰ 12ਵੀਂ ਜਮਾਤ ਤੱਕ ਦੀ ਪੜ੍ਹਾਈ ਲਈ ਮਾਨਤਾ ਦੇਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨੇ ਇਹ ਵੀ ਸੁਝਾਅ ਦਿੱਤਾ ਕਿ ਦਿੱਲੀ ਯੂਨੀਵਰਸਿਟੀ ਨੂੰ ਕੁਝ ਸਕੂਲਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਜੋ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਵਿਦਿਆਰਥੀ ਨਿਯਮਿਤ ਤੌਰ 'ਤੇ ਇਨ੍ਹਾਂ ਸਕੂਲਾਂ ਦਾ ਦੌਰਾ ਕਰ ਸਕਣ ਅਤੇ ਸਕੂਲੀ ਬੱਚਿਆਂ ਦਾ ਮਾਰਗਦਰਸ਼ਨ ਕਰ ਸਕਣ। ਉਨ੍ਹਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਇਹ ਵੀ ਬੇਨਤੀ ਕੀਤੀ ਕਿ ਉਹ ਵੱਡੇ ਭਰਾਵਾਂ ਅਤੇ ਭੈਣਾਂ ਵਾਂਗ ਵਾਂਝੇ ਅਤੇ ਲੋੜਵੰਦ ਬੱਚਿਆਂ ਨੂੰ ਸਹਾਇਤਾ ਅਤੇ ਸਿੱਖਿਆ ਪ੍ਰਦਾਨ ਕਰਨ ਤਾਂ ਜੋ ਉਹ



ਆਪਣੇ ਜੀਵਨ ਦੀ ਦਿਸ਼ਾ ਤੈਅ ਕਰ ਸਕਣ ਅਤੇ ਮੁੱਖ ਧਾਰਾ ਵਿੱਚ ਸ਼ਾਮਲ ਹੋ ਸਕਣ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸਿੱਖਿਆ ਪ੍ਰਣਾਲੀ ਨਾਲ ਸਬੰਧਤ ਇੱਕ ਮਹੱਤਵਪੂਰਨ ਸਮਾਜਿਕ ਵਿਗਾੜ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਕਿ ਅੱਜ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਭੇਜਣ ਲਈ ਉਤਸੁਕ ਹਨ, ਪਰ ਉਹ ਸਰਕਾਰੀ ਸਕੂਲਾਂ ਤੋਂ ਵੀ ਝਿਜਕਦੇ ਹਨ। ਇਸਦਾ ਕਾਰਨ ਇਹ ਹੈ ਕਿ ਸਰਕਾਰੀ ਸਕੂਲਾਂ ਦੀ ਛਵੀ ਅਤੇ ਗੁਣਵੱਤਾ ਬਾਰੇ ਇੱਕ ਗਲਤ ਧਾਰਨਾ ਹੈ। ਪਰ ਹੁਣ ਇਹ ਸਥਿਤੀ ਬਦਲ ਜਾਵੇਗੀ। ਸਾਡੀ ਸਰਕਾਰ ਦਿੱਲੀ ਦੇ ਸਰਕਾਰੀ ਸਕੂਲਾਂ ਨੂੰ ਨਿੱਜੀ ਸਕੂਲਾਂ ਨਾਲੋਂ ਬਿਹਤਰ ਬਣਾਏਗੀ, ਇੰਨਾ ਬਿਹਤਰ ਕਿ ਲੋਕ ਖੁਦ ਮਾਣ ਨਾਲ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣਗੇ। ਇਸ ਉਦਘਾਟਨੀ ਸਮਾਰੋਹ ਵਿੱਚ ਮੁੱਖ ਮੰਤਰੀ ਦੇ ਨਾਲ ਦਿੱਲੀ ਦੇ ਸਿੱਖਿਆ ਮੰਤਰੀ ਸ੍ਰੀ ਅਸ਼ੀਸ਼ ਸੂਦ, ਦਿੱਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਯੋਗੇਸ਼ ਸਿੰਘ, ਮੇਅਰ ਸ੍ਰੀ ਰਾਜਾ ਇਕਬਾਲ ਸਿੰਘ, ਸਥਾਨਕ ਵਿਧਾਇਕ, ਯੂਨੀਵਰਸਿਟੀ ਅਤੇ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ। ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਕਿਹਾ ਕਿ ਸਿੱਖਿਆ ਸੁਧਾਰਾਂ ਪ੍ਰਤੀ ਸਾਡੀ ਵਚਨਬੱਧਤਾ ਅਤੇ ਵਿਦਿਆਰਥੀਆਂ ਦੇ ਭਵਿੱਖ ਪ੍ਰਤੀ ਸਾਡੀ ਸੰਵੇਦਨਸ਼ੀਲਤਾ ਦਿੱਲੀ ਨੂੰ 'ਸਰਬੋਤਮ ਸਿੱਖਿਆ, ਸਰਬੋਤਮ ਭਵਿੱਖ' ਦੀ ਦਿਸ਼ਾ ਵਿੱਚ ਮਜ਼ਬੂਤੀ ਨਾਲ ਲੈ ਜਾ ਰਹੀ ਹੈ।

## ਖੰਨਾ ਪਹੁੰਚੇ ਕੈਬਨਿਟ ਮੰਤਰੀ ਨੇ ਕਰ ਦਿੱਤੇ ਵੱਡੇ ਐਲਾਨ

ਖੰਨਾ 5 ਅਗਸਤ। ਖੰਨਾ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮਦਿਨ ਨੂੰ ਸਮਰਪਿਤ ਜਾਗ੍ਰਿਤੀ ਸਮਾਗਮ ਹੋਇਆ। ਇਸ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੀ ਪੁੱਜੇ। ਇਸ ਮੌਕੇ ਚੇਅਰਮੈਨ ਗੜ੍ਹੀ ਨੇ ਕਿਹਾ ਕਿ ਉਹ ਦਲਿਤਾਂ ਅਤੇ ਗਰੀਬ ਲੋਕਾਂ ਦੇ ਹਿੱਤਾਂ ਖਾਤਰ ਹਮੇਸ਼ਾਂ ਆਪਣੀ ਆਵਾਜ਼ ਨੂੰ ਬੁਲੰਦ ਕਰਦੇ ਰਹਿਣਗੇ। ਬਾਬਾ ਸਾਹਿਬ ਦੇ ਸੁਪਨਿਆਂ ਦਾ ਮੁਲਕ ਬਣਾਉਣ ਵਿਚ ਅਹਿਮ ਯੋਗਦਾਨ ਦੇਣਗੇ। ਦੂਜੇ ਪਾਸੇ ਮੰਤਰੀ ਸੌਂਦ ਨੇ ਐਲਾਨ ਕੀਤਾ ਕਿ ਖੰਨਾ ਦੇ ਅਮਲੋਹ ਰੋਡ ਜਿਸ ਦਾ ਨਾਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਨਾਂ ਉੱਪਰ ਰੱਖਿਆ ਗਿਆ ਹੈ, ਉੱਥੇ ਤਿੰਨ ਮਹੀਨਿਆਂ ਅੰਦਰ ਅੰਬੇਡਕਰ ਜੀ ਦਾ ਬੁੱਤ ਲਗਾਇਆ ਜਾਵੇਗਾ। ਉਨ੍ਹਾਂ ਨੇ ਭੱਟੀਆਂ ਨਗਰ ਨੂੰ 10 ਲੱਖ ਰੁਪਏ ਦੀ ਗ੍ਰਾਂਟ ਦੇ ਨਾਲ-ਨਾਲ ਮੁਹੱਲਾ ਕਲੀਨਿਕ ਖੋਲਣ ਦਾ ਐਲਾਨ ਵੀ ਕੀਤਾ।

## ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ ਅਧਿਕਾਰੀਆਂ ਨੇ ਹਰਿਆਣਾ ਰਾਈਟ ਟੂ ਸਰਵਿਸ ਕਮੀਸ਼ਨ ਦਾ ਕੀਤਾ ਦੌਰਾ

ਚੰਡੀਗੜ੍ਹ,5 ਅਗਸਤ: ਭਾਰਤ ਸਰਕਾਰ ਦੇ ਨੈਸ਼ਨਲ ਸੈਂਟਰ ਫਾਰ ਗੁੱਲ ਗਵਰਨੈਂਸ ਦੇ ਛੇ ਮੈਂਬਰੀ ਉੱਚ ਪੱਧਰੀ ਵਫ਼ਦ ਨੇ ਅੱਜ ਹਰਿਆਣਾ ਰਾਈਟ ਟੂ ਸਰਵਿਸ ਕਮਿਸ਼ਨ, ਚੰਡੀਗੜ੍ਹ ਦਾ ਦੌਰਾ ਕੀਤਾ। ਕਮਿਸ਼ਨ ਦੇ ਮੁੱਖ ਕਮਿਸ਼ਨਰ ਸ੍ਰੀ ਟੀ.ਸੀ. ਗੁਪਤਾ ਦੀ ਅਗਵਾਈ ਹੇਠ ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਵਫ਼ਦ ਦਾ ਸਵਾਗਤ ਕੀਤਾ ਗਿਆ। ਇਸ ਵਫ਼ਦ ਦੀ ਅਗਵਾਈ ਨੈਸ਼ਨਲ ਸੈਂਟਰ ਫਾਰ ਗੁੱਲ ਗਵਰਨੈਂਸ ਦੇ ਡਾਇਰੈਕਟਰ ਜਨਰਲ ਡਾ. ਸੁਰੇਂਦਰ ਕੁਮਾਰ ਬਾਗੜੇ, ਆਈਏਐਸ ਵੱਲੋਂ ਕੀਤਾ ਗਿਆ। ਇਸ ਦੌਰੇ ਦਾ ਉਦੇਸ਼ ਰਾਇਟ ਟੂ ਸਰਵਿਸ ਐਕਟ ਦੇ ਪ੍ਰਭਾਵੀ ਲਾਗੂ ਕਰਨ ਵਿੱਚ ਸੂਬਿਆਂ ਵੱਲੋਂ ਅਪਣਾਈ ਗਈ ਸਰਵੋਤਮ ਪ੍ਰਕ੍ਰਿਆਵਾਂ ਦੇ ਆਦਾਨ-ਪ੍ਰਦਾਨ ਦੇ ਨਾਲ-ਨਾਲ ਹਰਿਆਣਾ ਸੂਬੇ ਵਿੱਚ ਸੇਵਾਵਾਂ ਦੀ ਸਮੇਂਵੱਧ ਡਿਲੀਵਰੀ ਦੀ ਦਿਸ਼ਾ ਵਿੱਚ ਕੀਤੇ ਜਾ ਰਹੇ ਇਨੋਵੇਸ਼ਨਾਂ ਨੂੰ ਸਮਝਣਾ ਰਿਹਾ। ਮੁੱਖ ਕਮਿਸ਼ਨਰ ਸ੍ਰੀ ਟੀ.ਸੀ. ਗੁਪਤਾ ਨੇ ਵਫ਼ਦ ਨੂੰ ਕਮਿਸ਼ਨ ਦੀ ਕਾਰਜਪ੍ਰਣਾਲੀ, ਕਾਨੂੰਨੀ ਢਾਂਚੇ, ਸ਼ਿਕਾਇਤ ਹੱਲ ਸਿਸਟਮ, ਅਤੇ ਡਿਜੀਟਲ ਪਲੇਟਫਾਰਮ ਵਰਗੇ ਆਨਲਾਇਨ ਟ?ਰੈਕਿੰਗ ਸਿਸਟਮ, RTS ਡੈਸ਼ਬੋਰਡ, ਅਤੇ ਸੇਵਾ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ 'ਤੇ ਦੰਡਕਾਰੀ ਕਾਰਵਾਈ ਦੀ ਵਿਵਸਥਾ ਨੂੰ ਵਿਸਤਾਰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਹ ਵੀ ਦਸਿਆ ਕਿ ਕਮਿਸ਼ਨ ਵੱਲੋਂ ਆਟੋ ਅਪੀਲ ਦੀ ਵਿਵਸਥਾ ਵੀ ਕੀਤੀ ਗਈ ਹੈ, ਜਿਸ ਨਾਲ ਨਾਗਰਿਕਾਂ ਨੂੰ ਖੁਦ ਹੀ ਨਿਆਂ ਪ੍ਰਾਪਤ ਹੋ ਸਕੇ। ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੱਧ ਨਾਗਰਿਕ ਸੇਵਾਵਾਂ ਨੂੰ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਲਿਆਇਆ ਜਾ ਰਿਹਾ ਹੈ, ਤਾਂ ਜੋ ਵੱਧ ਤੋਂ ਵੱਧ ਲਾਭਕਾਰਾਂ ਨੂੰ ਸਮੇਂਬੱਧ ਸੇਵਾਵਾਂ ਯਕੀਨੀ ਕੀਤੀ ਜਾ ਸਕੇ। ਮੀਟਿੰਗ ਵਿੱਚ ਦੋਨੋਂ ਅਦਾਰਿਆਂ ਹਰਿਆਣਾ ਰਾਇਟ ਟੂ ਸਰਵਿਸ ਕਮਿਸ਼ਨ ਅਤੇ ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ ਦੇ ਅਧਿਕਾਰੀ ਮੌਜੂਦ ਰਹੇ। ਮੌਜੂਦ ਅਧਿਕਾਰੀਆਂ ਦੇ ਵਿੱਚ ਸੇਵਾ ਵੰਡ ਪ੍ਰਣਾਲੀ ਨੂੰ ਵੱਧ ਪ੍ਰਭਾਵੀ, ਪਾਰਦਰਸ਼ੀ ਅਤੇ ਨਾਗਰਿਕ-ਮੁਖੀ ਬਨਾਉਣ 'ਤੇ ਸਾਰਥਕ ਚਰਚਾ ਹੋਈ। ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ ਦੇ ਅਧਿਕਾਰੀਆਂ ਦੇ ਹਰਿਆਣਾਂ ਵਿੱਚ ਰਾਇਟ ਟੂ ਸਰਵਿਸ ਐਕਟ ਦੇ ਲਾਗੂ ਕਰਨ ਦੀ ਪ੍ਰਗਤੀ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਹੋਰ ਸੂਬਿਆਂ ਲਈ ਇੱਕ ਪੇ?ਰਰਣਾਦਾਇਕ ਮਾਡਲ ਦਸਿਆ। ਉਨ੍ਹਾਂ ਨੇ ਕਮਿਸ਼ਨ ਦੀ ਡਿਜੀਟਲ ਪਹਿਲਾਂ ਅਤੇ ਸੰਸਥਾਗਤ ਨਵਾਚਾਰਾਂ ਨੂੰ ਨਾਗਰਿਕ ਅਧਿਕਾਰੀ ਦੀ ਰੱਖਿਆ ਅਤੇ ਸੁਸਾਸ਼ਨ ਦੀ ਦਿਸ਼ਾ ਵਿੱਚ ਬਹੁਤ ਪ੍ਰਭਾਵਸ਼ਾਲੀ ਕਦਮ ਦਸਿਆ।

## ਪੰਜਾਬ ਪੁਲਸ ਦੀ ਮਹਿਲਾ ਇੰਸਪੈਕਟਰ ਭਗੌੜੀ ਐਲਾਨੀ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ

ਮੋਗਾ 5 ਅਗਸਤ। ਪਿਛਲੇ 9 ਮਹੀਨਿਆਂ ਤੋਂ ਰਿਸ਼ਵਤ ਲੈਣ ਦੇ ਦੋਸ਼ਾਂ 'ਚ ਘਿਰੀ ਸਸਪੈਂਡ ਮਹਿਲਾ ਪੁਲਸ ਇੰਸਪੈਕਟਰ ਨੂੰ ਅਦਾਲਤ ਨੇ ਭਗੌੜੀ ਐਲਾਨ ਦਿੱਤਾ ਹੈ। ਭਗੌੜੀ ਐਲਾਨੇ ਜਾਣ ਮਗਰੋਂ ਸਸਪੈਂਡ ਇੰਸਪੈਕਟਰ ਖ਼?ਲਾਫ਼ ਧਾਰਾ 209 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਸਦੇ ਖ਼?ਲਾਫ਼ ਨਸ਼ਾ ਤਸਕਰਾਂ ਤੋਂ 5 ਲੱਖ ਰੁਪਏ ਲੈ ਕੇ ਛੱਡਣ ਦੇ ਮਾਮਲੇ 'ਚ ਭ੍ਰਿਸ਼ਟਾਚਾਰ ਨਿਵਾਰਣ ਐਕਟ ਅਧੀਨ ਵੀ ਕੇਸ ਦਰਜ ਸੀ। ਥਾਣਾ ਕੋਟਈਸੇ ਖਾਂ ਦੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਥਾਣੇ ਦੀ ਸਾਬਕਾ ਇੰਚਾਰਜ ਅਰਸ਼ਪ੍ਰੀਤ ਕੌਰ ਖ਼?ਲਾਫ਼ 23 ਅਕਤੂਬਰ 2024 ਨੂੰ ਨਸ਼ਾ ਤਸਕਰ ਨੂੰ ਛੱਡਣ ਦੇ ਬਦਲੇ 5 ਲੱਖ ਰੁਪਏ ਰਿਸ਼ਵਤ ਲੈਣ ਦਾ ਮਾਮਲਾ ਦਰਜ ਹੋਇਆ ਸੀ। ਇਸ ਤੋਂ ਬਾਅਦ ਉਕਤ ਮਹਿਲਾ ਪੁਲਸ ਅਧਿਕਾਰੀ ਫਰਾਰ ਚੱਲ ਰਹੀ ਹੈ। ਉਸਦੀ ਅੰਤਰਿਮ ਜ਼ਮਾਨਤ ਦੀ ਅਰਜ਼ੀ ਵੀ ਰੱਦ ਹੋ ਚੁੱਕੀ ਹੈ। ਕੇਸ ਦਰਜ ਹੋਣ ਦੇ 9 ਮਹੀਨੇ ਬਾਅਦ ਵੀ ਸਸਪੈਂਡ ਉਕਤ ਅਧਿਕਾਰੀ ਅਦਾਲਤ ਵਿਚ ਹਾਜ਼ਰ ਨਹੀਂ ਹੋਈ, ਜਿਸ ਕਰਕੇ ਉਸਨੂੰ ਅਦਾਲਤ ਨੇ ਭਗੌੜੀ ਐਲਾਨ ਦਿੱਤਾ। ਥਾਣਾ ਕੋਟਈਸੇ ਖਾਂ ਵਿਚ ਅਰਸ਼ਪ੍ਰੀਤ ਕੌਰ ਖ਼?ਲਾਫ਼ ਧਾਰਾ 209 ਹੇਠ ਕੇਸ ਦਰਜ ਹੋਇਆ ਹੈ। ਪੁਲਸ ਅਨੁਸਾਰ 1 ਅਕਤੂਬਰ 2024 ਨੂੰ ਮੁਖਬਿਰ ਦੀ ਸੂਚਨਾ 'ਤੇ ਥਾਣਾ ਕੋਟਈਸੇ ਖਾਂ ਦੀ ਪੁਲਸ ਨੇ ਅਮਰਜੀਤ ਸਿੰਘ ਨਿਵਾਸੀ ਕੋਟਈਸੇ ਖਾਂ ਨੂੰ ਸਕਾਰਪਿਓ ਗੱਡੀ ਅਤੇ 2 ਕਿਲੋ ਅਫੀਮ ਸਮੇਤ ਫੜਿਆ ਸੀ। ਅਮਰਜੀਤ ਦੇ ਨਾਲ ਉਸਦਾ ਭਰਾ ਮਨਪ੍ਰੀਤ ਸਿੰਘ ਅਤੇ ਭਤੀਜਾ ਗੁਰਪ੍ਰੀਤ ਸਿੰਘ ਵੀ ਸੀ, ਜਿਨ੍ਹਾਂ ਨੂੰ ਵੀ 3 ਕਿਲੋ ਅਫੀਮ ਸਮੇਤ ਮੌਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਇੰਸਪੈਕਟਰ ਅਰਸ਼ਪ੍ਰੀਤ ਕੌਰ ਨੇ ਥਾਣੇ ਦੇ ਮੁਣਸ਼ੀ ਗੁਰਪ੍ਰੀਤ ਸਿੰਘ ਅਤੇ ਬਲਖੰਡੀ ਚੌਕੀ ਦੇ ਮੁਣਸ਼ੀ ਰਾਜਪਾਲ ਸਿੰਘ ਨਾਲ ਮਿਲ ਕੇ 5 ਲੱਖ ਰੁਪਏ ਲਏ ਸਨ।

## ਨਗਰ ਨਿਗਮ ਬਟਾਲਾ ਦੀ ਟੀਮ ਨੇ ਨਾਜਾਇਜ਼ ਕੀਤੀ ਉਸਾਰੀ ਨੂੰ ਢਾਹਿਆ

ਬਟਾਲਾ 5 ਅਗਸਤ। ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ, ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਰਡ ਨੰਬਰ 22, ਸ੍ਰੀ ਹਰਗੋਬਿੰਦਪੁਰ ਸਾਹਿਬ ਰੋਡ, ਗਲੀ ਨੰਬਰ, 2 ਡਰੀਮਮੈਂਡ ਕਾਲੋਨੀ, ਨਜ਼ਦੀਕ ਸ਼ਿਵ ਜਿੰਮ, ਉਮਰਪੁਰਾ ਬਟਾਲਾ ਵਿਖੇ ਸੜਕ ਉਪਰ ਕੀਤੇ ਗਏ ਅਣ-ਅਧਿਕਾਰਤ ਢਾਂਚੇ (ਇਨ-ਲੀਗਲ ਸਰਟੱਰਕਚਰ) ਨੂੰ ਨਗਰ ਨਿਗਮ ਬਟਾਲਾ ਦੀ ਟੀਮ ਵਲੋਂ ਜੇ.ਸੀ.ਬੀ ਮਸ਼ੀਨ ਨਾਲ ਢਾਹ ਦਿੱਤਾ ਗਿਆ। ਟੀਮ ਵਿੱਚ ਬਿਲਡਿੰਗ ਬ੍ਰਾਂਚ ਦੇ ਅਧਿਕਾਰੀ ਕੁਲਵੰਤ ਸਿੰਘ, ਏ.ਟੀ.ਪੀ. ਧੀਰਜ ਕੁਮਾਰ, ਬਿਲਡਿੰਗ ਇੰਸਪੈਟਰ, ਸ੍ਰੀਮਤੀ ਮਨਿੰਦਰ ਕੌਰ, ਬਿਲਡਿੰਗ ਇੰਸਪੈਕਟਰ, ਗੁਰਮੁੱਖ ਸਿੰਘ, ਡਰਾਫਟਮੈਨ ਅਤੇ ਫੀਲਡ ਸਟਾਫ ਕੇਵਲ ਕ੍ਰਿਸ਼ਨ, ਧਰਮਜੀਤ ਸਿੰਘ, ਰਮੇਸ਼ ਕੁਮਾਰ ਲਾਲੀ, ਰਜਿੰਦਰ ਕੁਮਾਰ ਅਤੇ ਪ੍ਰਦੀਪ ਕੁਮਾਰ ਵੱਲੋ ਐਕਸ਼ਨ ਲੈਂਦੇ ਹੋਏ ਢਾਹੁਣ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਗਿਆ। ਇਸ ਸਬੰਧੀ ਵਿੱਚ ਕਮਿਸ਼ਨਰ ਨਗਰ ਨਿਗਮ, ਬਟਾਲਾ ਵੱਲੋ ਬਟਾਲਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਇਮਾਰਤ ਦੀ ਉਸਾਰੀ ਨਿਯਮਾਂ ਅਨੁਸਾਰ ਨਗਰ ਨਿਗਮ ਤੋ ਨਕਸ਼ ਪਾਸ ਕਰਵਾਉਣ ਉਪਰੰਤ ਕਰਨ। ਉਨਾਂ ਦੱਸਿਆ ਕਿ ਨਗਰ ਨਿਗਮ ਵੱਲੋ ਹੋਰ ਵੀ ਅਣਅਧਿਕਾਰਤ ਉਸਾਰੀਆਂ ਦੀ ਪੜਤਾਲ ਕੀਤੀ ਜਾ ਰਹੀ ਹੈ, ਇਸ ਸਬੰਧੀ ਵੀ ਜਲਦੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ। ਉਨਾਂ ਅੱਗੇ ਕਿਹਾ ਕਿ ਜੇਕਰ ਕਿਸੇ ਨੂੰ ਨਕਸ਼ਾ ਪਾਸ ਕਰਵਾਉਣ ਵਿੱਚ ਕਿਸੇ ਵੀ ਕਿਸਮ ਦੀ ਮੁਸ਼ਕਲ ਪੇਸ਼ ਆਉਦੀ ਹੈ ਤਾਂ ਉਹ ਕਿਸੇ ਵੀ ਦਫਤਰੀ ਸਮੇ ਵਿੱਚ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ।

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਸੁਰੱਖਿਆ 'ਚ ਕੁਤਾਹੀ, 4 ਪੁਲਸ ਕਰਮਚਾਰੀ ਮੁਅੱਤਲ

ਨੈਸ਼ਨਲ ਡੈਸਕ 5 ਅਗਸਤ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੀਰਵਾਰ ਨੂੰ ਦੋ ਦਿਨਾਂ ਦੇ ਦੌਰੇ 'ਤੇ ਝਾਰਖੰਡ ਆਏ ਸਨ। ਇਸ ਦੌਰਾਨ ਦੇਵਘਰ 'ਚ ਏਮਜ਼ ਵਿਖੇ ਰਾਸ਼ਟਰਪਤੀ ਮੁਰਮੂ ਦੇ ਪ੍ਰੋਗਰਾਮ ਦੌਰਾਨ ਸੁਰੱਖਿਆ ਪ੍ਰਬੰਧਾਂ 'ਚ ਕੁਤਾਹੀ ਸਾਹਮਣੇ ਆਈ। ਪ੍ਰਸ਼ਾਸਨ ਨੇ ਇਸ 'ਤੇ ਸਖ਼ਤ ਕਾਰਵਾਈ ਕੀਤੀ ਹੈ। ਰਾਸ਼ਟਰਪਤੀ ਮੁਰਮੂ ਦੇ ਸੁਰੱਖਿਆ ਪ੍ਰਬੰਧਾਂ 'ਚ ਕੁਤਾਹੀ ਦੇ ਮਾਮਲੇ 'ਚ ਪ੍ਰਸ਼ਾਸਨ ਨੇ 4 ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਰਾਸ਼ਟਰਪਤੀ ਦੇ ਕਾਫਲੇ ਦੇ ਕੁਝ ਵਾਹਨਾਂ ਨੂੰ ਨਿਰਧਾਰਤ ਰਸਤੇ ਦੀ ਬਜਾਏ ਦੂਜੇ ਰਸਤੇ ਵੱਲ ਮੋੜ ਦਿੱਤਾ ਗਿਆ, ਜਿਸ ਨਾਲ ਸੁਰੱਖਿਆ ਏਜੰਸੀਆਂ 'ਚ ਦਹਿਸ਼ਤ ਪੈਦਾ ਹੋ ਗਈ। ਦੇਵਘਰ ਹਵਾਈ ਅੱਡੇ ਤੋਂ ਰਵਾਨਾ ਹੁੰਦੇ ਹੀ, ਰਾਸ਼ਟਰਪਤੀ ਦੂਜੇ ਰਸਤੇ ਤੋਂ ਗਏ ਅਤੇ ਉਨ੍ਹਾਂ ਦਾ ਕਾਫਲਾ ਵੱਖਰੇ ਰਸਤੇ 'ਤੇ ਚਲਾ ਗਿਆ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਵਿਸ਼ੇਸ਼ ਜਾਂਚ ਟੀਮ ਨੇ ਵੀਰਵਾਰ ਰਾਤ ਨੂੰ ਹੀ ਮਾਮਲੇ ਦੀ ਜਾਂਚ ਕੀਤੀ ਅਤੇ ਰਿਪੋਰਟ ਪੇਸ਼ ਕੀਤੀ।

# ਬ੍ਰਿਟਿਸ਼ ਸੰਸਦੀ ਵਫ਼ਦ ਨਾਲ ਵਿਜੇਂਦਰ ਗੁਪਤਾ ਦੀ ਸ਼ਿਸ਼ਟਾਚਾਰ ਮੁਲਾਕਾਤ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 5 ਅਗਸਤ: ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਕੱਲ੍ਹ ਬ੍ਰਿਟੇਨ ਦੀ ਸੰਸਦ ਦੀ ਉਪ-ਸਪੀਕਰ ਸ੍ਰੀਮਤੀ ਨੁਸਰਤ ਘਨੀ ਦੀ ਅਗਵਾਈ ਵਿੱਚ ਆਏ ਵਫ਼ਦ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਹ ਮੁਲਾਕਾਤ ਦਿੱਲੀ ਵਿਧਾਨ ਸਭਾ ਪਰਿਸਰ ਵਿੱਚ ਹੋਈ। ਇਸ ਮੌਕੇ 'ਤੇ ਗੁਪਤਾ ਨੇ ਕਿਹਾ, "ਭਾਰਤ ਅਤੇ ਬ੍ਰਿਟੇਨ ਵਿਚਕਾਰ ਸਾਂਝੇ ਲੋਕਤੰਤਰਿਕ ਮੁੱਲ ਅਤੇ ਇਤਿਹਾਸਕ ਸਬੰਧ ਸਾਡੀ ਆਧੁਨਿਕ ਸਾਂਝੇਦਾਰੀ ਨੂੰ ਦਿਸ਼ਾ ਦਿੰਦੇ ਹਨ।" ਉਨ੍ਹਾਂ ਨੇ ਭਾਰਤ-ਬ੍ਰਿਟੇਨ ਸਬੰਧਾਂ ਵਿੱਚ ਹੋ ਰਹੇ ਰਣਨੀਤਕ ਬਦਲਾਵਾਂ, ਜਿਵੇਂ ਕਿ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ (CETA) ਅਤੇ ਇੰਡੀਆ-ਯੂਕੇ ਵਿਜ਼ਨ 2035 ਦਾ ਜ਼ਿਕਰ ਕਰਦਿਆਂ ਕਿਹਾ ਕਿ ਦੋਵੇਂ ਦੇਸ਼ ਹੁਣ ਵਪਾਰ, ਸਿੱਖਿਆ, ਰੱਖਿਆ ਅਤੇ ਜਲਵਾਯੂ ਪਰਿਵਰਤਨ ਵਰਗੇ ਕਈ ਖੇਤਰਾਂ ਵਿੱਚ ਮਿਲ ਕੇ ਕੰਮ ਕਰ ਰਹੇ ਹਨ। ਵਫ਼ਦ ਵਿੱਚ ਸ਼ਾਮਲ ਪ੍ਰਮੁੱਖ ਵਿਅਕਤੀਆਂ ਵਿੱਚ ਹਾਊਸ ਆਫ਼ ਕਾਮਨਜ਼ ਦੀ ਕਲਰਕ ਅਸਿਸਟੈਂਟ ਸਾਰਾ ਡੇਵੀਸ, ਉਪ-ਸਪੀਕਰ ਦੀ ਨਿੱਜੀ ਸਕੱਤਰ ਅਬੀਗੇਲ ਸੈਮੁਅਲਸ, ਬ੍ਰਿਟਿਸ਼ ਹਾਈ ਕਮਿਸ਼ਨ ਵਿੱਚ ਸਿਆਸੀ ਮਾਮਲਿਆਂ ਦੀ ਮੁਖੀ ਨਟਾਲੀਆ ਲੇਹ, ਉਪ-ਮੁਖੀ ਅਲੈਕਜ਼ੈਂਡਰਾ ਨੋਅਲਸ, ਸੀਨੀਅਰ ਸਲਾਹਕਾਰ ਭਾਵਨਾ ਵਿਜ ਅਤੇ ਸਿਆਸੀ ਸਲਾਹਕਾਰ ਪਾਰੁਲ ਕਾਵੀਆ ਸ਼ਾਮਲ ਸਨ। ਮੀਟਿੰਗ ਵਿੱਚ ਸਿੱਖਿਆ ਦੇ ਖੇਤਰ ਵਿੱਚ ਸਹਿਯੋਗ ਨੂੰ ਲੈ ਕੇ ਵਿਸ਼ੇਸ਼ ਚਰਚਾ ਹੋਈ। ਗੁਪਤਾ ਨੇ ਦੱਸਿਆ ਕਿ ਵਰਤਮਾਨ ਵਿੱਚ 1.7 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ। ਉਨ੍ਹਾਂ ਨੇ ਗੁਰੂਗ੍ਰਾਮ ਵਿੱਚ ਸਾਊਥਹੈਂਪਟਨ




ਯੂਨੀਵਰਸਿਟੀ ਦੇ ਆਗਾਮੀ ਕੈਂਪਸ ਦੀ ਪਹਿਲ ਦਾ ਸਵਾਗਤ ਕੀਤਾ ਅਤੇ 2022 ਵਿੱਚ ਹੋਈ ਸਿੱਖਿਅਕ ਡਿਗਰੀਆਂ ਦੀ ਪਰਸਪਰ ਮਾਨਤਾ ਨੂੰ ਇੱਕ ਮਹੱਤਵਪੂਰਨ ਕਦਮ ਦੱਸਿਆ। ਗੁਪਤਾ ਨੇ ਦਿੱਲੀ ਵਿਧਾਨ ਸਭਾ ਦੀਆਂ ਇਤਿਹਾਸਕ ਪਹਿਲਕਦਮੀਆਂ ਬਾਰੇ ਵੀ ਵਫ਼ਦ ਨੂੰ ਜਾਣਕਾਰੀ ਦਿੱਤੀ, ਜਿਨ੍ਹਾਂ ਵਿੱਚ ਈ-ਵਿਧਾਨ ਪ੍ਰਣਾਲੀ (NeVA) ਦੇ ਜ਼ਰੀਏ ਪੂਰੀ ਤਰ੍ਹਾਂ ਪੇਪਰਲੈੱਸ ਕਾਰਜਪ੍ਰਣਾਲੀ ਅਪਣਾਉਣਾ ਅਤੇ 500 ਕਿਲੋਵਾਟ ਸੋਲਰ ਊਰਜਾ ਪਲਾਂਟ ਦੀ ਸ਼ੁਰੂਆਤ ਮੁੱਖ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਵਿਧਾਨ ਸਭਾ ਦੇਸ਼ ਦੀ ਪਹਿਲੀ ਨੈਟ-ਜ਼ੀਰੋ ਕਾਰਬਨ ਵਿਧਾਨ ਸਭਾ ਬਣ ਚੁੱਕੀ ਹੈ। ਸਪੀਕਰ ਨੇ ਇਹ ਵੀ ਦੱਸਿਆ ਕਿ ਵਿਧਾਨ ਸਭਾ ਭਵਨ, ਜੋ ਕਦੇ ਬ੍ਰਿਟਿਸ਼ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦਾ ਮੁੱਖ ਦਫਤਰ ਸੀ, ਨੂੰ ਰਾਸ਼ਟਰੀ ਵਿਰਾਸਤ ਦੇ ਰੂਪ ਵਿੱਚ ਬਹਾਲ ਕੀਤਾ ਜਾ ਰਿਹਾ ਹੈ। ਇਸ ਦਿਸ਼ਾ ਵਿੱਚ ਉਨ੍ਹਾਂ ਨੇ ਬ੍ਰਿਟਿਸ਼ ਕੌਂਸਲ ਤੋਂ ਇਤਿਹਾਸਕ ਦਸਤਾਵੇਜ਼ ਉਪਲਬਧ ਕਰਵਾਉਣ ਦੀ ਬੇਨਤੀ ਕੀਤੀ ਤਾਂ ਜੋ ਇਸ ਸੰਸਥਾ ਦੀ ਸ਼ਾਨਦਾਰ ਵਿਰਾਸਤ ਨੂੰ ਸੰਭਾਲਿਆ ਜਾ ਸਕੇ। ਵਫ਼ਦ ਦੀ ਸ੍ਰੀਮਤੀ ਨੁਸਰਤ ਘਨੀ ਨੇ ਦਿੱਲੀ ਵਿਧਾਨ ਸਭਾ ਦੀ ਮੇਜ਼ਬਾਨੀ ਅਤੇ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸੰਸਥਾ ਨਾ ਸਿਰਫ਼ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹੈ, ਸਗੋਂ 21ਵੀਂ ਸਦੀ ਦੀ ਲੋਕਤੰਤਰਿਕ ਅਤੇ ਸਥਿਰ ਸ਼ਾਸਨ ਵਿਵਸਥਾ ਦਾ ਆਦਰਸ਼ ਵੀ ਪੇਸ਼ ਕਰ ਰਹੀ ਹੈ। ਉਨ੍ਹਾਂ ਨੇ ਸੰਸਦਾਂ ਵਿਚਕਾਰ ਆਪਸੀ ਸਹਿਯੋਗ ਅਤੇ ਜਨਤਾ ਨਾਲ ਸੰਵਾਦ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ ਦਾ ਸਮਾਪਨ ਲੋਕਤੰਤਰਿਕ ਮੁੱਲਾਂ ਅਤੇ ਸੰਸਥਾਗਤ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਸੰਕਲਪ ਨਾਲ ਹੋਇਆ। ਇਹ ਸੰਵਾਦ ਭਾਰਤ ਅਤੇ ਬ੍ਰਿਟੇਨ ਦੇ ਸੰਸਦੀ ਸਬੰਧਾਂ ਨੂੰ ਨਵੇਂ ਆਯਾਮ ਦੇਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

## ਭਗਵਾਨ ਦੇ ਦਰਸ਼ਨਾਂ ਲਈ ਨਿਕਲਿਆ ਭਾਰਤੀ ਪਰਿਵਾਰ

ਵਾਸ਼ਿੰਗਟਨ 5 ਅਗਸਤ। ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਅਮਰੀਕਾ ਦੇ ਨਿਊਯਾਰਕ ਵਿੱਚ ਇੱਕ ਮੰਦਰ ਲਈ ਨਿਕਲੇ ਇੱਕ ਹਿੰਦੂ ਪਰਿਵਾਰ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਇਹ ਯਾਤਰਾ ਉਨ੍ਹਾਂ ਦੀ ਜ਼ਿੰਦਗੀ ਦੀ ਆਖਰੀ ਯਾਤਰਾ ਸਾਬਤ ਹੋਵੇਗੀ। ਮਾਰਸ਼ਲ ਕਾਉਂਟੀ ਸ਼ੈਰਿਫ ਮਾਈਕ ਡੋਹਰਟੀ ਨੇ ਦੱਸਿਆ ਕਿ ਨਿਊਯਾਰਕ ਦੇ ਭਾਰਤੀ ਮੂਲ ਦੇ ਇਕ ਪਰਿਵਾਰ ਦੇ ਚਾਰ ਮੈਂਬਰ, ਜੋ ਪੱਛਮੀ ਵਰਜੀਨੀਆ ਵਿੱਚ ਇੱਕ ਅਧਿਆਤਮਿਕ ਸਥਾਨ ਜਾਂਦੇ ਸਮੇਂ ਲਾਪਤਾ ਹੋ ਗਏ ਸਨ, ਸ਼ਨੀਵਾਰ ਨੂੰ ਮ੍ਰਿਤਕ ਪਾਏ ਗਏ। ਪੀੜਤਾਂ ਦੀ ਪਛਾਣ ਆਸ਼ਾ ਦੀਵਾਨ (85), ਕਿਸ਼ੋਰ ਦੀਵਾਨ (89), ਸ਼ੈਲੇਸ਼ ਦੀਵਾਨ (86) ਅਤੇ ਗੀਤਾ ਦੀਵਾਨ (84) ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਹੈ ਕਿ ਪਰਿਵਾਰ 2009 ਦੀ ਲਾਈਮ ਹਰੇ ਰੰਗ ਦੀ ਟੋਇਟਾ ਕੈਮਰੀ ਕਾਰ ਵਿੱਚ ਬਫੇਲੋ ਸ਼ਹਿਰ ਤੋਂ ਪੱਛਮੀ ਵਰਜੀਨੀਆ ਦੇ ਮਾਰਸ਼ਲ ਕਾਉਂਟੀ ਵਿੱਚ ਪ੍ਰਭੂਪਦਾ ਪੈਲੇਸ ਆਫ਼ ਗੋਲਡ ਜਾ ਰਿਹਾ ਸੀ, ਜਿਸਦਾ ਨਿਊਯਾਰਕ ਨੰਬਰ EKW2611 ਸੀ। ਸ਼ੈਰਿਫ ਨੇ ਕਿਹਾ ਕਿ ਪੀੜਤ ਅਤੇ ਹਾਦਸਾਗ੍ਰਸਤ ਵਾਹਨ ਸ਼ਨੀਵਾਰ ਰਾਤ ਨੂੰ ਲਗਭਗ 9:30 ਵਜੇ (ਸਥਾਨਕ ਸਮੇਂ) ਬਿਗ ਵ?ਹੀਲਿੰਗ ਕਰੀਕ ਰੋਡ 'ਤੇ ਇੱਕ ਖੜ੍ਹੀ ਢਲਾਣ ਦੇ ਨੇੜੇ ਮਿਲੇ। ਉਨ੍ਹਾਂ ਅੱਗੇ ਕਿਹਾ,

## ਸਰਕਾਰ ਨੇ ਜਲੰਧਰ ਸਿਵਲ ਹਸਪਤਾਲ ਘਟਨਾ 'ਚ ਮੁਅੱਤਲ ਅਧਿਕਾਰੀਆਂ ਦਾ ਹੈੱਡਕੁਆਰਟਰ ਚੰਡੀਗੜ੍ਹ ਰੱਖਿਆ

ਚੰਡੀਗੜ੍ਹ/ਜਲੰਧਰ 5 ਅਗਸਤ। ਜਲੰਧਰ ਦੇ ਸਿਵਲ ਹਸਪਤਾਲ 'ਚ ਆਕਸੀਜਨ ਦੀ ਸਪਲਾਈ ਬੰਦ ਹੋਣ ਨਾਲ 3 ਗ਼ਰੀਬ ਲੋਕਾਂ ਦੀ ਹੋਈ ਮੌਤ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਸੀ, ਉਨ੍ਹਾਂ ਦਾ ਹੈੱਡਕੁਆਰਟਰ ਮੁਅੱਤਲੀ ਦੀ ਮਿਆਦ 'ਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਸੈਕਟਰ-34, ਚੰਡੀਗੜ੍ਹ 'ਚ ਸਥਿਤ ਡਾਇਰੈਕਟਰ ਦਫਤਰ ਰੱਖਿਆ ਗਿਆ ਹੈ। ਸਿਹਤ ਸਕੱਤਰ ਵੱਲੋਂ ਇਸ ਸਬੰਧੀ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਜਲੰਧਰ ਦੇ ਸਿਵਲ ਸਰਜਨ ਡਾ. ਗੁਰਮੀਤ ਲਾਲ ਆਪਣੇ ਮੌਜੂਦਾ ਅਹੁਦੇ ਦੇ ਨਾਲ-ਨਾਲ ਹੁਣ ਸਿਵਲ ਹਸਪਤਾਲ ਦੇ ਮੈਡੀਕਲ ਸੁਪ੍ਰਿੰਟੈਂਡੈਂਟ ਦਾ ਕਾਰਜ ਭਾਰ ਵੀ ਵੇਖਣਗੇ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਡਿਊਟੀ 'ਚ ਘੋਰ ਲਾਪਰਵਾਹੀ ਵਰਤਣ ਕਾਰਨ ਸਰਕਾਰ ਨੇ ਸਿਵਲ ਹਸਪਤਾਲ ਜਲੰਧਰ ਦੇ ਸੁਪ੍ਰਿੰਟੈਂਡੈਂਟ ਡਾ. ਰਾਜਕੁਮਾਰ ਬੱਧਨ, ਸੀਨੀਅਰ ਮੈਡੀਕਲ ਅਫਸਰ ਡਾ. ਸੁਰਜੀਤ ਸਿੰਘ ਤੇ ਡਾ. ਸੋਨਾਕਸ਼ੀ, ਕੰਸਲਟੈਂਟ ਨੂੰ ਭਾਰਤੀ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 4(2) ਅਧੀਨ ਸਸਪੈਂਡ ਕੀਤਾ ਸੀ। ਸਿਵਲ ਹਸਪਾਲ ਜਲੰਧਰ 'ਚ ਅਜੇ ਸਥਾਈ ਤੌਰ 'ਤੇ ਮੈਡੀਕਲ ਸੁਪ੍ਰਿੰਟੈਂਡੈਂਟ ਦੀ ਨਿਯੁਕਤੀ ਨਹੀਂ ਕੀਤੀ ਗਈ। ਸੰਭਵ ਕੌਰ 'ਤੇ ਸਰਕਾਰ ਇਸ ਅਹੁਦੇ ਲਈ ਕਿਸੇ ਯੋਗ ਅਧਿਕਾਰੀ ਦੀ ਭਾਲ ਕਰ ਰਹੀ ਹੋਵੇਗੀ। ਜਲੰਧਰ ਦਾ ਸਿਵਲ ਹਸਪਤਾਲ ਪੰਜਾਬ ਦੇ ਪ੍ਰਮੁੱਖ ਵੱਡੇ ਸਰਕਾਰੀ ਹਸਪਤਾਲਾਂ ਵਿਚੋਂ ਇਕ ਹੈ ਪਰ ਪਿਛਲੇ 2 ਸਾਲਾਂ ਤੋਂ ਸਿਵਲ ਹਸਪਾਲ 'ਚ ਮੈਡੀਕਲ ਸੁਪ੍ਰਿੰਟੈਂਡੈਂਟ ਵਿਵਾਦਾਂ ਦੇ ਘੇਰੇ ਵਿਚ ਰਹੇ ਹਨ। ਸਿਵਲ ਹਸਪਤਾਲ ਦੇ ਸਾਰੇ ਵਿਭਾਗਾਂ ਨੂੰ ਲੈ ਕੇ ਕੋਈ ਨਾ ਕੋਈ ਵਿਵਾਦ ਪੈਦਾ ਹੁੰਦਾ ਰਿਹਾ ਹੈ। ਇੱਥੇ ਨਿਯੁਕਤੀਆਂ ਨੂੰ ਲੈ ਕੇ ਸਮੇਂ-ਸਮੇਂ 'ਤੇ ਸਵਾਲੀਆ ਨਿਸ਼ਾਨ ਉੱਠਦੇ ਰਹੇ ਹਨ।

## ਸਰਕਾਰੀ ਡਾਕਟਰਾਂ ਨੂੰ ਦਵਾਈ ਡਿਸਪੈਂਸਰੀ ਤੋਂ ਹੀ ਮੁਹੱਈਆ ਕਰਵਾਉਣ ਦੇ ਹੁਕਮ

ਕੌਮੀ ਪਤ੍ਰਿਕਾ

ਅੰਮ੍ਰਿਤਸਰ 5 ਅਗਸਤ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸਿਵਲ ਹਸਪਤਾਲ ਅੰਮ੍ਰਿਤਸਰ ਦਾ ਅਚਾਨਕ ਦੌਰਾ ਕੀਤਾ ਅਤੇ ਐਮਰਜੈਂਸੀ ਵਾਰਡ ਦੀ ਚੈਕਿੰਗ ਕਰਦਿਆਂ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣਦੇ ਹੋਏ ਤੁਰੰਤ ਹੀ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਇੰਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਤੁਰੰਤ ਕੀਤਾ ਜਾਵੇ ਅਤੇ ਕਿਸੇ ਵੀ ਮਰੀਜ਼ ਨੂੰ ਕੋਈ ਪ੍ਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਡੀ. ਸੀ ਨੇ ਉਥੇ ਚੱਲ ਰਹੇ ਆਕਸੀਜਨ ਪਲਾਂਟ ਦਾ ਨਿਰੀਖਣ ਕਰਦੇ ਹੋਏ ਸੰਬੰਧਤ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਉਹ ਸਮੇਂ-ਸਮੇਂ ਸਿਰ ਆਕਸੀਜਨ ਪਲਾਂਟ ਦੀ ਜਾਂਚ ਕਰਵਾਉਣ ਤਾਂ ਜੋ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ। ਡੀ. ਸੀ ਨੇ ਹਸਪਾਲ ਵਿਖੇ ਇਲਾਜ ਕਰਵਾਉਣ ਵਾਲੇ ਮਰੀਜਾਂ ਕੋਲੋ ਹਸਪਤਾਲ ਅੰਦਰੋ ਹੀ ਦਵਾਈ ਲੈਣ ਸੰਬੰਧੀ ਫੀਡ ਬੈਕ ਵੀ ਲਈ ਗਈ ਅਤੇ ਡਾਕਟਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਹਸਪਤਾਲ ਵਿਖੇ ਆਉਣ ਵਾਲੇ ਮਰੀਜਾਂ ਨੂੰ ਦਵਾਈ ਹਸਪਤਾਲ ਤੋਂ ਹੀ ਮਿਲੇ ਤਾਂ ਜੋ ਉਨ੍ਹਾਂ ਨੂੰ ਦਵਾਈ ਲਈ ਬਾਹਰ ਨਾ ਜਾਣਾ ਪਵੇ। ਡੀ. ਸੀ ਨੇ ਹਸਪਤਾਲ ਦੇ ਸਟਾਫ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਇੱਥੇ ਇਲਾਜ ਕਰਵਾਉਣ ਆਏ ਹੋਏ ਮਰੀਜ਼ਾਂ ਨਾਲ ਹਲੀਮੀ ਨਾਲ ਪੇਸ਼ ਆਇਆ ਜਾਵੇ। ਡੀ. ਸੀ ਨੇ ਸਿਵਲ ਹਸਪਤਾਲ



ਦਾ ਨਿਰੀਖਣ ਕਰਦਿਆਂ ਪਾਣੀ ਦੀ ਲੀਕੇਜ਼ ਨੂੰ ਦੇਖਦੇ ਹੋਏ ਤੁਰੰਤ ਹੀ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਫੋਨ ਕਰ ਕੇ ਹਦਾਇਤ ਕੀਤੀ ਕਿ ਅੱਜ ਹੀ ਪਾਣੀ ਦੀ ਲੀਕੇਜ਼ ਨੂੰ ਠੀਕ ਕੀਤਾ ਜਾਵੇ। ਉਨ੍ਹਾਂ ਸਿਵਲ ਹਸਪਤਾਲ ਦੀ ਸੀਨੀਅਰ ਮੈਡੀਕਲ ਅਧਿਕਾਰੀ ਡਾ. ਰਸ਼ਮੀ ਨੂੰ ਹਦਾਇਤ ਕੀਤੀ ਕਿ ਹਸਪਤਾਲ ਅੰਦਰ ਸਾਫ-ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ। ਉਨ੍ਹਾਂ ਸੀਨੀਅਰ ਮੈਡੀਕਲ ਅਫਸਰ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਐਮਰਜੈਂਸੀ ਵਾਰਡ ਦੇ ਬਾਹਰਵਾਰ ਕੋਈ ਵਾਹਨ ਪਾਰਕ ਨਹੀ ਹੋਣਾ ਚਾਹੀਦਾ ਤਾਂ ਜੋ ਐਮਰਜੈਂਸੀ ਵਾਰਡ ਵਿਚ ਆਉਣ ਵਾਲੇ ਮਰੀਜਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਨੇ ਸਿਵਲ ਹਸਪਤਾਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਵੀ ਲਿਆ ਅਤੇ ਸਾਰੇ ਵਿਕਾਸ ਕਾਰਜਾਂ ਨੂੰ ਸਮੇ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਮਰੀਜ਼ ਨੂੰ ਰੈਫਰ ਕਰਨ ਤੋਂ ਪਹਿਲਾਂ ਡਾਕਟਰਾਂ ਤਾਂ ਹੋਣਾ ਚਾਹੀਦਾ ਹੈ ਆਪਸੀ ਤਾਲਮੇਲ : ਡੀ. ਸੀ ਨੇ ਸਿਵਲ ਹਸਪਤਾਲ ਅਤੇ ਗੁਰੂ ਨਾਨਕ ਦੇਵ ਹਸਪਤਾਲ ਦੇ ਡਾਕਟਰਾਂ ਨਾਲ ਮੀਟਿੰਗ ਕਰਦੇ ਹੋਏ ਕਿਹਾ ਕਿ ਜਦੋ ਵੀ ਸਿਵਲ ਹਸਪਤਾਲ ਤੋਂ ਕਿਸੇ ਮਰੀਜ਼ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਰੈਫਰ ਕੀਤਾ ਜਾਂਦਾ ਹੈ ਤਾਂ ਸੰਬੰਧਤ ਡਾਕਟਰ ਵਲੋਂ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਨਾਲ ਤਾਲਮੇਲ ਕੀਤਾ ਜਾਵੇ ਅਤੇ ਰੈਫਰ ਕੀਤੇ ਜਾਣ ਵਾਲੇ ਮਰੀਜ਼ ਨੂੰ ਐਂਬੂਲੈਂਸ ਰਾਹੀ ਹੀ ਸਿਫਟ ਕੀਤਾ ਜਾਵੇ।

# 'ਬਿਹਾਰ-ਨਿਤੀਸ਼ ਸਰਕਾਰ ਨੇ ਖੋਲ੍ਹਿਆ' ਲੋਕ-ਲੁਭਾਊ ਵਾਅਦਿਆਂ ਦਾ ਪਿਟਾਰਾ !

ਕੌਮੀ ਪਤ੍ਰਿਕਾ

ਨਵੀਂ ਦਿੱਲੀ 5 ਅਗਸਤ। ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਪਾਰਟੀਆਂ ਵੋਟਰਾਂ ਨੂੰ ਲੁਭਾਉਣ ਲਈ ਲਾਲਚਾਂ ਦਾ ਪਿਟਾਰਾ ਖੋਲ੍ਹ ਦਿੰਦੀਆਂ ਹਨ। ਸਰਕਾਰਾਂ ਵੱਖ-ਵੱਖ ਰਿਆਇਤਾਂ ਅਤੇ ਸਹੂਲਤਾਂ ਦਾ ਐਲਾਨ ਕਰਨ ਤੋਂ ਇਲਾਵਾ ਮਹਿਲਾ ਵੋਟਰਾਂ ਨੂੰ ਲੁਭਾਉਣ ਲਈ ਟੈਲੀਵਿਜ਼ਨ, ਸਾੜ੍ਹੀਆਂ, ਲੈਪਟਾਪ, ਮੰਗਲਸੂਤਰ, ਚੌਲ, ਆਟਾ, ਸ਼ਰਾਬ, ਨਕਦੀ ਅਤੇ ਇੱਥੋਂ ਤੱਕ ਕਿ ਸੈਨੇਟਰੀ ਨੈਪਕਿਨ ਤੱਕ ਦਿੰਦੀਆਂ ਹਨ। ਹੁਣ ਜਦੋਂ ਇਸ ਸਾਲ ਬਿਹਾਰ ਵਿਚ ਚੋਣਾਂ ਹੋਣ ਵਾਲੀਆਂ ਹਨ, ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਜਦ (ਯੂ)-ਭਾਜਪਾ ਗੱਠਜੋੜ ਸਰਕਾਰ ਨੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਹੋਰ ਅਨੇਕ ਲੋਕ-ਲੁਭਾਊ ਐਲਾਨਾਂ ਦੀ ਬਰਸਾਤ ਕਰ ਦਿੱਤੀ ਹੈ। ਨਿਤੀਸ਼ ਕੁਮਾਰ ਨੇ 1 ਅਗਸਤ, 2025 ਤੋਂ ਸਾਰੇ ਘਰੇਲੂ ਖਪਤਕਾਰਾਂ ਨੂੰ 125 ਯੂਨਿਟ ਤੱਕ ਮੁਫਤ ?ਬਜਲੀ ਦੇਣ ਦਾ ਐਲਾਨ ਕੀਤਾ ਹੈ। ਇਸ ਨਾਲ 1.67 ਲੱਖ ਪਰਿਵਾਰਾਂ ਨੂੰ ਲਾਭ ਪਹੁੰਚੇਗਾ। ਇਹ ਯੋਜਨਾ ਇਸ ਸਮੇਂ ਦੇਸ਼ ਦੇ ਹੋਰ ਸੂਬਿਆਂ 'ਚ ਲਾਗੂ ਹੈ। 'ਕੁਟੀਰ ਜਿਓਤੀ' ਯੋਜਨਾ ਤਹਿਤ ਬਿਹਾਰ ਸਰਕਾਰ ਨੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ 58 ਲੱਖ ਪਰਿਵਾਰਾਂ ਨੂੰ ਮੁਫਤ 'ਚ 'ਰੂਫ ਟਾਪ ਸੋਲਰ ਪੈਨਲ' ਲਗਾਉਣ ਦੀ ਸਹੂਲਤ ਪ੍ਰਦਾਨ ਕਰਨ ਦਾ ਐਲਾਨ ਕੀਤਾ ਹੈ। ਇਕ ਨਵੀਂ 'ਇੰਟਰਨਸ਼ਿਪ ਸਹਾਇਤਾ ਯੋਜਨਾ' ਤਹਿਤ 18 ਤੋਂ 28 ਸਾਲ ਦੀ ਉਮਰ ਤੱਕ ਦੇ ਨੌਜਵਾਨਾਂ ਨੂੰ ਇੰਟਰਨਸ਼ਿਪ ਕਰਨ ਲਈ ਉਨ੍ਹਾਂ ਦੀ ਵਿੱਦਿਅਕ ਯੋਗਤਾ ਦੇ ਆਧਾਰ 'ਤੇ 4000 ਤੋਂ 6000 ਰੁਪਏ ਮਹੀਨਾ ਤੱਕ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਵਿਆਪਕ ਪੱਧਰ 'ਤੇ ਅਧਿਆਪਕਾਂ ਦੀ ਨਿਯੁਕਤੀ ਕਰਨ ਦਾ ਐਲਾਨ ਕਰਦੇ ਹੋਏ 2025 ਤੋਂ 2030 ਦੇ ਵਿਚਕਾਰ ਅਗਲੇ 5 ਸਾਲਾਂ ਵਿਚ 1 ਕਰੋੜ ਨੌਕਰੀਆਂ ਦੇਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ। ਸਥਾਨਕ ਨੌਜਵਾਨਾਂ ਨੂੰ ?ਨੱਜੀ ਖੇਤਰ ਦੇ ਰੋਜ਼ਗਾਰਾਂ 'ਚ ਪਹਿਲ ?ਦਵਾਉਣ ਅਤੇ ਦੂਜਿਆਂ ਸੂਬਿਆਂ 'ਚ ਰਹਿ ਕੇ ਪੜ੍ਹਾਈ ਕਰਨ ਵਾਲੇ ਨੌਜਵਾਨਾਂ ਦੇ ?ਹੱਤਾਂ ਦੀ ?ਨਗਰਾਨੀ ਕਰਨ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਨਿਤੀਸ਼ ਕੁਮਾਰ ਨੇ 'ਬਿਹਾਰ ਯੁਵਾ ਆਯੋਗ' ਕਾਇਮ ਕਰਨ ਦਾ ਐਲਾਨ ਕੀਤਾ ਹੈ। ਬਿਹਾਰ ਦੀਆਂ ਮੂਲ ?ਨਵਾਸੀ ਮਹਿਲਾਵਾਂ ਨੂੰ ਸੂਬੇ ਦੀਆਂ ਹਰੇਕ ਤਰ੍ਹਾਂ ਦੀਆਂ ਸਰਕਾਰੀ ਨੌਕਰੀਆਂ 'ਚ 35 ਫੀਸਦੀ ਰਾਖਵਾਂਕਰਨ ਦੇਣ ਦੇ ਇਲਾਵਾ ਮਹਿਲਾਵਾਂ ਨੂੰ ਬੱਸਾਂ 'ਚ ਖੜ੍ਹੇ ਹੋ ਕੇ ਯਾਤਰਾ ਨਾ ਕਰਨੀ ਪਵੇ, ਇਸ ਦੇ ਲਈ ਸੂਬੇ



ਦੀਆਂ ਬੱਸਾਂ 'ਚ ਪਹਿਲੀਆਂ 4 ਕਤਾਰਾਂ ਦੀਆਂ ਸੀਟਾਂ ਮਹਿਲਾਵਾਂ ਲਈ ?ਰਜ਼ਰਵ ਕਰਨ ਦਾ ਵਾਅਦਾ ਕੀਤਾ ?ਗਆ ਹੈ। 'ਆਸ਼ਾ' ਵਰਕਰਾਂ ਦਾ ਮਾਣਭੱਤਾ 1000 ਰੁਪਏ ਤੋਂ ਵਧਾ ਕੇ 3000 ਰੁਪਏ ਅਤੇ 'ਮਮਤਾ' ਵਰਕਰਾਂ ਦਾ ਮਾਣਭੱਤਾ 300 ਰੁਪਏ ਤੋਂ ਵਧਾ ਕੇ 600 ਰੁਪਏ ਪ੍ਰਤੀ ਡਲਿਵਰੀ ਕਰ ਦਿੱਤਾ ਗਿਆ ਹੈ। 'ਸਮਾਜਿਕ ਸੁਰੱਖਿਆ ਪੈਨਸ਼ਨ' ਵੀ 400 ਰੁਪਏ ਤੋਂ ਵਧਾ ਕੇ 1100 ਰੁਪਏ ਕਰਨ ਦਾ ਐਲਾਨ ਕੀਤਾ ਗਿਆ ਹੈ। ਸਫਾਈ ਕਰਮਚਾਰੀਆਂ ਦੇ ਮੁੜ-ਵਸੇਬੇ ਅਤੇ ਸਮਾਜਿਕ ਤਰੱਕੀ ਲਈ ਕੰਮ ਕਰਨ ਤੋਂ ਇਲਾਵਾ ਉਨ੍ਹਾਂ ਨਾਲ ਜੁੜੀਆਂ ਸਾਰੀਆਂ ਯੋਜਨਾਵਾਂ ਦੀ ਸਮੀਖਿਆ ਕਰਕੇ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ 'ਬਿਹਾਰ ਰਾਜ ਸਫਾਈ ਕਰਮਚਾਰੀ ਕਮਿਸ਼ਨ' ਦਾ ਗਠਨ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਸਿੱਖਿਆ ਵਿਭਾਗ ਅਧੀਨ ਕੰਮ ਕਰਨ ਵਾਲੇ ਰਸੋਈਏ, ਨਾਈਟ ਗਾਰਡਾਂ ਅਤੇ ਸਰੀਰਕ ਸਿੱਖਿਆ ਅਧਿਆਪਕਾਂ (ਫਿਜ਼ੀਕਲ ਟ?ਰੇਨਿੰਗ ਇੰਸਟ?ਰਕਟਰਾਂ) ਦੇ ਮਾਣਭੱਤੇ ਵਿਚ ਵੀ ਵਾਧੇ ਦਾ ਐਲਾਨ ਕੀਤਾ ਗਿਆ ਹੈ। ਬਿਹਾਰ ਤੋਂ ਬਾਹਰ ਦੂਜੇ ਰਾਜਾਂ ਵਿਚ ਕੰਮ ਕਰਨ ਵਾਲੇ ਲੱਖਾਂ ਬਿਹਾਰੀ ਪ੍ਰਵਾਸੀਆਂ ਨੂੰ ਤਿਉਹਾਰਾਂ ਦੌਰਾਨ ਘਰ ਪਰਤਣ ਲਈ ਆਰਥਿਕ ਸਹਾਇਤਾ ਦੇਣ ਦੀ ਯੋਜਨਾ ਦਾ ਐਲਾਨ ਵੀ ਕੀਤਾ ?ਗਆ ਹੈ। ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ 'ਸੀਤਾਮੜ੍ਹੀ' ਜ਼ਿਲੇ ਦੇ 'ਪੁਨੌਰਾ ਧਾਮ' ਵਿਚ 'ਮਾਂ ਜਾਨਕੀ ਜਨਮਭੂਮੀ ਮੰਦਰ' ਦੇ ਨਵੀਨੀਕਰਨ ਲਈ 882 ਕਰੋੜ ਰੁਪਏ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਹੈ। ਬਿਹਾਰ ਦੇ ਮਾਨਤਾ ਪ੍ਰਾਪਤ ਪੱਤਰਕਾਰਾਂ ਦੀ ਪੈਨਸ਼ਨ ਰਾਸ਼ੀ ਵੀ ਮੌਜੂਦਾ 6,000 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 15,000 ਰੁਪਏ ਕਰਨ ਦਾ ਵੀ ਐਲਾਨ ਕੀਤਾ ਗਿਆ ਹੈ। ਸਪੱਸ਼ਟ ਤੌਰ 'ਤੇ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਚੋਣਾਂ ਦੇ ਨੇੜੇ ਆਉਣ 'ਤੇ ਇਸ ਤਰ੍ਹਾਂ ਦੇ ਕਦਮ ਚੁੱਕਦੀਆਂ ਹਨ ਤਾਂ ਕਿ ਵੋਟਰਾਂ ਨੂੰ ਉਨ੍ਹਾਂ ਦੁਆਰਾ ਦਿੱਤੀਆਂ ਗਈਆਂ ਸਹੂਲਤਾਂ ਯਾਦ ਰਹਿਣ ਅਤੇ ਉਹ ਵੋਟ ਪਾਉਣ ਸਮੇਂ ਉਨ੍ਹਾਂ ਦੇ ਪੱਖ ਵਿਚ ਵੋਟ ਦੇ ਕੇ ਇਸ ਦਾ ਬਦਲਾ ਚੁਕਾ ਦੇਣ। ਇਸ ਲਈ ਜਨਤਾ ਨੂੰ ਦੇਖਣਾ ਚਾਹੀਦਾ ਹੈ ਕਿ ਪਿਛਲੀ ਵਾਰ ਪਾਰਟੀ ਨੇ ਆਪਣੇ ਵਾਅਦੇ ਪੂਰੇ ਕੀਤੇ ਹਨ ਜਾਂ ਨਹੀਂ ਅਤੇ ਜੇਕਰ ਪੂਰੇ ਨਹੀਂ ਕੀਤੇ ਤਾਂ ਜਨਤਾ ਨੂੰ ਅਜਿਹੇ ਨੇਤਾਵਾਂ ਅਤੇ ਪਾਰਟੀਆਂ ਦਾ ਬਾਈਕਾਟ ਕਰਕੇ ਉਨ੍ਹਾਂ ਦੀ ਜਗ?ਹਾ ਚੰਗਾ ਕੰਮ ਕਰਨ ਵਾਲਿਆਂ ਨੂੰ ਚੁਣਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੁਆਰਾ ਕੀਤੇ ਗਏ ਚੰਗੇ-ਚੰਗੇ ਵਾਅਦਿਆਂ ਨਾਲ ਜਨਤਾ ਦੇ ਜੀਵਨ ਵਿਚ ਕੁਝ ਸੁਧਾਰ ਆਵੇ।